ਜਨਵਰੀ-ਮਾਰਚ 2008 10 ਰੁਪਏ


ਲਲਕਾਰ


ਤਬਦੀਲੀ ਪਸੰਦ ਵਿਦਿਆਰਥੀ-ਨੌਜਵਾਨਾਂ ਦਾ ਮੈਗਜੀਨ





- ਸ਼ਹੀਦ ਭਗਤ ਸਿੰਘ ਨੂੰ ਯਾਦ ਕਰਨ ਦੇ ਅਰਥ
- ਗੁਜਰਾਤ 2002 ਦਾ ਖੌਫ਼ਨਾਕ ਸੱਚ





‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

■ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲਿਆਂ ਲਈ ਰੌਸ਼ਨੀ ਦੀ ਕਿਰਨ ਹੈ।ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

■ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ।ਅਥਾਹ ਦੁੱਖਾਂ ਦੇ ਸਾਗਰ ਵਿਚੋਂ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੁੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ।ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ।ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਵਿਦਿਆਰਥੀ-ਨੌਜਵਾਨਾਂ ਦੀ ਤਿਮਾਹੀ ਮੈਗਜ਼ੀਨ

ਸਾਲ 2, ਪੁਸਤਕ ਲੜੀ-3,
ਜਨਵਰੀ-ਮਾਰਚ 2008

ਸੰਪਾਦਕ ਮੰਡਲ
ਰਾਜਵਿੰਦਰ/ਨਵਕਾਸ਼ਦੀਪ/ਲਖਵਿੰਦਰ

ਇੱਕ ਕਾਪੀ ਦੀ ਕੀਮਤ
ਦਸ ਰੁਪਏ
ਸਾਲਾਨਾ
ਚਾਲ੍ਹੀ ਰੁਪਏ (ਡਾਕ ਖਰਚ ਸਹਿਤ ਪੰਜਾਹ ਰੁਪਏ)

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਲਲਕਾਰ c/o ਅਜੇ ਪਾਲ, ਪਿੰਡ ਅਤੇ ਡਾਕਘਰ-ਪੱਖੋਵਾਲ, ਤਹਿ. - ਰਾਏਕੋਟ, ਜ਼ਿਲ੍ਹਾ-ਲੁਧਿਆਣਾ-141108, (**ਫੋਨ :- ਅਜੇ ਪਾਲ : 94634-51849**)
e-mail : lalkaar08 @rediffmail.com

ਸੰਪਾਦਕੀ



23 ਮਾਰਚ ਸ਼ਹਾਦਤ ਦਿਵਸ 'ਤੇ

ਭਗਤ ਸਿੰਘ ਨੂੰ ਯਾਦ ਕਰਨ ਦੇ ਅਰਥ

ਲੁਟੇਰੀਆਂ ਹਾਕਮ ਜਮਾਤਾਂ ਦੇ ਬੁੱਧੀਜੀਵੀਆਂ, ਰਾਜਨੀਤਕ ਪ੍ਰਤੀਨਿਧੀਆਂ ਦੀ ਹਮੇਸ਼ਾਂ ਹੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਲੋਕਾਂ ਦੇ ਮਹਾਨ ਨਾਇਕਾਂ ਅਤੇ ਸ਼ਹੀਦਾਂ ਦੀਆਂ ਯਾਦਾਂ ਨੂੰ ਬੁੱਤਾਂ-ਹਾਰਾਂ ਜ਼ਰੀਏ ਘਸੇ ਹੋਏ ਸਿੱਕਿਆਂ ਵਿੱਚ ਤਬਦੀਲ ਕਰ ਦੇਣ ਅਤੇ ਰਸਮਾਂ ਦੀ ਚਮਕ-ਦਮਕ ਅਤੇ ਸ਼ੋਰ-ਸ਼ਰਾਬੇ ਵਿੱਚ ਉਹਨਾਂ ਦੇ ਮਹਾਨ ਵਿਚਾਰਾਂ ਨੂੰ ਅੱਖੋਂ ਉਹਲੇ ਕਰ ਦੇਣ। ਇਨਕਲਾਬੀ ਵਿਰਾਸਤ ਨੂੰ ਜੇ ਲੋਕਾਂ ਦੇ ਮਨਾਂ 'ਚੋਂ ਮਿਟਾ ਨਹੀਂ ਪਾਉਂਦੇ ਤਾਂ ਇਨਕਲਾਬੀਆਂ ਨੂੰ ਦੇਵ ਮੂਰਤੀਆਂ ਵਿੱਚ ਬਦਲ ਕੇ ਉਹਨਾਂ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਮਹਾਨ ਵਿਚਾਰਕ ਇਨਕਲਾਬੀ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨਾਲ਼ ਵੀ ਇਹੀ ਹੁੰਦਾ ਆਇਆ ਹੈ। ਸੱਤਾ-ਪੱਖੀ ਇਤਿਹਾਸਕਾਰ ਅਤੇ ਬੁੱਧੀਜੀਵੀ ਆਮ ਲੋਕਾਂ ਵਿੱਚੋਂ ਮਹਾਨ ਯੋਧੇ-ਨਾਇਕ ਦੇ ਰੂਪ ਵਿੱਚ ਬਣੀ ਭਗਤ ਸਿੰਘ ਦੀ ਦਿੱਖ ਨੂੰ ਕਿਸੇ ਤਰ੍ਹਾਂ ਵੀ ਮਿਟਾ ਨਹੀਂ ਸਕਦੇ ਸੀ। ਇਸ ਲਈ ਉਹਨਾਂ ਦੀ ਕੋਸ਼ਿਸ਼ ਹਮੇਸ਼ਾਂ ਹੀ ਇਹ ਰਹੀ ਹੈ ਕਿ ਉਹਨਾਂ ਦੀ ਬਹਾਦਰੀ ਅਤੇ ਮਾਣ ਭਰੀ ਸ਼ਹਾਦਤ ਦੀ ਪੂਜਾ ਕੀਤੀ ਜਾਵੇ, ਪਰ ਉਹਨਾਂ ਦੇ ਵਿਚਾਰਾਂ ਦੀ ਰੋਸ਼ਨੀ ਨੂੰ ਲੋਕਾਂ ਤੱਕ ਨਾ ਪਹੁੰਚਣ ਦਿੱਤਾ ਜਾਵੇ।

ਇਹ ਇਤਿਹਾਸ ਨਾਲ਼ ਇੱਕ ਧੋਖਾ ਹੈ, ਜੋ ਹਾਕਮ ਜਮਾਤ ਹਮੇਸ਼ਾਂ ਕਰਦੀ ਆਈ ਹੈ। ਇਤਿਹਾਸ ਦੀ ਇੱਕੋ-ਇੱਕ ਪ੍ਰਸੰਗਿਕਤਾ ਇਹੀ ਹੋ ਸਕਦੀ ਹੈ ਕਿ ਉਹ ਇਤਿਹਾਸ-ਨਿਰਮਾਣ ਲਈ ਲੋਕਾਂ ਨੂੰ ਪ੍ਰੇਰਿਤ-ਪ੍ਰਬੋਧਿਤ ਕਰੇ। ਅਤੀਤ ਦੀਆਂ ਯਾਦਾਂ ਭਵਿੱਖ ਲਈ ਦੇਖੇ ਗਏ ਸੁਪਨਿਆਂ ਨੂੰ ਹੋਰ ਵੱਧ ਉਤੇਜਿਤ ਕਰਦੀਆਂ ਹਨ ਅਤੇ ਫੇਰ ਉਹਨਾਂ ਨੂੰ ਸਾਕਾਰ ਕਰਨ ਵਾਲ਼ੇ ਮੁਕਤੀ-ਪ੍ਰੋਜੈਕਟ ਘੜਨ ਅਤੇ ਅਮਲ ਵਿੱਚ ਲਿਆਉਣ ਲਈ ਲੋਕਾਂ ਨੂੰ ਪ੍ਰੇਰਣਾ ਅਤੇ ਊਰਜ਼ਾ ਦਿੰਦੀਆਂ ਹਨ। ਜੇ ਅਜਿਹਾ ਨਾ ਹੋਵੇ ਤਾਂ ਇਤਿਹਾਸ ਸਿਰਫ਼ ਨਿਰਜੀਵ ਤੱਥਾਂ ਦਾ ਮੁਰਦਾਘਰ ਹੁੰਦਾ ਹੈ ਅਤੇ ਯਾਦਾਂ ਕੇਵਲ ਤੇ ਕੇਵਲ ਅਤੀਤਮੁਖੀ ਬਣਾਉਣ ਦਾ ਹੀ ਕੰਮ ਕਰਦੀਆਂ ਹਨ। ਇਹੀ ਚੀਜ਼ ਹੈ ਜਿਸ ਤੋਂ ਅੱਜ ਇਸ ਦੇਸ਼ ਦੇ ਮੁਕਤੀ ਚਾਹੁਣ ਵਾਲ਼ੇ ਨੌਜਵਾਨਾਂ ਨੇ ਬਚਣਾ ਹੈ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਮਹਿਜ਼ ਇਸ ਲਈ ਯਾਦ ਕਰਨ ਦੀ ਜ਼ਰੂਰਤ ਨਹੀਂ ਹੈ ਕਿ ਉਹਨਾਂ ਦੀ ਸ਼ਹਾਦਤ ਨੂੰ 77 ਵਰ੍ਹੇ ਪੂਰੇ ਹੋਣ ਜਾ ਰਹੇ ਹਨ ਤੇ ਹੁਣ ਭਗਤ ਸਿੰਘ ਅਤੇ ਸੁਖਦੇਵ ਦਾ 100ਵਾਂ ਜਨਮ ਵਰ੍ਹਾ ਚੱਲ ਰਿਹਾ ਹੈ। ਬਿਨਾਂ ਸ਼ੱਕ ਉਹਨਾਂ ਦੀ ਬਹਾਦਰੀ ਭਰੀ ਕੁਰਬਾਨੀ ਨੂੰ ਦੇਸ਼ ਦੇ ਲੋਕ ਕਦੇ ਵੀ ਭੁਲਾ ਨਹੀਂ ਸਕਦੇ, ਪਰ ਇਹ ਸਮਾਂ ਉਹਨਾਂ ਦੇ ਵਿਚਾਰਾਂ ਨੂੰ ਇੱਕ ਵਾਰ ਫੇਰ ਯਾਦ ਕਰਨ ਦਾ ਅਤੇ ਉਹਨਾਂ ਸੰਕਲਪਾਂ ਦੇ ਫਿਰ ਤੋਂ ਜੀ ਉੱਠਣ ਦਾ ਹੈ ਜੋ ਸਿਰਫ਼ 23-24 ਸਾਲ ਦੀ ਉਮਰ ਦੇ ਉਹਨਾਂ ਇਨਕਲਾਬੀਆਂ ਦੇ ਜੀਵਨ ਅਤੇ ਸ਼ਹਾਦਤ ਦੇ ਪ੍ਰੇਰਣਾ-ਸ੍ਰੋਤ ਸਨ। ਇਹ ਸਮਾਂ ਇਸ ਸੱਚਾਈ ਨੂੰ ਯਾਦ ਕਰਨ ਦਾ ਅਤੇ ਉਸ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਦਾ ਹੈ ਕਿ ਭਗਤ ਸਿੰਘ ਅਤੇ "ਹਿੰਦੁਸਤਾਨ ਸੋਸ਼ਲਿਸ਼ਟ ਰਿਪਬਲਿਕਨ ਐਸੋਸਿਏਸ਼ਨ" ਦੇ ਉਹਨਾਂ ਦੇ ਸਾਥੀ ਦੇਸ਼ ਨੂੰ ਕੇਵਲ ਬਰਤਾਨਵੀ ਗੁਲਾਮੀ ਦੀਆਂ ਬੇੜੀਆਂ ਤੋਂ ਹੀ ਮੁਕਤ ਨਹੀਂ ਕਰਨਾ ਚਾਹੁੰਦੇ ਸੀ, ਸਗੋਂ ਉਹ ਵਿਦੇਸ਼ੀ ਪੂੰਜੀ ਦੇ ਨਾਲ਼ ਹੀ ਦੇਸ਼ੀ ਪੂੰਜੀਪਤੀਆਂ ਦੁਆਰਾ ਕੀਤੀ ਜਾ ਰਹੀ ਲੁੱਟ ਦਾ ਵੀ ਖ਼ਾਤਮਾ ਕਰਨਾ ਚਾਹੁੰਦੇ ਸਨ। ਹਾਕਮ ਜਮਾਤ ਦੀ ਦ੍ਰਿਸ਼ਟੀ ਮੁਤਾਬਕ ਲਿਖੀਆਂ ਗਈਆਂ ਇਤਿਹਾਸ ਦੀਆਂ ਜੋ ਕਿਤਾਬਾਂ ਸਾਨੂੰ ਪੜ੍ਹਾਈਆਂ ਜਾਂਦੀਆਂ ਹਨ, ਉਹ ਸਾਨੂੰ ਕਦੇ ਨਹੀਂ ਦੱਸਦੀਆਂ ਕਿ ਭਗਤ ਸਿੰਘ ਦਾ ਸੁਪਨਾ ਭਾਰਤ ਵਿੱਚ ਸਮਾਜਵਾਦ ਦੀ ਸਥਾਪਨਾ ਦਾ ਸੁਪਨਾ ਸੀ ਅਤੇ ਉਹਨਾਂ ਦਾ ਮੰਨਣਾ ਸੀ ਕਿ ਬਹੁਗਿਣਤੀ ਕਿਰਤੀ ਅਤੇ ਆਮ ਲੋਕਾਂ ਦੀ ਅਸਲ ਮੁਕਤੀ ਕੇਵਲ ਸਮਾਜਵਾਦ ਦੇ ਅੰਦਰ, ਕੇਵਲ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੇ ਹੇਠ, ਹੀ ਸੰਭਵ ਹੋ ਸਕਦੀ ਹੈ।

ਫ਼ਾਂਸੀ ਤੋਂ ਤਿੰਨ ਦਿਨ ਪਹਿਲਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਫ਼ਾਂਸੀ ਦੀ ਬਜਾਏ ਗੋਲ਼ੀ ਨਾਲ਼ ਉਡਾਉਣ ਦੀ ਮੰਗ ਕਰਦੇ ਹੋਏ ਪੰਜਾਬ ਦੇ ਗਵਰਨਰ ਨੂੰ ਲਿਖੀ ਗਈ ਆਪਣੀ ਚਿੱਠੀ ਵਿੱਚ ਲਿਖਿਆ ਸੀ : "…..ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਯੁੱਧ ਛਿੜਿਆ ਹੋਇਆ ਹੈ ਅਤੇ ਇਹ ਯੁੱਧ ਉਦੋਂ ਤੱਕ ਚਲਦਾ ਰਹੇਗਾ, ਜਦ ਤੱਕ ਕਿ ਸ਼ਕਤੀਸ਼ਾਲੀ ਵਿਅਕਤੀ ਭਾਰਤੀ ਲੋਕਾਂ ਅਤੇ ਮਜ਼ਦੂਰਾਂ ਦੀ ਆਮਦਨ ਦੇ ਸਾਧਨਾਂ ਉੱਤੇ ਆਪਣੀ ਇਜਾਰੇਦਾਰੀ ਜਮਾਈ ਰੱਖਣਗੇ। ਚਾਹੇ ਅਜਿਹੇ ਵਿਅਕਤੀ ਅੰਗਰੇਜ਼ ਪੂੰਜੀਪਤੀ, ਅੰਗਰੇਜ਼ ਹਾਕਮ ਜਾਂ ਭਾਵੇਂ ਭਾਰਤੀ ਹੀ ਕਿਉਂ ਨਾ ਹੋਣ। ਉਹਨਾਂ ਆਪਸ ਵਿੱਚ ਮਿਲਕੇ ਇੱਕ ਲੁੱਟ ਜ਼ਾਰੀ ਕਰ ਰੱਖੀ ਹੈ। ਜੇ ਸ਼ੁੱਧ ਭਾਰਤੀ ਪੂੰਜੀਪਤੀਆਂ ਦੁਆਰਾ ਹੀ ਗਰੀਬਾਂ ਦਾ ਖ਼ੂਨ ਚੂਸਿਆ ਜਾ ਰਿਹਾ ਹੋਵੇ ਤਾਂ ਵੀ ਹਾਲਤ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਜੇਕਰ ਤੁਹਾਡੀ ਸਰਕਾਰ ਕੁੱਝ ਆਗੂਆਂ ਜਾਂ ਭਾਰਤੀ ਸਮਾਜ ਦੇ ਕੁੱਝ ਮੁਖੀਆਂ ਉੱਤੇ ਪ੍ਰਭਾਵ ਜਮਾਉਣ ਵਿੱਚ ਸਫ਼ਲ ਹੋ ਜਾਵੇ, ਕੁੱਝ ਸੁਵਿਧਾਵਾਂ ਮਿਲ ਜਾਣ ਜਾਂ ਸਮਝੌਤੇ ਹੋ ਜਾਣ, ਉਸ ਨਾਲ਼ ਵੀ ਹਾਲਤ ਨਹੀਂ ਬਦਲ ਸਕਦੀ" ਆਪਣੀ ਇਸੇ ਚਿੱਠੀ ਵਿੱਚ ਉਹਨਾਂ ਨੇ ਅੱਗੇ ਲਿਖਿਆ : "……ਤੁਸੀਂ ਕਿਸੇ ਵੀ ਹਾਲਤ ਨੂੰ ਚੁਣ ਲਵੋ, ਪਰ ਇਹ ਯੁੱਧ ਚਲਦਾ ਰਹੇਗਾ। ਇਸ ਵਿੱਚ ਛੋਟੀਆਂ-ਛੋਟੀਆਂ ਗੱਲਾਂ ਉੱਤੇ ਧਿਆਨ ਨਹੀਂ ਦਿੱਤਾ ਜਾਵੇਗਾ। ਬਹੁਤ ਸੰਭਵ ਹੈ ਕਿ ਇਹ ਯੁੱਧ ਭਿਆਨਕ ਰੂਪ ਲੈ ਲਵੇ। ਇਹ ਉਸ ਸਮੇਂ ਤੱਕ ਬੰਦ ਨਹੀਂ ਹੋਵੇਗਾ ਜਦ ਤੱਕ ਸਮਾਜ ਦਾ ਇਹ

ਵਰਤਮਾਨ ਢਾਂਚਾ ਤਬਾਹ ਨਹੀਂ ਹੋ ਜਾਂਦਾ, ਹਰ ਇੱਕ ਢਾਂਚੇ ਵਿੱਚ ਤਬਦੀਲੀ ਜਾਂ ਇਨਕਲਾਬ ਨਹੀਂ ਹੋ ਜਾਂਦਾ ਅਤੇ ਸ੍ਰਿਸ਼ਟੀ ਵਿੱਚ ਇੱਕ ਮਹਾਨ ਯੁੱਗ ਦਾ ਆਰੰਭ ਨਹੀਂ ਹੋ ਜਾਂਦਾ। ਨੇੜ ਭਵਿੱਖ ਵਿੱਚ ਇੱਕ ਯੁੱਧ ਅੰਤਿਮ ਰੂਪ ਵਿੱਚ ਲੜਿਆ ਜਾਵੇਗਾ ਅਤੇ ਇਹ ਯੁੱਧ ਫ਼ੈਸਲਾਕੁਨ ਯੁੱਧ ਹੋਵੇਗਾ। ਸਾਮਰਾਜਵਾਦ ਅਤੇ ਪੂੰਜੀਵਾਦ ਕੁੱਝ ਸਮੇਂ ਦੇ ਮਹਿਮਾਨ ਹਨ। ਇਹੀ ਉਹ ਯੁੱਧ ਹੈ ਜਿਸ ਵਿੱਚ ਅਸੀਂ ਸਿੱਧੇ ਰੂਪ ਵਿੱਚ ਭਾਗ ਲਿਆ ਹੈ।"

ਸਿਰਫ਼ ਇਸੇ ਚਿੱਠੀ ਵਿੱਚ ਹੀ ਨਹੀਂ, ਜੇਲ੍ਹ ਵਿੱਚ ਲਿਖੀਆਂ ਗਈਆਂ ਆਪਣੀਆਂ ਕਈ ਚਿੱਠੀਆਂ, ਲੇਖਾਂ ਅਤੇ ਅਦਾਲਤ ਵਿੱਚ ਦਿੱਤੇ ਗਏ ਬਿਆਨਾਂ ਵਿੱਚ ਭਗਤ ਸਿੰਘ ਨੇ ਇਹ ਸਪਸ਼ਟ ਕੀਤਾ ਕਿ ਉਹ ਅਤੇ ਉਹਨਾਂ ਦੇ ਸਾਥੀ ਸਿਰਫ਼ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਲਈ ਨਹੀਂ ਲੜ ਰਹੇ, ਸਗੋਂ ਉਹਨਾਂ ਦੀ ਲੜਾਈ ਹਰ ਕਿਸਮ ਦੀ ਪੂੰਜੀਵਾਦੀ ਲੁੱਟ ਦੇ ਖਿਲਾਫ਼ ਅਤੇ ਇੱਕ ਨਿਆਂਪੂਰਣ, ਬਰਾਬਰਤਾ ਵਾਲ਼ੇ ਸਾਮਾਜਿਕ ਢਾਂਚੇ ਦੀ ਸਥਾਪਨਾ ਲਈ ਚੱਲ ਰਹੇ ਲੰਬੇ ਮਹਾਂਯੁੱਧ ਦੀ ਇੱਕ ਕੜੀ ਸੀ। ਸਾਡੇ ਲਈ ਭਗਤ ਸਿੰਘ ਨੂੰ ਯਾਦ ਕਰਨ ਦਾ ਮਤਲਬ ਸਿਰਫ਼ ਉਹਨਾਂ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਹੀ ਨਹੀਂ ਬਲਕਿ ਉਹਨਾਂ ਦੇ ਉਦੇਸ਼ ਅਤੇ ਵਿਚਾਰਾਂ ਨੂੰ ਯਾਦ ਕਰਨਾ ਹੋਣਾ ਚਾਹੀਦਾ ਹੈ। ਭਗਤ ਸਿੰਘ ਦਾ 77ਵਾਂ ਸ਼ਹਾਦਤ ਵਰ੍ਹਾ ਅਤੇ 100ਵਾਂ ਜਨਮ ਵਰ੍ਹਾ ਉਹਨਾਂ ਦੇ ਸੁਪਨਿਆਂ ਅਤੇ ਸੰਕਲਪਾਂ ਦੀ ਯਾਦਦਿਹਾਨੀ ਦਾ ਵਰ੍ਹਾ ਹੈ ਅਤੇ ਅੱਖਾਂ ਵਿੱਚ ਘੂਰਦੇ ਇਸ ਨੰਗੇ-ਬਲ਼ਦੇ ਯਥਾਰਥ ਨਾਲ਼ ਟਕਰਾਉਣ ਦਾ ਵਰ੍ਹਾ ਹੈ ਕਿ ਉਹ ਲੜਾਈ ਅਜੇ ਵੀ ਆਪਣੀ ਉਦੇਸ਼ ਪੂਰਤੀ ਤੱਕ ਨਹੀਂ ਪਹੁੰਚ ਸਕੀ ਜਿਸਨੂੰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਆਪਣੇ ਸਮੇਂ ਵਿੱਚ ਅੱਗੇ ਵਧਾਇਆ ਸੀ।

ਲੋਕਾਂ ਦੇ ਇਨਸਾਫ਼ਪਸੰਦ ਅਤੇ ਬਹਾਦਰ ਧੀਆਂ-ਪੁੱਤਰਾਂ ਲਈ ਭਗਤ ਸਿੰਘ ਨੂੰ ਯਾਦ ਕਰਨ ਦਾ ਬਸ ਇੱਕ ਹੀ ਮਤਲਬ ਹੋ ਸਕਦਾ ਹੈ ਅਤੇ ਬਸ ਇੱਕ ਹੀ ਅਰਥ ਹੋ ਸਕਦਾ ਹੈ ਕਿ ਉਹ ਅੱਜ ਦੇ ਸਮੇਂ ਵਿੱਚ ਸਾਮਰਾਜਵਾਦ-ਪੂੰਜੀਵਾਦ ਵਿਰੁੱਧ ਸੰਘਰਸ਼ ਨੂੰ ਨਵੀਆਂ ਹਾਲਤਾਂ ਦੇ ਮੱਦੇਨਜ਼ਰ ਨਵੇਂ ਢੰਗ ਨਾਲ਼ ਅਤੇ ਨਵੇਂ ਸਿਰੇ ਤੋਂ ਜੱਥੇਬੰਦ ਕਰਨ, ਨਵੇਂ ਇਨਕਲਾਬ ਦੇ ਸੁਨੇਹੇ ਨੂੰ ਫ਼ੈਕਟਰੀਆਂ-ਕਾਰਖਾਨਿਆਂ ਅਤੇ ਪਿੰਡਾਂ ਦੀਆਂ ਝੌਂਪੜੀਆਂ ਤੱਕ ਲੈ ਕੇ ਜਾਣ (ਜਿਵੇਂ ਕਿ ਫ਼ਾਂਸੀ ਦੀ ਕੋਠੜੀ ਤੋਂ ਸ਼ਹੀਦ ਭਗਤ ਸਿੰਘ ਨੇ ਨੌਜਵਾਨਾਂ ਨੂੰ ਭੇਜੇ ਗਏ ਆਪਣੇ ਸੰਦੇਸ਼ ਵਿੱਚ ਕਿਹਾ ਸੀ) ਅਤੇ ਪੂੰਜੀਵਾਦ ਦੀਆਂ ਨਵੀਆਂ ਯੁੱਧਨੀਤੀਆਂ ਅਤੇ ਨਵੇਂ ਹਮਲਿਆਂ ਨੂੰ ਸਮਝਕੇ ਇਸ ਵਿਰੁੱਧ ਲੰਬੀ ਅਤੇ ਫ਼ੈਸਲਾਕੁਨ ਲੜਾਈ ਲਈ ਵਿਊਹ-ਰਚਨਾ ਕਰਨ। ਭਗਤ ਸਿੰਘ ਨੂੰ ਯਾਦ ਕਰਨ ਦਾ ਇੱਕੋ-ਇੱਕ ਤਰੀਕਾ ਬਸ ਇਹੀ ਹੋ ਸਕਦਾ ਹੈ ਕਿ ਉਹਨਾਂ ਦੇ ਹੀ ਸੁਨੇਹੇ ਨੂੰ ਅਮਲ ਵਿੱਚ ਲਿਆਉਂਦੇ ਹੋਏ ਜੜ੍ਹਤਾ ਅਤੇ ਬੇਹਰਕਤੀ ਦੀ ਹਾਲਤ ਨੂੰ ਬਦਲਣ ਲਈ "ਇਨਕਲਾਬ ਦੀ ਸਪਿਰਿਟ ਤਾਜ਼ਾ ਕੀਤੀ ਜਾਵੇ, ਤਾਂਕਿ ਇਨਸਾਨਿਅਤ ਦੀ ਰੂਹ ਵਿੱਚ ਹਰਕਤ ਪੈਦਾ ਹੋਵੇ।"

ਭਾਰਤ ਦੇ ਸਾਰੇ ਲੋਕਾਂ ਦੇ ਦਿਲਾਂ ਵਿੱਚ ਇੱਕ ਬਹਾਦਰ ਬਲਿਦਾਨੀ ਦੇਸ਼ਭਗਤ ਇਨਕਲਾਬੀ ਦੇ ਰੂਪ ਵਿੱਚ ਭਗਤ ਸਿੰਘ ਦੀ ਅਮਿੱਟ ਦਿੱਖ ਬਣੀ ਹੋਈ ਹੈ ਪਰ ਜਿਸ ਬੁਨਿਆਦੀ ਸੱਚਾਈ ਨੂੰ ਹਾਕਮ ਜਮਾਤਾਂ ਅਤੇ ਉਹਨਾਂ ਦੇ ਕਲਮਘਸੀਟ ਇਤਿਹਾਸਕਾਰਾਂ ਨੇ ਹਮੇਸ਼ਾਂ ਹੀ ਅੱਖੋਂ ਉਹਲੇ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਜਿਸ ਤੋਂ ਜਿਆਦਾਤਰ ਸਿੱਖਿਅਤ ਨੌਜਵਾਨ ਵੀ ਠੀਕ ਤਰਾਂ ਜਾਣੂ ਨਹੀਂ ਹਨ, ਉਹ ਇਹ ਹੈ ਕਿ ਉਹ ਇੱਕ ਪ੍ਰਚੰਡ ਪ੍ਰਤੀਭਾਸ਼ਾਲੀ ਅਤੇ ਅੱਦਭੁਤ ਅਧਿਐਨਸ਼ੀਲ ਵਿਚਾਰਕ ਸਨ। ਆਮ ਤੌਰ 'ਤੇ ਉਹਨਾਂ ਦੀ ਦਿੱਖ ਇੱਕ ਇਨਕਲਾਬੀ ਦਹਿਸ਼ਤਗਰਦ ਦੀ ਹੀ ਬਣੀ ਹੋਈ ਹੈ ਜੋ ਵਿਅਕਤੀਗਤ ਬਹਾਦਰੀ, ਬਲਿਦਾਨ ਅਤੇ ਬੰਬਾਂ-ਪਿਸਤੌਲਾਂ ਰਾਹੀਂ ਹੀ ਇਨਕਲਾਬ ਨੂੰ ਅੰਜ਼ਾਮ ਦੇਣਾ ਚਾਹੁੰਦਾ ਹੈ, ਜਦਕਿ ਸੱਚਾਈ ਇਹ ਹੈ ਕਿ ਭਗਤ ਸਿੰਘ ਜੇਲ੍ਹ ਜਾਣ ਤੋਂ ਪਹਿਲਾਂ ਹੀ ਇਤਿਹਾਸ ਅਤੇ ਫ਼ਲਸਫ਼ੇ ਦਾ ਗਹਿਰਾ ਅਧਿਐਨ ਕਰਦੇ ਹੋਏ ਇਸ ਨਤੀਜੇ 'ਤੇ ਪਹੁੰਚਣ ਲੱਗੇ ਸਨ ਕਿ ਇਨਕਲਾਬੀ ਦਹਿਸ਼ਤਗਰਦੀ ਦੀ ਬਜਾਇ ਸਾਰੇ ਕਿਰਤੀ ਲੋਕਾਂ ਨੂੰ ਜਗਾਉਣ, ਲਾਮਬੰਦ ਅਤੇ ਜੱਥੇਬੰਦ ਕਰਨ ਨਾਲ਼ ਹੀ ਇਨਕਲਾਬ ਸੰਭਵ ਬਣਾਇਆ ਜਾ ਸਕਦਾ ਹੈ। ਉਹਨਾਂ ਦੀ ਇਹ ਦ੍ਰਿੜ ਧਾਰਣਾ ਸੀ ਕਿ ਇਨਕਲਾਬ ਬਲਪੂਰਵਕ ਸੱਤਾ ਤਬਦੀਲੀ ਦੇ ਰੂਪ ਵਿੱਚ ਹੀ ਸੰਭਵ ਹੋ ਸਕਦਾ ਹੈ, ਪਰ ਅਧਿਐਨ ਨੇ ਉਹਨਾਂ ਨੂੰ ਇਸ ਇਤਿਹਾਸਕ ਤੌਰ 'ਤੇ ਸਿੱਧ ਨਤੀਜੇ 'ਤੇ ਪਹੁੰਚਾਇਆ ਕਿ ਅਜਿਹਾ ਲੋਕ-ਇਨਕਲਾਬ ਦੁਆਰਾ ਹੀ ਕੀਤਾ ਜਾ ਸਕਦਾ ਹੈ ਅਤੇ ਦਹਿਸ਼ਤਵਾਦੀ ਕਾਰਵਾਈਆਂ ਦੀ ਬਜਾਇ ਪ੍ਰਚਾਰ ਅਤੇ ਅੰਦੋਲਨ ਦੁਆਰਾ ਲੋਕਾਂ ਨੂੰ ਜੱਥੇਬੰਦ ਕਰਨ ਨਾਲ਼ ਹੀ ਇਸ ਮੁਕਾਮ 'ਤੇ ਪਹੁੰਚਿਆ ਜਾ ਸਕਦਾ ਹੈ। ਜੇਲ੍ਹ ਦੇ ਦਿਨਾਂ ਵਿਚ ਗਹਿਰੇ ਅਧਿਐਨ ਨੇ ਉਹਨਾਂ ਨੂੰ ਵਿਗਿਆਨਕ ਸਮਾਜਵਾਦ ਦੇ ਅਸੂਲਾਂ ਦਾ ਕਾਇਲ ਬਣਾ ਦਿੱਤਾ ਸੀ। ਨਾਸਤਿਕ ਤਾਂ ਉਹ ਪਹਿਲਾਂ ਤੋਂ ਹੀ ਸਨ, ਹੁਣ ਉਹਨਾਂ ਦੀ ਭੌਤਿਕਵਾਦੀ ਜੀਵਨ-ਦ੍ਰਿਸ਼ਟੀ ਹੋਰ ਵੀ ਜਿਆਦਾ ਪੱਕੀ ਹੋ ਚੁੱਕੀ ਸੀ। ਫ਼ਾਂਸੀ ਤੋਂ ਠੀਕ ਪਹਿਲਾਂ ਦੇ ਉਹਨਾਂ ਦੇ ਸਭ ਤੋਂ ਵੱਧ ਮਹੱਤਵਪੂਰਣ ਦਸਤਾਵੇਜ਼ 'ਇਨਕਲਾਬੀ ਪ੍ਰੋਗਰਾਮ ਦਾ ਖਰੜਾ' (2 ਫਰਵਰੀ, 1931) ਵਿੱਚ ਉਹਨਾਂ ਨੇ ਗੁਪਤ ਢਾਂਚੇ ਵਾਲ਼ੀ ਅਤੇ ਪੇਸ਼ੇਵਰ ਇਨਕਲਾਬੀਆਂ (ਯਾਨਿ ਕੁਲਵਕਤੀ ਵਰਕਰਾਂ) ਦੇ ਕੋਰ ਗਰੁੱਪ ਵਾਲ਼ੀ ਇੱਕ ਇਨਕਲਾਬੀ ਪਾਰਟੀ ਦੇ ਨਿਰਮਾਣ ਦੀ ਯੋਜਨਾ ਪੇਸ਼ ਕੀਤੀ ਸੀ, ਜਿਸ ਦੀ ਅਗਵਾਈ ਵਿਚ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ-ਨੌਜਵਾਨਾਂ ਦੀਆਂ ਵਿਆਪਕ ਜਨਤਕ ਜੱਥੇਬੰਦੀਆਂ ਵਿਆਪਕ ਲੋਕ ਲਹਿਰਾਂ ਜੱਥੇਬੰਦ ਕਰਦੇ ਹੋਏ ਹਾਕਮ ਜਮਾਤਾਂ ਤੋਂ ਰਾਜਸੱਤਾ ਖੋਹਣ ਦੀ ਦਿਸ਼ਾ ਵਿੱਚ ਅੱਗੇ ਵਧਣ। ਇਨਕਲਾਬ ਤੋਂ ਬਾਅਦ ਉਹ ਸਾਰੀਆਂ ਲੁਟੇਰੀਆਂ ਜਮਾਤਾਂ ਉੱਪਰ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਸਥਾਪਿਤ ਕਰਨ ਦੀ ਗੱਲ ਕਰ ਰਹੇ ਸਨ। ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਆਪਣੇ ਵਿਚਾਰਕ ਚਿੰਤਨ ਨੂੰ ਅਮਲੀ ਜਾਮਾ ਪਹਿਨਾਉਣ ਦਾ ਮੌਕਾ ਹੀ ਨਾ ਮਿਲਿਆ। ਪਰ ਉਹਨਾਂ ਦਾ ਵਿਚਾਰਕ ਚਿੰਤਨ ਅੱਜ ਵੀ ਦੁਮੇਲ ਉੱਤੇ ਬਲ਼ਦੀ ਮਸ਼ਾਲ ਦੀ ਤਰ੍ਹਾਂ ਭਾਰਤ ਦੇ ਨੌਜਵਾਨਾਂ ਦੇ ਲਈ ਪ੍ਰੇਰਣਾ ਦਾ ਇੱਕ ਨਾ ਖ਼ਤਮ ਹੋ ਸਕਣ ਵਾਲ਼ਾ ਸਰੋਤ ਹੈ ਅਤੇ ਚਾਨਣ ਮੁਨਾਰੇ ਦੀ ਤਰ੍ਹਾਂ ਅੱਜ

(ਬਾਕੀ ਸਫਾ 11 'ਤੇ)

'ਤਹਿਲਕਾ' ਦੇ ਨਵੇਂ ਸਟਿੰਗ ਅਪਰੇਸ਼ਨ ਵਿੱਚ ਉਜਾਗਰ ਗੁਜਰਾਤ 2002 ਦਾ ਖ਼ੌਫ਼ਨਾਕ ਸੱਚ

ਲੋਕਾਂ ਦੇ ਕਾਤਲਾਂ ਦੇ ਅਸਲੀ ਚਿਹਰਿਆਂ ਨੂੰ ਪਛਾਣੋ ! ਇਨਸਾਨੀਅਤ ਦੇ ਇਨ੍ਹਾਂ ਦੁਸ਼ਮਣਾਂ ਦੇ ਖਿਲਾਫ਼ ਕਿਰਤੀ ਲੋਕਾਂ ਨੂੰ ਇਕਜੁੱਟ ਕਰਨਾ ਹੋਵੇਗਾ !

—ਅਰਵਿੰਦ

ਅੰਗਰੇਜੀ ਮੈਗਜ਼ੀਨ 'ਤਹਿਲਕਾ' ਦੇ ਨਵੇਂ ਸਟਿੰਗ ਅਪਰੇਸ਼ਨ ਵਿੱਚ ਗੁਜਰਾਤ 2002 ਦੀਆਂ ਜੋ ਖੌਫ਼ਨਾਕ ਸੱਚਾਈਆਂ ਉਜਾਗਰ ਹੋਈਆਂ ਹਨ ਉਸ ਤੋਂ ਹੁਣ ਇਸ ਸਵਾਲ ਦਾ ਆਖਰੀ ਜਵਾਬ ਮਿਲ ਜਾਣਾ ਚਾਹੀਦਾ ਹੈ ਕਿ ਸੱਭਿਆਚਾਰਕ ਕੌਮਵਾਦ ਦਾ ਬਾਣਾ ਪਹਿਨਣ ਵਾਲ਼ੇ ਧਰਮ ਦੇ ਠੇਕੇਦਾਰਾਂ ਨੂੰ ਹਿਟਲਰ ਅਤੇ ਮੁਸੋਲਿਨੀ ਦੀਆਂ ਦੇਸੀ ਔਲਾਦਾਂ ਕਿਉਂ ਕਿਹਾ ਜਾਂਦਾ ਹੈ। ਗੋਧਰਾ ਵਿੱਚ ਆਪ-ਮੁਹਾਰੇ ਢੰਗ ਨਾਲ਼ ਘਟੀ ਅਫ਼ਸੋਸਨਾਕ ਘਟਨਾ ਤੋਂ ਬਾਅਦ ਗੁਜਰਾਤ ਵਿੱਚ ਜੋ ਹੋਇਆ ਉਹ 'ਹਿੰਦੂ ਸਮਾਜ ਦੀ ਸੁਭਾਵਿਕ ਪ੍ਰਤੀਕਿਰਿਆ' ਬਿਲਕੁਲ ਨਹੀਂ ਸੀ। ਉਹ ਫ਼ਿਰਕੂ ਦੰਗਾ ਨਹੀਂ ਸੀ। ਉਹ ਰਾਜ ਦੁਆਰਾ ਸੰਚਾਲਤ ਮੁਸਲਮਾਨਾਂ ਦਾ ਯੋਜਨਾਬੱਧ ਕਤਲੇਆਮ ਸੀ। ਇਸ ਦੀ ਯੋਜਨਾ ਸੰਘ ਪਰਿਵਾਰ ਨੇ ਲੰਬੇ ਸਮੇਂ ਤੋਂ ਤਿਆਰ ਕੀਤੀ ਸੀ। ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪਰਿਸ਼ਦ ਦੇ 'ਧਰਮਯੋਧਿਆਂ' ਨੂੰ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਖੁੱਲ੍ਹੀ ਸ਼ਹਿ ਮਿਲੀ ਹੋਈ ਸੀ। ਪੁਲਿਸ ਪ੍ਰਸ਼ਾਸਨ ਅਤੇ ਸਮੁੱਚੀ ਰਾਜ ਮਸ਼ੀਨਰੀ ਨੂੰ ਇਸ ਮਨੁੱਖੀ ਕਤਲੇਆਮ ਦੇ ਯੱਗ ਵਿੱਚ ਸਹਿਯੋਗ ਕਰਨ ਦੇ ਨਿਰਦੇਸ਼ ਮਿਲੇ ਹੋਏ ਸਨ। ਇਹ ਮੁਸਲਮਾਨਾਂ ਦਾ ਸਫ਼ਾਇਆ ਮੁਹਿੰਮ ਸੀ, ਬਿਲਕੁਲ ਉਸੇ ਤਰਜ 'ਤੇ ਜਿਸ ਤਰ੍ਹਾਂ ਹਿਟਲਰ ਨੇ ਜਰਮਨੀ ਵਿੱਚ ਯਹੂਦੀਆਂ ਦਾ ਸਫ਼ਾਇਆ ਕੀਤਾ ਸੀ।

ਇਸ 'ਸਟਿੰਗ ਅਪਰੇਸ਼ਨ' ਨੂੰ ਸੰਘ ਪਰਿਵਾਰ ਅਤੇ ਉਸਦੇ ਸਾਰੇ ਮਖੌਟੇ ਕਾਂਗਰਸ ਦੀ ਸਾਜਿਸ਼ ਦੱਸ ਰਹੇ ਹਨ। ਹੋ ਸਕਦਾ ਹੈ ਗੁਜਰਾਤ ਵਿਧਾਨਸਭਾ ਦੀਆਂ ਹੋ ਕੇ ਹਟੀਆਂ ਚੋਣਾਂ 'ਚ ਫਾਇਦਾ ਲੈਣ ਦੀ ਗਰਜ ਨਾਲ਼ ਕਾਂਗਰਸ ਨੇ ਕੋਈ ਸਹਿਯੋਗ ਕੀਤਾ ਵੀ ਹੋਵੇ, ਪਰੰਤੂ ਇਸ ਨਾਲ਼ ਉਹ ਸਚਾਈਆਂ ਨਹੀਂ ਬਦਲ ਜਾਂਦੀਆਂ ਜਿਨ੍ਹਾਂ ਨੂੰ ਛੁਪੇ ਕੈਮਰੇ ਨੇ ਕੈਦ ਕਰ ਲਿਆ ਹੈ। ਸਟਿੰਗ ਅਪਰੇਸ਼ਨ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਭਾਜਪਾ ਨੇਤਾਵਾਂ ਨੇ ਖੁਦ ਆਪਣੀ ਜੁਬਾਨੀ ਛੁਪੇ ਕੈਮਰੇ ਸਾਹਮਣੇ ਇਕਬਾਲ ਕੀਤਾ ਹੈ ਕਿ ਮੁਸਲਮਾਨਾਂ ਦੇ ਕਤਲ ਦੇ *'ਮਹਾਨ ਕਾਰਨਾਮੇ'* ਉਹਨਾਂ ਨੇ ਕਿਸ ਤਰ੍ਹਾਂ ਅੰਜਾਮ ਦਿੱਤੇ। ਉਨ੍ਹਾਂ ਨੇ ਮਾਣ ਨਾਲ਼ ਪ੍ਰਵਾਨ ਕੀਤਾ ਹੈ ਕਿ ਅਹਿਮਦਾਬਾਦ ਦੀਆਂ ਗਲ਼ੀਆਂ ਵਿੱਚ, ਸਾਬਰਕਾਂਠਾ ਜ਼ਿਲ੍ਹੇ ਦੇ ਪਿੰਡਾਂ ਵਿੱਚ, ਵਦੋਦਰਾ ਵਿੱਚ ਅਤੇ ਪੂਰੇ ਗੁਜਰਾਤ ਵਿੱਚ ਉਨ੍ਹਾਂ ਨੇ ਕਿਸ ਤਰ੍ਹਾਂ ਖੂਨ ਦੀ ਪਿਆਸੀ ਭੀੜ ਦੀ ਅਗਵਾਈ ਕੀਤੀ ਅਤੇ ਪੁਲਿਸ ਹੱਤਿਆਰਿਆਂ ਦੀਆਂ ਕਰਤੂਤਾਂ ਨੂੰ ਨਾ ਕੇਵਲ ਮੂਕਦਰਸ਼ਕ ਬਣੀ ਦੇਖਦੀ ਰਹੀ ਸਗੋਂ ਇਸ ਖੂਨੀ ਇਸ਼ਨਾਨ ਵਿੱਚ ਕਿਤੇ-ਕਿਤੇ ਉਸਨੇ ਵੀ ਡੁੱਬਕੀ ਲਗਾਈ।

'ਤਹਿਲਕਾ' ਦੇ ਛੁਪੇ ਕੈਮਰਿਆਂ ਨੇ ਜਿਨ੍ਹਾਂ 'ਹਿੰਦੂ ਸੂਰਬੀਰਾਂ' ਦੇ ਇਕਬਾਲੀਆ ਬਿਆਨ ਕੈਦ ਕੀਤੇ ਹਨ, ਉਨ੍ਹਾਂ 'ਚ ਅਹਿਮਦਾਬਾਦ ਦੇ ਭਾਜਪਾ ਵਿਧਾਇਕ ਡਾ. ਮਾਇਆ ਬੇਨ ਕੋਦਨਾਨੀ, ਵਦੋਦਰਾ ਦੇ ਸੀਨੀਅਰ ਭਾਜਪਾ

ਧਰਮ ਦੇ ਠੇਕੇਦਾਰਾਂ ਦੀਆਂ ਕਰਤੂਤਾਂ ਦੀ ਕਹਾਣੀ, ਖੁਦ ਉਹਨਾਂ ਦੀ ਜ਼ੁਬਾਨੀ

"ਉਹ ਟੋਏ 'ਚ ਇੱਕ ਦੂਸਰੇ ਨਾਲ਼ ਲਿਪਟੇ ਹੋਏ ਸਨ। ਅਸੀਂ ਉਸ 'ਚ ਤੇਲ ਅਤੇ ਜਲ਼ਦੇ ਟਾਇਰ ਸੁੱਟ ਦਿੱਤੇ ਅਤੇ ਉਨ੍ਹਾਂ ਨੂੰ ਮਾਰ ਦਿੱਤਾ।.....ਉਨ੍ਹਾਂ ਨੂੰ ਮਾਰਕੇ ਮੈਂ ਮਹਾਰਾਣਾ ਪ੍ਰਤਾਪ ਦੀ ਤਰ੍ਹਾਂ ਮਹਿਸੂਸ ਕੀਤਾ।"

—ਨਰੋਦਾ ਪਾਟਿਆ ਹੱਤਿਆਕਾਂਡ ਦਾ ਮੁੱਖ ਕਰਤਾ-ਧਰਤਾ ਬਾਬੂ ਬਜਰੰਗੀ।

"ਮੁਸਲਮਾਨਾਂ ਨੇ ਸਾਡੇ ਨਾਲ਼ ਵਨ ਡੇ ਮੈਚ ਖੇਡਿਆ ਹੈ....ਉਨ੍ਹਾਂ ਨੇ ਸਾਨੂੰ 60 ਦਾ ਟਾਰਗੇਟ ਦਿੱਤਾ ਹੈ....ਅਸੀਂ ਇਹ ਮੈਚ ਹਰ ਹਾਲ 'ਚ ਜਿੱਤਣਾ ਹੈ....ਇਸ ਲਈ ਜਦ ਤੱਕ 600 ਰਨ ਨਾ ਬਣ ਜਾਣ, ਰੁੱਕਣਾ ਨਹੀਂ।...."

—ਵਿਸ਼ਵ ਹਿੰਦੂ ਪਰਿਸ਼ਦ ਦੇ ਸੀਨੀਅਰ ਆਗੂ ਅਤੇ ਸਾਬਰਮਤੀ ਐਕਸਪ੍ਰੈਸ 'ਚ ਕਾਰਸੇਵਕਾਂ ਦੇ ਇੰਚਾਰਜ ਰਜਿੰਦਰ ਵਿਆਸ, ਨਰਿੰਦਰ ਮੋਦੀ ਅਤੇ ਸੰਘ ਪਰਿਵਾਰ ਦੇ ਹੋਰ ਸੀਨੀਅਰ ਆਗੂਆਂ ਸਾਹਮਣੇ।

"ਅਸੀਂ ਉਨ੍ਹਾਂ ਸਭ ਨੂੰ ਨਿਸ਼ਾਨਾ ਬਣਾਇਆ ਅਤੇ ਮਾਰ ਦਿੱਤਾ ਜੋ ਪਿਛਲੇ 20-25 ਸਾਲਾਂ ਤੋਂ ਸਾਡੀ ਨਜ਼ਰ 'ਚ ਸਨ।"

—ਰਮੇਸ਼ ਦਬੇ, ਵਿਹਿਪ ਦੇ ਕਾਲੂਪੁਰ ਜ਼ਿਲ੍ਹਾ ਸਕੱਤਰ

"ਉਨ੍ਹਾਂ ਨੇ ਉਸਨੂੰ (ਕਾਂਗਰਸੀ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਨੂੰ) ਬੋਟੀ-ਬੋਟੀ ਵੱਢ ਦਿੱਤਾ, ਫਿਰ ਜਿਉਂਦਾ ਜਲਾ ਦਿੱਤਾ।"

—ਮਦਨ ਚਾਵਲਾ, ਗੁਲਬਰਗ ਸੁਸਾਇਟੀ ਹੱਤਿਆਕਾਂਡ 'ਚ ਸ਼ਾਮਲ ਇੱਕ ਵਪਾਰੀ

"ਗੁਲਬਰਗ ਸੁਸਾਇਟੀ 'ਤੇ ਹਮਲਾ ਕਰਨ ਵਾਲਿਆਂ 'ਚ ਸਥਾਨਕ ਲੋਕ ਨਹੀਂ ਸਨ। ਉਹ ਬਜਰੰਗ ਦਲ ਦੇ ਲੋਕ ਸਨ, ਸਭ ਕੋਲ਼ ਤ੍ਰਿਸ਼ੂਲ ਸਨ।"

—ਹੱਤਿਆਕਾਂਡ 'ਚ ਸ਼ਾਮਲ ਇੱਕ ਹੋਰ ਵਪਾਰੀ ਪ੍ਰਹਲਾਦ ਰਾਜ

"ਅਸੀਂ ਉਨ੍ਹਾਂ ਨੂੰ ਘਰੋਂ ਖਿੱਚਕੇ ਮਾਰਿਆ।.....ਵਿਹਿਪ ਦੇ ਸਾਡੇ ਭਰਾ ਵੱਡੀ ਗਿਣਤੀ ਵਿੱਚ ਆਏ ਸਨ। ਅਸੀਂ ਉਨ੍ਹਾਂ ਲੋਕਾਂ ਨੂੰ ਘੇਰ ਲਿਆ ਅਤੇ ਤਬਾਹ ਕਰ ਦਿੱਤਾ।"

—ਗੁਲਬਰਗ ਸੁਸਾਇਟੀ ਹਤਿਆਕਾਂਡ 'ਚ ਸ਼ਾਮਲ ਇੱਕ ਹੋਰ ਵਪਾਰੀ ਮਾਂਗੀ ਲਾਲ ਜੈਨ।

"ਆਰ.ਐਸ.ਐਸ. ਦੇ ਲੋਕ ਦੱਸ ਦੇਣਗੇ ਕਿ ਛਾੜਾ ਲੋਕਾਂ ਨੇ ਮੁਸਲਮਾਨਾਂ ਨੂੰ ਕਿਵੇਂ ਮਾਰਿਆ।.....ਅਸੀਂ ਪੰਜ ਛੇ ਲੋਕਾਂ ਨੇ ਇੱਕ ਸੂਰ ਨੂੰ ਮਾਰਿਆ, ਫਿਰ ਅਸੀਂ ਸੂਰ ਨੂੰ ਮਸਜਿਦ ਉੱਪਰ ਲਟਕਾ ਦਿੱਤਾ ਅਤੇ ਕੇਸਰੀ ਝੰਡਾ ਲਹਿਰਾ ਦਿੱਤਾ।....ਉਸੇ ਸ਼ਾਮ ਨੂੰ ਨਰਿੰਦਰ ਭਾਈ (ਨਰਿੰਦਰ ਮੋਦੀ) ਸਾਡੇ ਘਰ ਆਏ। ਸਾਡੀਆਂ ਭੈਣਾਂ ਨੇ ਉਨ੍ਹਾਂ ਨੂੰ ਹਾਰ ਪਹਿਨਾਏ। ਉਨ੍ਹਾਂ ਨੇ (ਮੋਦੀ ਨੇ) ਸਾਨੂੰ ਸ਼ਾਬਾਸ਼ੀ ਦਿੱਤੀ। ਕਿਹਾ ਕਿ ਸਾਨੂੰ ਜਨਮ ਦੇਣ ਵਾਲੀਆਂ ਮਾਵਾਂ ਧੰਨ ਹਨ।"

—ਨਰੋਦਾ ਪਾਟਿਆ ਕਤਲੇਆਮ 'ਚ ਸ਼ਾਮਲ ਛਾੜਾ ਕਬੀਲੇ ਦੇ ਦੋ ਨੌਜਵਾਨ ਪ੍ਰਕਾਸ਼ ਰਾਠੌਰ ਅਤੇ ਸੁਰੇਸ਼ ਰਿਚਰਡ।

"ਆਈਡੀਆ ਖੁਦ ਮੋਦੀ ਭਾਈ ਦਾ ਸੀ.....ਜੇ ਹਿੰਦੂਤਵ ਨੂੰ ਅੱਗੇ ਵਧਾਉਣਾ ਹੈ, ਤਾਂ ਸੋਟੀਆਂ ਨੂੰ ਇੱਕ ਪਾਸੇ ਰੱਖ ਦਿਓ ਅਤੇ ਏ. ਕੇ. 56 ਚੁੱਕੋ। ਸਾਫ਼ ਹੈ ਕਿ ਦੁਸ਼ਮਣ ਕੌਣ ਹਨ — ਮੁਸਲਮਾਨ, ਇਸਾਈ ਅਤੇ ਕਮਿਊਨਿਸਟ।"

—ਧੀਮੰਤ ਭੱਟ, ਐਸ.ਐਸ. ਯੂਨੀਵਰਸਿਟੀ ਵਦੋਦਰਾ ਦਾ ਆਡੀਟਰ ਅਤੇ ਸੀਨੀਅਰ ਭਾਜਪਾ ਆਗੂ

"ਗੋਧਰਾ ਦੀ ਘਟਨਾ ਨੂੰ ਦਿਨ-ਭਰ ਟੀ.ਵੀ. 'ਤੇ ਵਾਰ-ਵਾਰ ਦਿਖਾਇਆ ਗਿਆ। ਇਸਨੇ ਸਾਡੇ ਕਾਰਕੁਨਾਂ ਨੂੰ ਪ੍ਰੇਰਿਤ ਕੀਤਾ।.....ਛੋਟੇ ਤੋਂ ਛੋਟਾ ਪਿੰਡ ਵੀ ਨਹੀਂ ਛੱਡਿਆ ਗਿਆ।.....ਆਈਡੀਆ ਇਹ ਸੀ ਕਿ ਜਿੰਨੇ ਮੁਸਲਮਾਨਾਂ ਨੂੰ ਹੋ ਸਕੇ ਨੁਕਸਾਨ ਪਹੁੰਚਾਓ, ਜਲਾ ਦਿਓ, ਵੱਢ ਦਿਓ।" **—ਅਨਿਲ ਪਟੇਲ, ਵਿਹਿਪ ਦਾ ਸਾਬਰਕੰਠ ਜ਼ਿਲ੍ਹਾ ਪ੍ਰਧਾਨ।**

"ਅਸੀਂ ਇੰਨੇ ਹਥਿਆਰ ਵੰਡਵਾਏ ਕਿ ਲੋਕ ਦੰਗ ਰਹਿ ਗਏ।ਅਸੀਂ ਉਨ੍ਹਾਂ ਨੂੰ ਇੱਥੇ (ਆਪਣੇ ਕਾਰਖਾਨਿਆਂ 'ਚ) ਬਣਾਇਆ ਅਤੇ ਪਰਖਿਆ।"

—ਹਰੇਸ਼ ਭੱਟ, ਗੋਧਰਾ ਦਾ ਭਾਜਪਾ ਵਿਧਾਇਕ

"ਨਰਿੰਦਰ ਭਾਈ ਨੇ ਪੁਲਿਸ ਨੂੰ ਸਾਡੇ ਪੱਖ 'ਚ ਕਰ ਦਿੱਤਾ ਸੀ। ਪੁਲਿਸ ਨੇ ਸਾਨੂੰ ਕਹਿ ਦਿੱਤਾ ਸੀ, ਜੋ ਚਾਹੋ ਕਰੋ, ਅਸੀਂ ਦਖਲ ਨਹੀਂ ਦੇਵਾਂਗੇ।" **—ਰਜਿੰਦਰ ਵਿਆਸ**

"ਸਾਰੇ ਪੁਲਿਸ ਵਾਲਿਆਂ ਨੇ ਮੱਦਦ ਕੀਤੀ।....ਇੱਥੋਂ ਤੱਕ ਕਿ ਸਾਨੂੰ ਗੋਲ਼ੀਆਂ ਵੀ ਦਿੱਤੀਆਂ।......ਆਖਰਕਾਰ ਉਹ ਵੀ ਹਿੰਦੂ ਹੀ ਸਨ।" **—ਰਮੇਸ਼ ਕਬੇ**

"ਉਨ੍ਹਾਂ ਨੇ (ਪੁਲਿਸ ਵਾਲਿਆਂ ਨੇ) ਸਾਨੂੰ ਸੁਰੱਖਿਅਤ ਢੰਗ ਨਾਲ਼ ਹਥਿਆਰ ਪਹੁੰਚਾਏ।"

—ਅਨਿਲ ਪਟੇਲ

ਆਗੂ ਦੀਪਕ ਸ਼ਾਹ, ਗੋਧਰਾ ਦੇ ਭਾਜਪਾ ਵਿਧਾਇਕ ਹਰੇਸ਼ ਭੱਟ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁੱਖ ਸਕੱਤਰ ਦਿਲੀਪ ਤ੍ਰਿਵੇਦੀ, ਵਿਹਿਪ ਦੇ ਰਾਜ ਵਿਭਾਗ ਪ੍ਰਮੁੱਖ ਅਨਿਲ ਪਟੇਲ, ਵਿਹਿਪ ਦੇ ਅਹਿਮਦਾਬਾਦ ਪ੍ਰਧਾਨ ਰਜਿੰਦਰ ਵਿਆਸ, ਵਿਹਿਪ ਦੇ ਕਾਲੂਪੁਰ ਜ਼ਿਲ੍ਹਾ ਸਕੱਤਰ ਰਮੇਸ਼ ਦਬੇ, ਵਿਹਿਪ ਦੇ ਸਾਬਰਕੰਠ ਜ਼ਿਲ੍ਹਾ ਕਨਵੀਨਰ ਧਵਲ ਜਯੰਤੀ ਪਟੇਲ, ਗੁਜਰਾਤ ਦੰਗਿਆਂ ਦੀ ਜਾਂਚ ਕਰ ਰਹੇ ਨਾਨਾਵਤੀ ਸ਼ਾਹ ਕਮਿਸ਼ਨ ਵਿੱਚ ਸਰਕਾਰੀ ਵਕੀਲ ਅਰਵਿੰਦ ਪਾਂਡਿਆ, ਐੱਮ. ਐੱਸ. ਯੂਨੀਵਰਸਿਟੀ ਦੇ ਆਡੀਟਰ ਧੀਮੰਤ ਭੱਟ, ਗੁਲਬਰਗ ਸੋਸਾਇਟੀ ਹੱਤਿਆਕਾਂਡ ਵਿੱਚ ਸ਼ਾਮਲ ਤਿੰਨ ਛੋਟੇ ਵਪਾਰੀ ਮਾਂਗੀ ਲਾਲ ਜੈਨ, ਪ੍ਰਹਿਲਾਦ ਰਾਜ ਅਤੇ ਮਦਨ ਚਾਵਲਾ ਨਾਲ਼ ਛਾੜਾ ਕਬੀਲੇ ਦੇ ਦੋ ਮੈਂਬਰ ਸੁਰੇਸ਼ ਰਿਚਰਡ ਅਤੇ ਪ੍ਰਕਾਸ਼ ਰਾਠੌੜ ਸ਼ਾਮਲ ਸਨ। ਛਾੜਾ ਕਬੀਲਾ ਉਹੀ ਕਬੀਲਾ ਹੈ ਜਿਸ ਵਿੱਚ ਲੰਬੇ ਸਮੇਂ ਤੋਂ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ) ਨੇ ਅਖੌਤੀ ਰਚਨਾਤਮਕ ਕੰਮ ਕਰਦੇ ਹੋਏ 'ਹਿੰਦੂਤਵ ਦੀ ਚੇਤਨਾ' ਜਗਾਈ ਸੀ ਅਤੇ ਇਸ ਕਬੀਲੇ ਦੇ ਨੌਜਵਾਨਾਂ ਨੂੰ 'ਅਧਰਮੀਆਂ' ਦੇ ਕਤਲੇਆਮ ਲਈ ਤਿਆਰ ਕੀਤਾ ਸੀ। ਨਰੋਦਾ ਪਾਟੀਆ ਦੇ ਕਤਲੇਆਮ ਵਿੱਚ ਇਸੇ ਆਦਿਵਾਸੀ ਕਬੀਲੇ ਦੇ ਨੌਜਵਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਸੀ।

72 ਘੰਟੇ ਤੱਕ ਸੱਤਾ ਦੀ ਦੇਖ ਰੇਖ ਵਿੱਚ ਵਹਿਸ਼ਤ ਦਾ ਨੰਗਾਨਾਚ

ਗੋਧਰਾ ਦੀ ਘਟਨਾ ਤੋਂ ਬਾਅਦ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਉਕਸਾਉਣ ਵਾਲ਼ਾ ਬਿਆਨ ਦੇ ਕੇ 'ਕਾਰਵਾਈ' ਸ਼ੁਰੂ ਕਰਨ ਦਾ ਸੰਕੇਤ ਦਿੱਤਾ ਅਤੇ ਰਾਜ ਮਸ਼ੀਨਰੀ ਨੂੰ ਸਹਿਯੋਗ ਕਰਨ ਦਾ ਨਿਰਦੇਸ਼ ਦਿੱਤਾ। ਇਹ ਗੱਲਾਂ ਸਟਿੰਗ ਅਪਰੇਸ਼ਨ ਦੌਰਾਨ ਖੁਦ ਭਾਜਪਾ, ਵਿਹਿਪ ਅਤੇ ਬਜਰੰਗ ਦਲ ਦੇ ਆਗੂਆਂ ਨੇ ਪ੍ਰਵਾਨ ਕੀਤੀਆਂ ਹਨ। ਨਰਿੰਦਰ ਮੋਦੀ ਨੇ ਗੋਧਰਾ ਤੋਂ ਆ ਕੇ ਵਦੋਦਰਾ ਅਤੇ ਅਹਿਮਦਾਬਾਦ ਵਿੱਚ ਬਜਰੰਗ ਦਲ, ਵਿਹਿਪ ਅਤੇ ਸੰਘ ਦੇ ਨੇਤਾਵਾਂ ਨੂੰ ਮੀਟਿੰਗ ਬੁਲਾਕੇ ਭਰੋਸਾ ਦਿੱਤਾ ਕਿ ਉਹਨਾਂ ਨੂੰ 72 ਘੰਟੇ ਦਾ ਸਮਾਂ ਦਿੱਤਾ ਜਾਂਦਾ ਹੈ। ਮੋਦੀ ਨੇ ਕਿਹਾ ਕਿ ਇਸ ਸਮੇਂ ਵਿੱਚ ਉਹ ਗੋਧਰਾ ਦੇ ਬਦਲੇ ਲਈ ਜੋ ਵੀ ਕਰ ਸਕਦੇ ਹਨ ਕਰੋ। ਇਸ ਤੋਂ ਬਾਅਦ ਉਨ੍ਹਾਂ ਨੇ ਰਾਜ ਮਸ਼ੀਨਰੀ ਨੂੰ ਗੈਰ ਸਰਗਰਮ ਰਹਿਣ ਦੇ ਸਪੱਸ਼ਟ ਨਿਰਦੇਸ਼ ਦਿੱਤੇ।

ਇੰਨਾ ਹੀ ਨਹੀਂ ਅਹਿਮਦਾਬਾਦ ਦੇ ਨਰੋਦਾ ਪਾਟਿਆ ਅਤੇ ਨਰੋਦਾ ਪਿੰਡ ਹੱਤਿਆਕਾਂਡ ਬਾਅਦ ਖੁਦ ਨਰਿੰਦਰ ਮੋਦੀ ਉੱਥੇ ਗਿਆ ਸੀ ਅਤੇ 'ਹਿੰਦੂ ਸੂਰਵੀਰਾਂ' ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਸੀ। ਉਹ ਛਾੜਾ ਕਬੀਲੇ ਦੀ ਬਸਤੀ ਵੀ ਗਿਆ ਸੀ ਅਤੇ ਵੀਰ ਬਾਲਕਾਂ ਨੂੰ ਜਨਮ ਦੇਣ ਲਈ ਮਾਤਾਵਾਂ ਦਾ ਧੰਨਵਾਦ ਕੀਤਾ ਸੀ। ਅਧਿਕਾਰਕ ਸੂਤਰਾਂ ਦੇ ਅਨੁਸਾਰ ਇਸ ਹੱਤਿਆਕਾਂਡ ਵਿੱਚ 105 ਲੋਕ ਮਾਰੇ ਗਏ ਸਨ ਜਦਕਿ ਇਸ ਦੇ ਮੁੱਖ ਕਰਤਾ-ਧਰਤਾ ਬਾਬੂ ਬਜਰੰਗੀ ਨੇ 'ਤਹਿਲਕਾ' ਦੇ ਪੱਤਰਕਾਰ ਨੂੰ ਖੁਦ ਦੱਸਿਆ ਕਿ ਕੁੱਲ 200 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ। ਇਸ ਕਾਤਲ ਨੂੰ ਨਰਿੰਦਰ ਮੋਦੀ ਨੇ ਰਾਜਸਥਾਨ ਦੇ ਟੂਰਿਸਟ ਸਥਾਨ ਮਾਉਂਟ ਆਬੂ ਸਥਿਤ ਗੁਜਰਾਤ ਭਵਨ ਵਿੱਚ ਲੁਕਣ ਲਈ ਜਗ੍ਹਾ ਮੁਹੱਈਆ ਕਰਵਾਈ ਸੀ ਅਤੇ ਉਸਨੂੰ ਜ਼ਮਾਨਤ ਦਿਵਾਉਣ ਲਈ ਦੋ ਜੱਜਾਂ ਦਾ ਤਬਾਦਲਾ ਕਰ ਦਿੱਤਾ ਸੀ। ਸਰਕਾਰੀ ਵਕੀਲ ਅਰਵਿੰਦ ਪਾਂਡਿਆ ਨੇ ਮਾਣ ਨਾਲ਼ ਮੰਨਿਆ ਕਿ ਮੋਦੀ ਦੀ ਫ਼ੌਲਾਦੀ ਅਗਵਾਈ ਨੇ ਹੀ ਗੋਧਰਾ ਤੋਂ ਬਾਅਦ ਬਦਲੇ ਦੇ ਕਾਰਨਾਮਿਆਂ ਨੂੰ ਪੂਰਾ ਕਰਨਾ ਸੰਭਵ ਬਣਾਇਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਗੋਦਰਾ ਦੀ ਘਟਨਾ ਤੋਂ ਬਾਅਦ ਨਰਿੰਦਰ ਮੋਦੀ ਬੇਹੱਦ ਬੌਖਲਾਇਆ ਹੋਇਆ ਸੀ। ਮੋਦੀ ਨੇ ਇੱਥੋਂ ਤੱਕ ਕਿਹਾ ਸੀ ਕਿ ਮੁੱਖ-ਮੰਤਰੀ ਹੋਣ ਦੇ ਨਾਤੇ ਉਸ ਦੇ ਹੱਥ ਬੰਨੇ ਹੋਏ ਹਨ ਨਹੀਂ ਤਾਂ ਉਹ ਖੁਦ ਜੁਹਾਪੁਰਾ

(ਸੱਤ-ਅੱਠ ਲੱਖ ਅਬਾਦੀ ਵਾਲ਼ੀ ਅਹਿਮਦਾਬਾਦ ਦੀ ਇੱਕ ਮੁਸਲਿਮ ਬਸਤੀ) ਨੂੰ ਆਪਣੇ ਹੱਥੀਂ ਬੰਬ ਨਾਲ਼ ਉਡਾ ਦਿੰਦਾ।

ਜਿਸ ਯੋਜਨਾਬੱਧ ਅਤੇ ਠੰਡੇ ਤਰੀਕੇ ਨਾਲ਼ ਗੁਜਰਾਤ ਵਿੱਚ ਹਿੰਦੂਤਵ ਬ੍ਰਿਗੇਡ ਨੇ ਗੋਧਰਾ ਦਾ 'ਬਦਲਾ' ਲਿਆ ਉਹ ਖ਼ੂਨ ਸਰਦ ਕਰ ਦੇਣ ਵਾਲ਼ਾ ਹੈ। 27 ਫਰਵਰੀ 2002 ਨੂੰ ਗੋਧਰਾ ਵਿੱਚ ਸਾਬਰਮਤੀ ਐਕਸਪ੍ਰੈੱਸ ਦੇ ਐਸ-6 ਕੋਚ ਵਿੱਚ ਅੱਗ ਲੱਗਣ ਅਤੇ ਉਸ ਵਿੱਚ 59 ਕਾਰਸੇਵਕਾਂ ਦੀ ਮੌਤ ਤੋਂ ਬਾਅਦ ਨਰਿੰਦਰ ਮੋਦੀ ਨੇ ਉੱਥੋਂ ਦਾ ਦੌਰਾ ਕੀਤਾ। ਉਸ ਦੇ ਅੱਗ ਉਗਲਣ ਵਾਲੇ ਬਿਆਨ ਨੇ ਸੰਕੇਤ ਦਿੱਤਾ ਕਿ ਮੁਸਲਮਾਨਾਂ ਨੂੰ ਸਬਕ ਸਿਖਾਉਣ ਦਾ ਵਕਤ ਆ ਗਿਆ ਹੈ। ਉਸੇ ਰਾਤ ਭਾਜਪਾ ਅਤੇ ਸੰਘ ਪਰਿਵਾਰ ਦੇ ਸਿਖਰਲੇ ਆਗੂਆਂ ਨੇ ਅਹਿਮਦਾਬਾਦ, ਵਡੋਦਰਾ ਅਤੇ ਗੋਧਰਾ ਵਿੱਚ ਮੀਟਿੰਗ ਕਰਕੇ ਰਾਜ ਭਰ ਵਿੱਚ ਮੁਸਲਮਾਨਾਂ 'ਤੇ ਹਮਲਾ ਕਰਨ ਲਈ ਹਰੀ ਝੰਡੀ ਦੇ ਦਿੱਤੀ। ਹਮਲਾਵਰਾਂ ਨੂੰ ਕਾਨੂੰਨ ਤੋਂ ਬਚਾਉਣ ਲਈ ਯੁੱਧਨੀਤੀ ਬਣਾਈ ਗਈ। ਪ੍ਰਮੁੱਖ ਵਕੀਲਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਭਰੋਸੇ ਵਿੱਚ ਲਿਆ ਗਿਆ। ਕਾਰਕੁਨਾਂ ਨੂੰ ਕਿਹਾ ਗਿਆ ਕਿ ਉਹ ਨਿਰਭੈ ਹੋਕੇ ਕਾਰਵਾਈ ਕਰਨ, ਮੁੱਖ ਮੰਤਰੀ ਸਾਡੇ ਨਾਲ਼ ਹਨ! ਸੰਘ ਕਾਰਕੁਨਾਂ ਨੇ 'ਧਰਮਯੋਧਿਆਂ' ਨੂੰ ਹਥਿਆਰ ਮੁਹੱਈਆ ਕਰਾਏ। ਇਨ੍ਹਾਂ 'ਚ ਬੰਬ, ਬੰਦੂਕ ਤੋਂ ਲੈ ਕੇ ਤ੍ਰਿਸ਼ੂਲ ਤੱਕ ਸ਼ਾਮਲ ਸਨ। ਇਨ੍ਹਾਂ ਨੂੰ ਜਾਂ ਤਾਂ ਖੁਦ ਸੰਘ ਕਾਰਕੁਨਾਂ ਨੇ ਬਣਾਇਆ ਸੀ ਜਾਂ ਦੇਸ਼ ਭਰ ਵਿੱਚ ਫ਼ੈਲੇ ਸੰਘ ਪਰਿਵਾਰ ਦੇ ਚੈਨਲਾਂ ਤੋਂ ਗੁਜਰਾਤ ਪਹੁੰਚਾਇਆ ਗਿਆ ਸੀ। ਹਥਿਆਰ ਮੁਹੱਈਆ ਕਰਾਉਣ ਵਿੱਚ ਪੁਲਿਸ ਨੇ ਭਰਪੂਰ ਸਹਿਯੋਗ ਦਿੱਤਾ। ਭਾਜਪਾ ਤੇ ਸੰਘ ਪਰਿਵਾਰ ਦੇ ਆਗੂਆਂ ਨੇ ਅਹਿਮਦਾਬਾਦ ਦੀਆਂ ਗਲ਼ੀਆਂ, ਸਾਬਰਕੰਠ ਦੇ ਪਿੰਡਾਂ ਅਤੇ ਵਡੋਦਰਾ ਵਿੱਚ ਵੱਖ-ਵੱਖ ਥਾਵਾਂ 'ਤੇ ਹੱਤਿਆਰੀ ਭੀੜ ਦੀ ਅਗਵਾਈ ਕੀਤੀ। ਭਾਜਪਾ ਵਿਧਾਇਕ ਮਾਇਆ ਬੇਨ ਕੋਦਨਾਨੀ ਨਰੋਦਾ ਇਲਾਕੇ ਵਿੱਚ ਦਿਨ ਭਰ ਭੀੜ ਨੂੰ ਦਿਸ਼ਾ ਨਿਰਦੇਸ਼ ਦਿੰਦੀ ਰਹੀ। ਵਿਹਿਪ ਨੇਤਾ ਅਤੁਲ ਵੈਦ ਅਤੇ ਭਾਰਤ ਤੇਲੀ ਨੇ ਇਹੀ ਕੰਮ ਗੁਲਬਰਗ ਹਾਊਸਿੰਗ ਸੁਸਾਇਟੀ ਇਲਾਕੇ ਵਿੱਚ ਕੀਤਾ। ਇਨ੍ਹਾਂ 'ਚੋਂ ਕਿਸੇ ਨੂੰ ਵੀ ਅੱਜ ਤੱਕ ਸਜਾ ਨਹੀਂ ਮਿਲੀ।

ਕਤਲੇਆਮ ਦੀਆਂ ਜ਼ਿਆਦਾਤਰ ਵਾਰਦਾਤਾਂ ਵਿੱਚ ਲੋਕਾਂ ਨੂੰ ਸਾੜ੍ਹ ਕੇ ਮਾਰਨ ਦਾ ਤਰੀਕਾ ਸਭ ਤੋਂ ਜ਼ਿਆਦਾ ਇਸਤੇਮਾਲ ਕੀਤਾ ਗਿਆ। ਇਸਦੇ ਲਈ ਮਿੱਟੀ ਦਾ ਤੇਲ ਅਤੇ ਪੈਟਰੋਲ ਤੋਂ ਇਲਾਵਾ ਗੈਸ ਦੇ ਸਿਲੰਡਰਾਂ ਦਾ ਜੰਮਕੇ ਇਸਤੇਮਾਲ ਹੋਇਆ। ਮੁਸਲਿਮ ਰਿਹਾਇਸ਼ੀ ਕਲੋਨੀਆਂ-ਬਸਤੀਆਂ ਨੂੰ ਚਾਰੋਂ ਪਾਸਿਓਂ ਘੇਰ ਕੇ ਘਰਾਂ ਦੇ ਦਰਵਾਜ਼ਿਆਂ ਵਿੱਚ ਕੁੰਡੀਆਂ ਲਗਾਕੇ ਉਨ੍ਹਾਂ 'ਚ ਅੱਗ ਲਗਾ ਦਿੱਤੀ ਜਾਂਦੀ ਸੀ। ਇਨ੍ਹਾਂ ਧਰਮਯੋਧਿਆਂ ਨੇ ਬਰਬਰਤਾ ਦੇ ਕਿਹੋ-ਜਿਹੇ ਕਾਰਨਾਮੇ ਕੀਤੇ ਇਸਦੇ ਦੋ ਸਭ ਤੋਂ ਵੱਧ ਲੂ-ਕੰਡੇ ਖੜ੍ਹੇ ਕਰਨ ਵਾਲ਼ੇ ਉਦਾਹਰਨ ਨਰੋਦਿਆ ਪਾਟਿਆ ਅਤੇ ਗੁਲਬਰਗ ਹਾਊਸਿੰਗ ਸੁਸਾਇਟੀ ਹੱਤਿਆਕਾਂਡ ਹਨ।

ਸਟਿੰਗ ਅਪਰੇਸ਼ਨ ਦੌਰਾਨ ਬਾਬੂ ਬਜਰੰਗੀ ਨੇ ਦੱਸਿਆ ਕਿ ਗੋਧਰਾ ਕਾਂਡ ਤੋਂ ਬਾਅਦ ਉਸਨੇ ਉਸੇ ਰਾਤ ਬਦਲਾ ਲੈਣ ਦੀ ਯੋਜਨਾ ਬਣਾਈ ਅਤੇ ਛਾੜਾ ਕਬੀਲੇ ਦੇ ਲੋਕਾਂ ਨੂੰ ਨਾਲ਼ ਲੈਕੇ ਅਗਲੇ ਦਿਨ ਸਵੇਰ ਤੋਂ ਹੀ ਕਾਰਵਾਈ ਸ਼ੁਰੂ ਕਰ ਦਿੱਤੀ। ਨਰੋਦਾ ਪਾਟਿਆ ਅਤੇ ਨਰੋਦਾ ਪਿੰਡ ਦੇ ਮੁਸਲਮਾਨਾਂ ਦੇ ਘਰਾਂ ਵਿੱਚ ਘੁਸ ਕੇ ਮੁਸਲਮਾਨਾਂ ਨੂੰ ਕੁੱਟਿਆ-ਵੱਢਿਆ, ਦਰਵਾਜ਼ਿਆਂ 'ਚ ਬਾਹਰੋਂ ਕੁੰਡੀ ਲਗਾ ਕੇ ਉਨ੍ਹਾਂ ਦੇ ਹੀ ਸਿਲੰਡਰਾਂ ਨਾਲ਼ ਅੱਗ ਲਗਾ ਦਿੱਤੀ ਅਤੇ ਜਦ ਜਾਨ ਬਚਾਉਣ ਲਈ ਭੱਜਕੇ ਕੁਝ ਲੋਕ ਇੱਕ ਵੱਡੇ ਸਾਰੇ ਖੱਡੇ ਵਿੱਚ ਕੁੱਦ ਗਏ ਤਾਂ ਉਨ੍ਹਾਂ 'ਤੇ ਮਿੱਟੀ ਦਾ ਤੇਲ ਅਤੇ ਬਲਦੇ ਟਾਇਰਾਂ ਨੂੰ ਸੁੱਟ ਕੇ ਸਾੜ੍ਹ ਦਿੱਤਾ। ਇੱਕ ਮਸਜਿਦ ਵਿੱਚ ਵੀ ਡੀਜ਼ਲ ਦਾ ਟੈਂਕਰ ਵਾੜ ਕੇ ਵਿਸਫੋਟ ਨਾਲ਼ ਉਡਾ ਦਿੱਤਾ ਗਿਆ ਅਤੇ ਮੁਸਲਮਾਨਾਂ ਦੀਆਂ ਸਾਰੀਆਂ ਦੁਕਾਨਾਂ ਤਹਿਸ-ਨਹਿਸ ਕਰ ਦਿੱਤੀਆਂ ਗਈਆਂ। ਛਾੜਾ ਕਬੀਲੇ ਦੇ ਦੋ ਨੌਜਵਾਨਾਂ ਨੇ ਇਹ ਵੀ ਸਵੀਕਾਰ ਕੀਤਾ ਕਿ ਉਨ੍ਹਾਂ ਨੇ ਬਲਾਤਕਾਰ ਕੀਤੇ।

ਗੁਲਬਰਗ ਸੁਸਾਇਟੀ ਵਿੱਚ ਵੀ ਇਸੇ ਤਰ੍ਹਾਂ ਹੈਵਾਨੀਅਤ ਦਾ ਨੰਗਾ ਨਾਚ ਹੋਇਆ। ਗੁਲਬਰਗ ਸੁਸਾਇਟੀ ਅਹਿਮਦਾਬਾਦ ਸ਼ਹਿਰ ਦੇ ਪੂਰਬੀ ਹਿੱਸੇ ਵਿੱਚ ਮੇਧਨੀ ਨਗਰ ਇਲਾਕੇ 'ਚ ਸਥਿਤ ਹੈ। ਇਸ ਹਤਿਆਕਾਂਡ ਵਿੱਚ ਸ਼ਾਮਲ ਤਿੰਨ ਵਪਾਰੀਆਂ ਪ੍ਰਹਲਾਦ ਰਾਜ, ਮਾਂਗੀ ਲਾਲ ਜੈਨ ਅਤੇ ਮਦਨ ਚਾਵਲਾ ਨੇ ਤਹਿਲਕਾ ਦੇ ਕੈਮਰੇ ਸਾਹਮਣੇ ਦੱਸਿਆ ਕਿ 28 ਫਰਵਰੀ 2002 ਨੂੰ ਸਵੇਰੇ ਲਗਭਗ 8.30 ਵਜੇ ਹੀ ਗੁਲਬਰਗ ਸੁਸਾਇਟੀ ਦੇ ਸਾਹਮਣੇ ਭੀੜ ਇਕੱਠੀ ਹੋ ਗਈ ਸੀ। ਭੀੜ ਦੀ ਅਗਵਾਈ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦੋ ਆਗੂਆਂ ਅਤੁਲ ਵੈਦ ਅਤੇ ਭਾਰਤ ਤੇਲੀ ਤੋਂ ਇਲਾਵਾ ਇੱਕ ਕਾਂਗਰਸ ਆਗੂ ਮੇਘ ਸਿੰਘ ਕਰ ਰਿਹਾ ਸੀ। ਭੀੜ ਨੇ ਸੁਸਾਇਟੀ ਨੂੰ ਘੇਰ ਲਿਆ। ਸੁਸਾਇਟੀ ਵਿੱਚ 30-35 ਮੁਸਲਿਮ ਪਰਿਵਾਰ ਰਹਿੰਦੇ ਸਨ। ਆਸਪਾਸ ਦੀਆਂ ਝੁੱਗੀ ਬਸਤੀਆਂ ਦੇ ਗਰੀਬ ਮੁਸਲਮਾਨ ਪਰਿਵਾਰ ਵੀ ਇਹ ਸੋਚਕੇ ਉੱਥੇ ਸ਼ਰਣ ਲੈਣ ਪਹੁੰਚ ਗਏ ਸਨ ਕਿ ਸੁਸਾਇਟੀ 'ਤੇ ਹਮਲਾ ਨਹੀਂ ਹੋਵੇਗਾ ਕਿਉਂਕਿ ਉੱਥੇ ਕਾਂਗਰਸ ਦੇ ਆਗੂ ਅਹਿਸਾਨ ਜ਼ਾਫਰੀ ਰਹਿੰਦੇ ਸਨ ਅਤੇ ਖ਼ੁਦ ਅਹਿਸਾਨ ਜਾਫ਼ਰੀ ਵੀ ਅਜਿਹਾ ਹੀ ਸੋਚਦੇ ਸਨ। ਪਰੰਤੂ ਇਸ ਹੱਤਿਆਰੀ ਭੀੜ ਨੇ ਕਿਸੇ ਦਾ ਚਿਹਰਾ ਨਹੀਂ ਪਹਿਚਾਣਿਆ।

ਬਾਅਦ ਦੁਪਿਹਰ ਲਗਭਗ 2.50 ਵਜੇ ਭੀੜ ਨੇ ਸੁਸਾਇਟੀ ਦੀ ਮੋਟੀ ਚਾਰ ਦਿਵਾਰੀ ਨੂੰ ਗੈਸ ਸਿਲੰਡਰਾਂ ਨਾਲ਼ ਵਿਸਫੋਟ ਕਰਕੇ ਉਡਾ ਦਿੱਤਾ। ਕੁੱਝ ਲੋਕ ਰੱਸੀ ਦੇ ਸਹਾਰੇ ਚਾਰਦਿਵਾਰੀ ਲੰਘਕੇ ਅੰਦਰ ਪਹੁੰਚੇ। ਆਪਣੀ ਸੁਰੱਖਿਆ ਦੀ ਦੁਹਾਈ ਦਿੰਦੇ ਹੋਏ ਅਹਿਸਾਨ ਜਾਫ਼ਰੀ ਲਗਾਤਾਰ ਪੰਜ ਘੰਟਿਆਂ ਤੱਕ ਮੁੱਖ ਮੰਤਰੀ ਦਫ਼ਤਰ, ਜ਼ਿਲ੍ਹੇ ਅਤੇ ਸੂਬੇ ਦੇ ਆਲ੍ਹਾ ਅਧਿਕਾਰੀਆਂ, ਦਿੱਲੀ ਦੇ ਕਾਂਗਰਸ ਆਗੂਆਂ-ਜਿੱਥੇ ਵੀ ਸੰਭਵ ਸੀ, ਫੋਨ ਕਰਦੇ ਰਹੇ ਸਨ ਪਰ ਕਿਤੋਂ ਕੋਈ ਜਵਾਬ ਨਹੀਂ ਮਿਲਿਆ। ਭੀੜ ਨੇ ਸੁਸਾਇਟੀ ਦੇ ਅੰਦਰ ਵੜ ਜਾਣ ਤੋਂ ਬਾਅਦ ਉਨ੍ਹਾਂ ਨੇ ਬਦਹਵਾਸ ਹੋਕੇ ਪੁਲਿਸ ਅਧਿਕਾਰੀਆਂ ਅਤੇ ਆਗੂਆਂ ਨੂੰ ਫੋਨ 'ਤੇ ਫੋਨ ਕੀਤੇ ਪਰ ਕਿਤੋਂ ਵੀ ਕੋਈ ਜਵਾਬ ਨਹੀਂ ਮਿਲਿਆ ਤਦ ਉਨ੍ਹਾਂ ਨੇ ਆਖਰੀ ਉਪਾਅ ਦੇ ਤੌਰ 'ਤੇ ਭੀੜ 'ਤੇ ਫਾਇਰ ਕਰ

ਦਿੱਤਾ ਜਿਸ ਵਿੱਚ ਇੱਕ-ਦੋ ਲੋਕ ਜ਼ਖਮੀ ਹੋ ਗਏ। ਫਿਰ ਉਨ੍ਹਾਂ ਨੇ ਆਪਣੀ ਅਤੇ ਸੁਸਾਇਟੀ ਦੇ ਮੁਸਲਮਾਨਾਂ ਦੀ ਜਾਨ ਬਖਸ਼ ਦੇਣ ਲਈ ਭੀੜ ਸਾਹਮਣੇ ਪੈਸੇ ਦੇਣ ਦਾ ਪ੍ਰਸਤਾਵ ਰੱਖਿਆ। ਇਸ 'ਤੇ ਭੀੜ ਨੇ ਉਨ੍ਹਾਂ ਨੂੰ ਪੈਸੇ ਲੈਕੇ ਫਲੈਟ ਤੋਂ ਹੇਠਾਂ ਆਉਣ ਲਈ ਕਿਹਾ।

ਜਿਵੇਂ ਹੀ ਅਹਿਸਾਨ ਜਾਫ਼ਰੀ ਹੇਠਾਂ ਉੱਤਰੇ ਅਤੇ ਪੈਸੇ ਜ਼ਮੀਨ 'ਤੇ ਸੁੱਟਕੇ ਤੇਜ਼ੀ ਨਾਲ਼ ਵਾਪਸ ਜਾਣ ਲੱਗੇ ਤਾਂ ਪੰਜ-ਛੇ ਲੋਕਾਂ ਨੇ ਉਨ੍ਹਾਂ ਨੂੰ ਫੜ ਲਿਆ। ਉਸਦੇ ਬਾਅਦ ਫਿਰ ਕੁੱਝ ਲੋਕਾਂ ਨੇ ਤਲਵਾਰ ਨਾਲ਼ ਇੱਕ-ਇੱਕ ਕਰਕੇ ਪਹਿਲਾਂ ਉਹਨਾਂ ਦੇ ਹੱਥ ਵੱਢੇ, ਪੈਰ ਵੱਢੇ, ਫਿਰ ਬੋਟੀ-ਬੋਟੀ ਵੱਢ ਦਿੱਤਾ ; ਫਿਰ ਉਨ੍ਹਾਂ ਨੂੰ ਲੱਕੜ ਦੀ ਚਿਤਾ ਸਜਾਕੇ ਜਿਉਂਦਾ ਜਲਾ ਦਿੱਤਾ। ਇਸ ਤੋਂ ਬਾਅਦ ਭੀੜ ਨੇ ਇੱਕ-ਇੱਕ ਕਰਕੇ ਲੋਕਾਂ ਨੂੰ ਘਰਾਂ ਤੋਂ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਮਾਰ ਕੇ ਅੱਗ ਲਾ ਦਿੱਤੀ। ਦੋ ਘੰਟਿਆਂ ਤੱਕ ਚੱਲੇ ਇਸ ਕਤਲੇਆਮ ਦੌਰਾਨ ਪੁਲਿਸ ਨਾ ਕੇਵਲ ਮੂਕਦਰਸ਼ਕ ਬਣੀ ਰਹੀ ਸਗੋਂ ਉਸਨੇ ਮੁਸਲਮਾਨਾਂ ਦਾ ਕਤਲ ਕਰਨ ਲਈ ਲਲਕਾਰਿਆ। 4.30 ਵਜੇ ਪੁਲਿਸ ਨੇ ਭੀੜ ਨੂੰ ਖਿੰਡਾਇਆ। ਅਧਿਕਾਰਕ ਸੂਤਰਾਂ ਅਨੁਸਾਰ ਗੁਲਬਰਗ ਸੁਸਾਇਟੀ ਵਿੱਚ ਕੁੱਲ 39 ਲੋਕ ਮਾਰੇ ਗਏ ਜਦਕਿ ਕਤਲੇਆਮ ਵਿੱਚ ਸ਼ਾਮਲ ਵਪਾਰੀਆਂ ਨੇ 'ਤਹਿਲਕਾ' ਨੂੰ ਦੱਸਿਆ ਕਿ ਇਸ ਤੋਂ ਕਾਫ਼ੀ ਜ਼ਿਆਦਾ ਲੋਕ ਮਾਰੇ ਗਏ ਸਨ।

ਇਸੇ ਤਰ੍ਹਾਂ ਬੜੋਦਰਾ, ਸਾਬਰਕੰਠ ਅਤੇ ਪੂਰੇ ਗੁਜਰਾਤ ਵਿੱਚ ਹਿੰਦੂ ਧਰਮਯੋਧਿਆਂ ਨੇ ਗੋਧਰਾ ਦਾ 'ਬਦਲਾ' ਲਿਆ। 72 ਘੰਟੇ ਤੱਕ ਪੂਰੇ ਗੁਜਰਾਤ ਵਿੱਚ ਵਹਿਸ਼ਤ ਦਾ ਨੰਗਾ ਨਾਚ ਹੁੰਦਾ ਰਿਹਾ। ਰਾਜ ਮਸ਼ੀਨਰੀ ਪੂਰੀ ਤਰ੍ਹਾਂ ਸਹਿਯੋਗ ਕਰਦੀ ਰਹੀ। 72 ਘੰਟੇ ਬਾਅਦ ਮੋਦੀ ਦੇ ਨਿਰਦੇਸ਼ 'ਤੇ ਸਭ ਕੁੱਝ ਰੁਕ ਗਿਆ। ਕਾਨੂੰਨ-ਵਿਵਸਥਾ 'ਤੇ ਕਾਬੂ ਪਾ ਲਿਆ ਗਿਆ।

ਗੋਧਰਾ ਕਾਂਡ ਦੀ ਸੱਚਾਈ

ਗੋਧਰਾ ਰੇਲਵੇ ਸਟੇਸ਼ਨ 'ਤੇ ਕੀ ਹੋਇਆ ਸੀ? ਸਾਬਰਮਤੀ ਐਕਸਪ੍ਰੈੱਸ ਦੇ ਐਸ-6 ਡੱਬੇ 'ਚ ਅੱਗ ਕਿਉਂ ਅਤੇ ਕਿਵੇਂ ਲੱਗੀ? ਇਹ ਇੱਕ ਯੋਜਨਾਬੱਧ ਕਾਂਡ ਸੀ ਜਾਂ ਆਪ-ਮੁਹਾਰੀ ਘਟਨਾ? ਇਨ੍ਹਾਂ ਸਵਾਲਾਂ ਦੀ ਸੱਚਾਈ ਸਾਹਮਣੇ ਨਾ ਆ ਜਾਏ ਇਸਦੇ ਲਈ ਮੋਦੀ ਸਰਕਾਰ ਅਤੇ ਸਮੁੱਚੇ ਭਗਵੇਂ ਬ੍ਰਿਗੇਡ ਨੇ ਬਿਲਕੁਲ ਹਿਟਲਰ ਦੇ ਪ੍ਰਚਾਰ ਮੰਤਰੀ ਗੋਬਲਜ਼ ਦੀ ਤਰਜ਼ 'ਤੇ ਇਸ ਝੂਠ ਨੂੰ ਲਗਾਤਾਰ ਪ੍ਰਚਾਰਿਆ ਕਿ ਇੱਕ ਸਾਜਸ਼ ਦੇ ਤਹਿਤ ਮੁਸਲਮਾਨਾਂ ਨੇ ਗੋਧਰਾ 'ਚ ਸਾਬਰਮਤੀ ਐਕਸਪ੍ਰੈਸ ਦੀ ਬੋਗੀ 'ਚ ਅੱਗ ਲਾ ਕੇ ਅਯੋਧਿਆ ਤੋਂ ਵਾਪਸ ਆ ਰਹੇ ਕਾਰਸੇਵਕਾਂ ਨੂੰ ਮਾਰ ਦਿੱਤਾ। ਪਰੰਤੂ 'ਤਹਿਲਕਾ' ਦੇ ਸਟਿੰਗ ਅਪਰੇਸ਼ਨ 'ਚ ਵੀ ਇਹੀ ਸੱਚਾਈ ਪ੍ਰਮਾਣਤ ਹੋਈ ਜੋ ਕੁਝ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਜਸਟਿਸ ਬੈਨਰਜੀ ਕਮਿਸ਼ਨ ਨੇ ਉਜਾਗਰ ਕੀਤੀ ਸੀ। ਇਹ ਇੱਕ ਆਪ-ਮੁਹਾਰਾ ਹਾਦਸਾ ਸੀ।

ਗੋਧਰਾ ਰੇਲਵੇ ਸਟੇਸ਼ਨ 'ਤੇ ਕੁੱਝ ਕਾਰਸੇਵਕਾਂ ਨੇ ਕੁੱਝ ਮੁਸਲਿਮ ਵੈਂਡਰਾਂ ਨਾਲ਼ ਝਗੜਾ ਕੀਤਾ ਫਿਰ ਇੱਕ ਮੁਸਲਮਾਨ ਲੜਕੀ ਨੂੰ ਜ਼ਬਰਦਸਤੀ ਖਿੱਚਕੇ ਟ੍ਰੇਨ ਦੇ ਡੱਬੇ 'ਚ ਲੈ ਜਾਣ ਦੀ ਕੋਸ਼ਿਸ਼ ਕਰਨ ਲੱਗੇ। ਇਸਦੀ ਖ਼ਬਰ ਕਸਬੇ 'ਚ ਪਹੁੰਚੀ ਤਾਂ ਹੌਲ਼ੀ-ਹੌਲ਼ੀ ਮੁਸਲਮਾਨ ਅਬਾਦੀ ਦੀ ਭੀੜ ਇਕੱਠੀ ਹੋਣ ਲੱਗੀ। ਟ੍ਰੇਨ ਸਟੇਸ਼ਨ ਤੋਂ ਚੱਲਣ ਬਾਅਦ ਕੈਬਿਨ-ਏ ਕੋਲ਼ ਪਹੁੰਚੀ ਹੀ ਸੀ ਕਿ ਕਿਸੇ ਨੇ ਜੰਜੀਰ ਖਿੱਚਕੇ ਟ੍ਰੇਨ ਰੋਕ ਦਿੱਤੀ। ਤਦ ਤੱਕ ਉੱਥੇ ਕਾਫ਼ੀ ਭੀੜ ਇਕੱਠੀ ਹੋ ਚੁੱਕੀ ਸੀ। ਭੀੜ ਨੇ ਬੋਗੀ 'ਤੇ ਪੱਥਰ ਮਾਰਨੇ ਸ਼ੁਰੂ ਕੀਤੇ, ਇਸ ਨਾਲ਼ ਐਸ-6 ਬੋਗੀ ਦੀਆਂ ਕੁੱਝ ਖਿੜਕੀਆਂ ਦੇ ਸ਼ੀਸੇ ਟੁੱਟ ਗਏ ਅਤੇ ਡੱਬੇ ਦੇ ਅੰਦਰ ਕੁਝ ਯਾਤਰੀਆਂ ਨੂੰ ਸੱਟਾਂ ਲੱਗੀਆਂ। ਕੁੱਝ ਦੇਰ ਦੇ ਪਥਰਾਅ ਤੋਂ ਪਿੱਛੋਂ ਟ੍ਰੇਨ ਦੀ ਬੋਗੀ 'ਚੋਂ ਧੂੰਆਂ ਉੱਠਣ ਲੱਗਿਆ ਅਤੇ ਦੇਖਦੇ ਹੀ ਦੇਖਦੇ ਲਪਟਾਂ ਨਿਕਲਣ ਲੱਗੀਆਂ। ਇਸ ਹਾਦਸੇ 'ਚ ਬਚੇ ਕੁਝ ਮੁਸਾਫਰਾਂ ਨੇ 'ਤਹਿਲਕਾ' ਦੇ ਪੱਤਰਕਾਰ ਨੂੰ ਦੱਸਿਆ ਕਿ ਭੀੜ ਵਿੱਚੋਂ ਕੋਈ ਬਲਦਾ ਹੋਇਆ ਟੁਕੜਾ ਡੱਬੇ ਦੀ ਖਿੜਕੀ 'ਚੋਂ ਅੰਦਰ ਸੁੱਟਿਆ ਗਿਆ ਪਰੰਤੂ ਕਾਰਸੇਵਕਾਂ ਤੋਂ ਇਲਾਵਾ ਕਿਸੇ ਨੇ ਵੀ ਨਹੀਂ ਕਿਹਾ ਕਿ ਭੀੜ 'ਚ ਲੋਕ ਜਲਣਸ਼ੀਲ ਦ੍ਰਵ (ਪੈਟਰੋਲ ਜਾਂ ਕੈਰੋਸੀਨ ਆਦਿ) ਲੈ ਕੇ ਚਲ ਰਹੇ ਸਨ। ਜਦਕਿ ਭਗਵਾ ਬ੍ਰਿਗੇਡ ਨੇ ਗੋਧਰਾ ਬਾਰੇ 'ਚ ਜੋ ਕਹਾਣੀ ਪ੍ਰਚਾਰੀ ਕੀਤੀ ਉਸ ਅਨੁਸਾਰ ਮੁਸਲਮਾਨਾਂ ਨੇ 26 ਫਰਵਰੀ ਦੀ ਰਾਤ ਨੂੰ ਹੀ ਯੋਜਨਾਬੰਧ ਢੰਗ ਨਾਲ਼ ਇੱਕ ਪੈਟਰੋਲ ਪੰਪ ਤੋਂ ਪੈਟਰੋਲ ਇਕੱਠਾ ਕੀਤਾ ਅਤੇ ਅਗਲੇ ਦਿਨ ਟ੍ਰੇਨ ਰੋਕ ਕੇ ਕਾਰਸੇਵਕਾਂ ਨੂੰ ਜਲਾ ਦਿੱਤਾ। ਇਸ ਸਮੁੱਚੇ ਮਾਮਲੇ 'ਚ ਕਿਸ ਤਰ੍ਹਾਂ ਭਗਵਾਂ ਆਗੂਆਂ ਦੇ ਇਸ਼ਾਰਿਆਂ 'ਤੇ ਪੁਲਿਸ ਨੇ ਐਫ. ਆਈ. ਆਰ. ਦਰਜ ਕਰਾਈ, ਡਰਾ-ਧਮਕਾ ਕੇ ਪੈਸੇ ਦੇ ਕੇ ਫਰਜੀ ਚਸ਼ਮਦੀਦ ਗਵਾਹ ਤਿਆਰ ਕਰਾਏ ਅਤੇ ਕਿਸ ਤਰ੍ਹਾਂ ਯੋਜਨਾਬੱਧ ਕਾਂਡ ਦੇ ਰੂਪ 'ਚ ਲਗਾਤਾਰ ਪ੍ਰਚਾਰਿਆ ਗਿਆ, ਇਸਦਾ ਪਰਦਾਫਾਸ਼ ਸਟਿੰਗ ਅਪਰੇਸ਼ਨ 'ਚ ਹੋਇਆ ਹੈ। ਗੋਧਰਾ ਬਾਰੇ 'ਤਹਿਲਕਾ' ਦੁਆਰਾ ਉਜਾਗਰ ਕੀਤੀਆਂ ਗਈਆਂ ਸੱਚਾਈਆਂ ਜਸਟਿਸ ਬੈਨਰਜੀ ਦੀ ਰਿਪੋਰਟ ਅਤੇ ਫੌਰੇਂਸਿਕ ਜਾਂਚ ਰਿਪੋਰਟ ਨਾਲ਼ ਮੇਲ ਖਾਂਦੀਆਂ ਹਨ ਜਿਸ 'ਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਬਾਹਰੋਂ ਕੋਈ ਜਲਣਸ਼ੀਲ ਦ੍ਰਵ ਨਹੀਂ ਸੁੱਟਿਆ ਗਿਆ। ਲੋਕ ਡੱਬੇ 'ਚੋਂ ਕੁੱਦਕੇ ਇਸ ਲਈ ਨਹੀਂ ਭੱਜ ਸਕੇ ਕਿਉਂਕਿ ਕੁਝ ਕਾਰਸੇਵਕਾਂ ਨੇ ਪਲੇਟਫਾਰਮ 'ਤੇ ਝਗੜੇ ਵਾਲੀ ਗੱਲ ਡੱਬੇ ਦੇ ਸਾਰੇ ਯਾਤਰੀਆਂ ਨੂੰ ਦੱਸ ਦਿੱਤੀ ਸੀ ਅਤੇ ਲੋਕਾਂ ਨੇ ਡਰ ਅਤੇ ਸ਼ੱਕ ਨਾਲ਼ ਖੁਦ ਹੀ ਡੱਬੇ ਦੀਆਂ ਖਿੜਕੀਆਂ ਅਤੇ ਦਰਵਾਜ਼ੇ ਬੰਦ ਕਰ ਲਏ ਸਨ। ਦਰਵਾਜੇ ਕੋਲ਼ ਭਾਰਾ ਸਮਾਨ ਟਿਕਾ ਦਿੱਤਾ ਗਿਆ ਸੀ ਜਿਸ ਨਾਲ਼ ਉਹ ਅੱਗ ਲਗਣ ਤੋਂ ਬਾਅਦ ਜਲਦੀ ਖੁੱਲ੍ਹ ਨਹੀਂ ਸਕੇ।

ਗੋਧਰਾ ਕਾਂਡ ਦੇ ਤਿੰਨੇ ਚਸ਼ਮਦੀਦ ਗਵਾਹਾਂ ਨੇ ਤਹਿਲਕਾ ਪੱਤਰਕਾਰ ਨੂੰ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਫਰਜੀ ਗਵਾਹ ਬਣਾਇਆ ਗਿਆ। ਇੱਕ ਗਵਾਹ ਮੁਰਲੀ ਮੂਲਚੰਦਾਨੀ ਨੇ ਦੱਸਿਆ ਕਿ ਉਹ ਗੋਧਰਾ ਸਟੇਸ਼ਨ 'ਤੇ ਸੀ ਹੀ ਨਹੀਂ। ਉਹ ਘਰੇ ਸੌਂ ਰਿਹਾ ਸੀ ਪਰੰਤੂ ਪੁਲਿਸ ਨੇ ਉਸਦਾ ਨਾਂ ਗਵਾਹੀ 'ਚ ਪਾ ਦਿੱਤਾ। ਇੱਕ ਗਵਾਹ ਕਾਕੁਲ ਪਾਠਕ ਨੇ ਦੱਸਿਆ ਕਿ ਸਾਰੇ ਦੋਸ਼ੀ ਮੁਸਲਮਾਨਾਂ ਦੇ ਨਾਂ ਪੁਲਿਸ ਨੇ ਦੱਸੇ ਸਨ। ਕਿਸੇ ਵੀ ਚਸ਼ਮਦੀਦ ਗਵਾਹ ਨੇ ਆਪਣਾ ਬਿਆਨ ਲਿਖਕੇ ਨਹੀਂ ਦਿੱਤਾ।

ਸਾਰੇ ਬਿਆਨ ਖੁਦ ਪੁਲਿਸ ਨੇ ਲਿਖੇ। ਇੱਕ ਗਵਾਹ ਰਣਜੀਤ ਸਿੰਘ ਪਟੇਲ ਨੇ ਦੱਸਿਆ ਕਿ ਜਾਂਚ ਅਧਿਕਾਰੀ ਨੋਏਲ ਪਰਮਾਰ ਨੇ ਉਸਨੂੰ ਇੱਕ ਕਥਿਤ ਦੋਸ਼ੀ ਦੀ ਫੋਟੋ ਦਿਖਾਕੇ ਪਹਿਚਾਣਨ ਲਈ ਕਿਹਾ। ਬਦਲੇ 'ਚ ਉਸਨੂੰ ਪੰਜਾਹ ਹਜ਼ਾਰ ਮਿਲੇ। ਇਸੇ ਤਰ੍ਹਾਂ ਕਾਰਸੇਵਕਾਂ ਨੇ ਆਪਣੇ ਝੂਠੇ ਬਿਆਨ ਦਰਜ ਕਰਾਏ। ਕਿਸੇ ਨੇ ਮੁਸਲਿਮ ਵੈਂਡਰਾਂ ਨਾਲ਼ ਝਗੜਾ ਹੋਣ ਅਤੇ ਇੱਕ ਮੁਸਲਮਾਨ ਲੜਕੀ ਨੂੰ ਖਿੱਚਕੇ ਡੱਬੇ 'ਚ ਲੈ ਜਾਣ ਦੀ ਕੋਸ਼ਿਸ਼ ਕਰਨ ਦੀ ਗੱਲ ਨਹੀਂ ਦੱਸੀ। ਜਦਕਿ ਸੋਫ਼ੀਆ ਬਾਨੋ ਨਾਮੀ 18 ਸਾਲਾ ਇਸ ਕੁੜੀ ਨੇ ਤਹਿਲਕਾ ਪੱਤਰਕਾਰ ਨੂੰ ਦੱਸਿਆ ਕਿ ਕੁਝ ਕਾਰਸੇਵਕਾਂ ਨੇ ਉਸਨੂੰ ਡੱਬੇ ਦੇ ਅੰਦਰ ਖਿੱਚਣ ਦੀ ਕੋਸ਼ਿਸ਼ ਕੀਤੀ, ਜਿਸ ਪਿੱਛੋਂ ਲੋਕ ਭੜਕ ਉੱਠੇ। ਜਿਸ ਕੈਬਿਨ-ਏ ਕੋਲ਼ ਟ੍ਰੇਨ 'ਚ ਅੱਗ ਲੱਗੀ ਸੀ ਉੱਥੇ ਇਕੱਠੀ ਭੀੜ ਤੋਂ ਜਦ ਕਰਮਚਾਰੀ ਨੇ ਕਾਰਣ ਪੁੱਛਿਆ ਤਾਂ ਲੋਕਾਂ ਨੇ ਉਸਨੂੰ ਦੱਸਿਆ ਸੀ ਕਿ ਉਹ ਕਿਸੇ ਨੂੰ ਲੱਭ ਰਹੇ ਹਨ। ਇਸ ਤੋਂ ਵੀ ਇਹੀ ਸਾਬਤ ਹੁੰਦਾ ਹੈ ਕਿ ਲੜਕੀ ਨੂੰ ਖਿੱਚਕੇ ਟ੍ਰੇਨ 'ਚ ਲੈ ਜਾਣ ਦੀ ਖ਼ਬਰ ਸੁਣਕੇ ਲੋਕ ਭੜਕ ਉਠੇ ਸਨ ਅਤੇ ਗੋਧਰਾ ਦੀ ਘਟਨਾ ਆਪ-ਮੁਹਾਰੀ ਘਟਨਾ ਸੀ, ਕੋਈ ਯੋਜਨਾਬੱਧ ਕਾਰਵਾਈ ਨਹੀਂ।

ਹਿੰਦੂਤਵਵਾਦੀ ਕੌਮਵਾਦ :
ਫ਼ਾਸੀਵਾਦ ਦਾ ਭਾਰਤੀ ਚੇਹਰਾ

ਗੁਜਰਾਤ 'ਚ ਹਿੰਦੂਤਵ ਦੇ ਅਲੰਬਰਦਾਰਾਂ ਦੇ ਇਨ੍ਹਾਂ ਘਿਨੌਣੇ ਕਾਰਨਾਮਿਆਂ ਨੇ ਇਹੀ ਸਾਬਤ ਕੀਤਾ ਹੈ ਕਿ 'ਕੌਮਵਾਦ' ਦਾ ਭੇਸ-ਬਾਣਾ ਧਾਰੀ ਅਖੌਤੀ ਸੁਨਹਿਰੀ ਅਤੀਤ ਨੂੰ ਮੁੜਸਿਰਜਣ 'ਚ ਲੱਗੀਆਂ ਇਨਾਂ ਤਾਕਤਾਂ ਦਾ ਅਸਲੀ ਮਕਸਦ ਨਾਜ਼ੀ ਬਰਬਰਤਾ ਦੀ ਮੁੜ ਸੁਰਜੀਤੀ ਹੈ। ਇਹ ਹਿਟਲਰ ਦੇ ਨਾਜ਼ੀਵਾਦ ਅਤੇ ਮੁਸੋਲਿਨੀ ਦੇ ਫਾਸੀਵਾਦ ਦਾ ਭਾਰਤੀ ਚਿਹਰਾ ਹੈ। ਹਿਟਲਰ ਦੇ ਨਾਜ਼ੀਵਾਦ (ਜਾਂ ਕੌਮੀ ਸਮਾਜਵਾਦ) ਦੇ ਨਾਹਰੇ ਦਾ ਸਥਾਨ ਇੱਥੇ ਹਿੰਦੂਤਵਵਾਦੀ ਕੌਮਵਾਦ ਨੇ ਲੈ ਲਿਆ ਹੈ। ਜਿਸ ਤਰ੍ਹਾਂ ਹਿਟਲਰ ਨੇ ਆਰੀਆ ਨਸਲ ਦੇ ਸ਼ੁੱਧੀਕਰਣ ਅਤੇ ਉਸਦੀ ਅਖੌਤੀ ਸ੍ਰੇਸ਼ਠਤਾ ਦੀ ਚੌਧਰ ਨੂੰ ਸਥਾਪਿਤ ਕਰਨ ਦੇ ਨਾਂ 'ਤੇ ਯਹੂਦੀਆਂ ਦਾ ਕਤਲੇਆਮ ਕਰਾਇਆ, ਹੂ-ਬ-ਹੂ ਉਸੇ ਤਰਜ 'ਤੇ ਗੁਜਰਾਤ 'ਚ ਹਿੰਦੂ ਧਰਮ ਦੇ ਨਾਂ 'ਤੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ। ਗੋਧਰਾ ਦੀ ਘਟਨਾ ਬਾਰੇ ਜਿਸ ਤਰ੍ਹਾਂ ਯੋਜਨਾਬੱਧ ਢੰਗ ਨਾਲ਼ ਲਗਾਤਾਰ ਝੂਠ ਨੂੰ ਪ੍ਰਚਾਰਿਆ ਗਿਆ ਉਹ ਹੂ-ਬ-ਹੂ ਹਿਟਲਰੀ ਪ੍ਰਚਾਰ ਸ਼ੈਲੀ ਸੀ।

ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਅਖੌਤੀ ਰਚਨਾਤਮਕ ਕੰਮਾਂ ਬਾਰੇ ਜਿਨ੍ਹਾਂ ਲੋਕਾਂ ਦੇ ਮਨ 'ਚ ਜ਼ਰਾ ਕੁ ਵੀ ਭਰਮ ਹੋਵੇ ਉਨ੍ਹਾਂ ਨੂੰ ਗੁਜਰਾਤ 'ਚ ਛਾੜਾ ਕਬੀਲੇ ਵਿੱਚ ਸੰਘ ਦੁਆਰਾ ਕੀਤੇ ਗਏ ਹਿੰਦੂਤਵ ਦੇ ਰਚਨਾਤਮਕ ਪ੍ਰਯੋਗ ਨੂੰ ਦੇਖ ਲੈਣਾ ਚਾਹੀਦਾ ਹੈ। ਅਹਿਮਦਾਬਾਦ ਦੇ ਨਰੋਦਾ ਪਾਟਿਆ ਕਤਲੇਆਮ 'ਚ ਬਾਬੂ ਬਜਰੰਗੀ ਦੀ ਅਗਵਾਈ 'ਚ ਕੁੜੀਆਂ ਨਾਲ਼ ਬਲਾਤਕਾਰ ਕਰਨ ਤੋਂ ਲੈ ਕੇ ਘਿਨੌਣੇ ਕਾਰਨਾਮਿਆਂ ਨੂੰ ਅੰਜਾਮ ਦੇਣ 'ਚ ਛਾੜਾ ਕਬੀਲੇ ਦੇ ਨੌਜਵਾਨਾਂ ਦੀ ਹੀ ਪ੍ਰਮੁੱਖ ਭੂਮਿਕਾ ਸੀ। ਪਰੰਪਰਾਗਤ ਤੌਰ 'ਤੇ ਜਰਾਇਮ ਪੇਸ਼ਾ ਮੰਨੇ ਜਾਣ ਵਾਲ਼ੇ ਇਸ ਕਬੀਲੇ ਦੇ ਨੌਜਵਾਨਾਂ ਸਮੇਤ ਬਜ਼ੁਰਗਾਂ ਅਤੇ ਔਰਤਾਂ ਤੱਕ ਨੂੰ ਇਨ੍ਹਾਂ ਕਾਲੀਆਂ ਕਰਤੂਤਾਂ 'ਤੇ ਕੋਈ ਪਛਤਾਵਾ ਨਹੀਂ ਹੈ। ਉਹ ਆਪਣੀਆਂ ਕਰਤੂਤਾਂ 'ਤੇ ਮਾਣ ਕਰਦੇ ਹਨ ਅਤੇ ਮਾਣ ਨਾਲ਼ ਕਹਿੰਦੇ ਹਨ ਕਿ ਉਨ੍ਹਾਂ ਨੇ ਹਿੰਦੂ ਸਮਾਜ ਦਾ ਸਿਰ ਮਾਣ ਨਾਲ਼ ਉੱਚਾ ਉਠਾਇਆ। ਆਪਣੇ 'ਰਚਨਾਤਮਕ' ਕੰਮਾਂ ਰਾਹੀਂ ਸੰਘ ਕਾਰਕੁਨਾਂ ਨੇ ਇਨ੍ਹਾਂ ਅੰਦਰ 'ਹਿੰਦੂਤਵ' ਦੀ ਇਹੀ 'ਚੇਤਨਾ' ਜਗਾਈ ਸੀ। ਰਾਸ਼ਟਰੀ ਸਵੈਮਸੇਵਕ ਸੰਘ ਦੀ ਵਿਚਾਰਧਾਰਾ ਇਟਲੀ ਦੇ ਬਰਬਰ ਤਾਨਾਸ਼ਾਹ ਮੁਸੋਲਿਨੀ ਦੀ ਫਾਸੀਵਾਦੀ ਵਿਚਾਰਧਾਰਾ ਦਾ ਭਾਰਤੀ ਸੰਸਕਰਣ ਹੈ। ਮੁਸੋਲਿਨੀ ਦੀ ਫਾਸੀਵਾਦੀ ਵਿਚਾਰਧਾਰਾ ਦਾ ਮੂਲ ਸੰਕਲਪ ਹੈ ਕਿ ਸਮਾਜ ਵਿੱਚ ਆਰਥਿਕ-ਸਮਾਜਕ ਬਰਾਬਰਤਾ ਨਹੀਂ ਕਾਇਮ ਹੋ ਸਕਦੀ। ਕੁੱਝ ਲੋਕ ਸ਼ਾਸਕ ਬਣਨ ਲਈ ਅਤੇ ਕੁੱਝ ਲੋਕ ਸ਼ਾਸਿਤ ਹੋਣ ਲਈ ਹੀ ਪੈਦਾ ਹੁੰਦੇ ਹਨ। ਇਸ ਘੋਰ ਮਨੁੱਖਦੋਖੀ ਵਿਚਾਰਧਾਰਾ ਅਨੁਸਾਰ ਔਰਤਾਂ ਪੁਰਸ਼ਾਂ ਦੇ ਬਰਾਬਰ ਕਦੇ ਨਹੀਂ ਹੋ ਸਕਦੀਆਂ ਅਤੇ ਉਨ੍ਹਾਂ ਦਾ ਕੰਮ ਕੇਵਲ ਬੱਚੇ ਪੈਦਾ ਕਰਨਾ ਅਤੇ ਘਰ ਗ੍ਰਹਸਥੀ ਸੰਭਾਲਣਾ ਹੀ ਹੈ। ਜਮਹੂਰੀ ਕਦਰਾਂ ਦੀ ਘਣਘੋਰ ਵਿਰੋਧੀ ਇਸ ਵਿਚਾਰਧਾਰਾ ਦੀ ਨਜ਼ਰ 'ਚ ਆਦਰਸ਼ ਰਾਜ ਇੱਕ ਨਿਰੰਕੁਸ਼ ਸਰਵਸੱਤਾਵਾਦੀ ਰਾਜ ਹੈ ਜਿਸ 'ਚ ਸਮੁੱਚੇ ਅਧਿਕਾਰ ਰਾਜ ਦੇ ਹੱਥਾਂ 'ਚ ਕੇਂਦਰਤ ਹੋਣੇ ਚਾਹੀਦੇ ਹਨ ਅਤੇ ਨਾਗਰਿਕਾਂ ਨੂੰ ਕੇਵਲ ਰਾਜ ਦੁਆਰਾ ਤੈਅ ਕੀਤੇ ਕਰਤੱਵਾਂ ਦਾ ਨਿਸ਼ਠਾਪੂਰਵਕ ਪਾਲਣ ਕਰਨਾ ਚਾਹੀਦਾ ਹੈ, ਇਸ ਰਾਜ ਵਿੱਚ ਸਾਰੇ ਨਾਗਰਿਕਾਂ ਦੇ ਬਰਾਬਰ ਅਧਿਕਾਰ ਨਹੀਂ ਹੋ ਸਕਦੇ।

ਰਾਸ਼ਟਰੀ ਸਵੈਮ ਸੇਵਕ ਸੰਘ ਨੇ ਇਸ ਘਣਘੋਰ ਮਨੁੱਖਦੋਖੀ ਵਿਚਾਰਧਾਰਾ ਦੇ ਸਾਰ ਨੂੰ ਗ੍ਰਹਿਣ ਕਰਦੇ ਹੋਏ ਉਸਨੂੰ ਭਾਰਤੀ ਬਾਣਾ ਪਹਿਨਾ ਦਿੱਤਾ ਹੈ। ਜਾਤ ਪ੍ਰਬੰਧ ਦਾ ਆਰ. ਐਸ. ਐਸ. ਦੁਆਰਾ ਸਮਰਥਨ ਜਨਮ ਤੋਂ ਸ੍ਰੇਸ਼ਠ ਅਤੇ ਨੀਵਾਂ ਹੋਣ ਦੇ ਫਾਸੀਵਾਦੀ ਸੰਕਲਪ ਨੂੰ ਮੰਨਣਾ ਹੈ ਅਤੇ ਸਮਾਜ 'ਚ ਔਰਤਾਂ ਦੀ ਦੂਜੇ ਦਰਜੇ ਦੀ ਸਥਿਤੀ ਦਾ ਭਾਰਤੀ ਸੱਭਿਆਚਾਰ ਅਤੇ ਸਭਿਅਤਾ ਦੇ ਪਰਦੇ ਹੇਠ ਗੁਣ ਗਾਣ ਕੀਤਾ ਜਾਂਦਾ ਹੈ। ਭਾਰਤ ਵਿੱਚ ਹਿੰਦੂ ਰਾਜ ਦੀ ਸਥਾਪਨਾ ਅਤੇ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾ ਦੇਣ ਦੀ ਵਕਾਲਤ ਕਰਕੇ, ਆਰ. ਐਸ. ਐਸ. ਫਾਸੀਵਾਦੀ ਰਾਜ ਦੇ ਸੰਕਲਪ ਦਾ ਇੱਕ ਭਾਰਤੀ ਸੰਸਕਰਣ ਹੀ ਪੇਸ਼ ਕਰਦੀ ਹੈ। ਆਰ. ਐਸ. ਐਸ. ਦੇ ਰਾਜਨੀਤਿਕ ਮੁਖੌਟੇ ਭਾਜਪਾ ਦੁਆਰਾ ਕਦੇ-ਕਦਾਈਂ ਜਮਹੂਰੀਅਤ ਦੀ ਜੁਗਾਲ਼ੀ ਕਰਨ ਤੋਂ ਕੋਈ ਭਰਮ ਨਹੀਂ ਹੋਣਾ ਚਾਹੀਦਾ ਹੈ। ਫਿਲਹਾਲ ਸਰਮਾਏਦਾਰਾ ਜਮਹੂਰੀਅਤ ਦੀ ਖੇਡ ਦੇ ਨਿਯਮਾਂ ਤਹਿਤ ਖੇਡਣ ਦੀ ਮਜਬੂਰੀ ਕਾਰਨ ਉਹ ਅਜਿਹਾ ਕਰਦੀ ਹੈ। ਭਾਜਪਾ ਦੁਆਰਾ ਸਮੇਂ-ਸਮੇਂ 'ਤੇ ਰਾਸ਼ਟਰਪਤੀ ਸ਼ਾਸਨ ਪ੍ਰਣਾਲੀ ਦੀ ਵਕਾਲਤ ਕਰਨਾ ਇਹ ਜ਼ਾਹਰ ਕਰਦਾ ਹੈ ਕਿ ਉਸਦੇ ਮਨਸੂਬੇ ਕੀ ਹਨ। ਆਰ. ਐਸ. ਐਸ. ਦੇ ਸਾਹਮਣੇ ਕਿਉਂਕਿ ਅਜਿਹੀ ਕੋਈ ਮਜਬੂਰੀ ਨਹੀਂ ਹੈ ਇਸ ਲਈ ਉਹ ਜਮਹੂਰੀਅਤ ਬਾਰੇ ਜ਼ਬਾਨੀ ਜਮਾ-ਖਰਚ ਵੀ ਨਹੀਂ ਕਰਦਾ। ਉਸਦੇ ਅਹੁਦੇਦਾਰਾਂ ਦੀ ਚੋਣ ਨਹੀਂ ਹੁੰਦੀ, ਉਹ ਨਾਮਜ਼ਦ ਕੀਤੇ ਜਾਂਦੇ ਹਨ। ਹਿਟਲਰ ਦੇ ਤੂਫ਼ਾਨੀ ਦਸਤਿਆਂ ਅਤੇ ਮੁਸੋਲਿਨੀ ਦੇ ਲੜਾਕੂ

ਦਸਤਿਆਂ ਦੀ ਤਰ੍ਹਾਂ ਸੰਘ ਦੇ ਸਵੈਮਸੇਵਕ ਵੀ ਡਰੈੱਸ ਧਾਰਣ ਕਰਦੇ ਹਨ ਅਤੇ ਹਥਿਆਰ (ਫਿਲਹਾਲ ਲਾਠੀਆਂ) ਲੈ ਕੇ ਜਲੂਸ ਕੱਢਦੇ ਹਨ ਜਿਸਦਾ ਉਦੇਸ਼ 'ਹਿੰਦੂ ਸਮਾਜ' ਦੇ ਸ਼ਕਤੀ ਪ੍ਰਦਰਸ਼ਨ ਦੇ ਬਹਾਨੇ ਘੱਟਗਿਣਤੀਆਂ ਨੂੰ ਡਰਾਉਣਾ ਹੁੰਦਾ ਹੈ।

ਗੁਜਰਾਤ 'ਚ ਗੋਧਰਾ ਦਾ ਬਦਲਾ ਲੈਣ ਦੇ ਨਾਂ 'ਤੇ ਮਚਾਏ ਗਏ ਕਤਲੇਆਮ ਵਿੱਚ ਆਰ. ਐਸ. ਐਸ. ਦੇ ਜਥੇਬੰਦਕ ਨੈਟਵਰਕ ਦੀ ਅਹਿਮ ਭੂਮਿਕਾ ਸੀ। ਬੰਬ, ਪਿਸਤੌਲ ਅਤੇ ਤ੍ਰਿਸ਼ੂਲ-ਤਲਵਾਰ ਤੋਂ ਲੈ ਕੇ ਲੋਹੇ ਦੇ ਰਾਡ ਅਤੇ ਪਾਇਪਾਂ ਨੂੰ ਬਣਾਉਣ ਅਤੇ ਵਿਆਪਕ ਵੰਡ ਕਰਨ 'ਚ ਸੰਘ ਦੇ ਨੈਟਵਰਕ ਦੀ ਸਭ ਤੋਂ ਵੱਡੀ ਭੂਮਿਕਾ ਸੀ। ਖਾਕੀ ਵਰਦੀ ਨੇ ਇਸ 'ਚ ਭਰਪੂਰ ਸਹਿਯੋਗ ਦਿੱਤਾ। 'ਤਹਿਲਕਾ' ਸਟਿੰਗ ਅਪਰੇਸ਼ਨ ਨੇ ਇੱਕ ਵਾਰ ਫਿਰ ਅਨੇਕਾਂ ਦੰਗਿਆਂ 'ਚ ਉਜਾਗਰ ਹੋਈ ਇਸ ਸੱਚਾਈ ਨੂੰ ਪੁਸ਼ਟ ਕੀਤਾ ਕਿ ਪੁਲਿਸ-ਪੀ.ਏ. ਸੀ. ਹਿੰਦੂ ਪਾਰਟੀ ਦੀ ਭੂਮਿਕਾ ਨਿਭਾਉਂਦੀ ਹੈ। ਹਿੰਦੂਤਵ ਬ੍ਰਿਗੇਡ ਦੇ ਅਸਲੀ ਏਜੰਡੇ ਨੂੰ ਗੁਜਰਾਤ ਦੀਆਂ ਘਿਨੌਣੀਆਂ ਘਟਨਾਵਾਂ ਨੇ ਤਾਂ ਉਜਾਗਰ ਕੀਤਾ ਹੀ, ਉਸਦੇ ਅਲੰਮਬਰਦਾਰਾਂ ਨੇ ਸਟਿੰਗ ਅਪਰੇਸ਼ਨ ਦੌਰਾਨ ਖੁਦ ਆਪਣੀ ਜ਼ੁਬਾਨੀ ਵੀ ਉਜਾਗਰ ਕੀਤਾ। ਵਦੋਦਰਾ ਦੇ ਮਹਾਰਾਜ ਸਯਾਜੀਰਾਵ ਗਾਇਕਵਾੜ ਯੂਨੀਵਰਸਿਟੀ ਦੇ ਆਡੀਟਰ ਧੀਮੰਤ ਭੱਟ, ਜੋ ਸੀਨੀਅਰ ਭਾਜਪਾ ਆਗੂ ਵੀ ਹਨ, ਬੇਲਾਗ-ਲਪੇਟ ਢੰਗ ਨਾਲ਼ ਫਰਮਾਉਂਦੇ ਹਨ ਕਿ ਮੁਸਲਮਾਨ, ਇਸਾਈ ਅਤੇ ਕਮਿਊਨਿਸਟ ਉਨ੍ਹਾਂ ਦੇ ਤਿੰਨ ਮੁੱਖ ਦੁਸ਼ਮਣ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਦਾ ਮੁਕਾਬਲਾ ਕਰਨ ਲਈ, ਹੁਣ ਸੋਟੀ ਨਾਲ਼ ਕੰਮ ਨਹੀਂ ਚੱਲਣ ਲੱਗਾ। ਇੱਕ ਯੂਨੀਵਰਸਿਟੀ ਦੇ ਉੱਚੇ ਅਹੁਦੇ 'ਤੇ ਬੈਠਾ ਇਹ ਫਾਸਿਸਟ ਖੁਲ੍ਹੇਆਮ ਕਹਿੰਦਾ ਹੈ ਕਿ ਜੇਕਰ ਦੇਸ਼ ਵਿੱਚ ਹਿੰਦੂਤਵ ਦਾ ਵਿਕਾਸ ਕਰਨਾ ਹੈ ਤਾਂ ਸੋਟੀ ਛੱਡਕੇ ਏ.ਕੇ.-56 ਫੜਨੀ ਹੋਵੇਗੀ। ਹਿੰਦੂਤਵ ਦੇ ਇਸ ਜਨੂੰਨੀ ਪੈਰੋਕਾਰ ਨੇ ਇਹ ਵੀ ਦੱਸਿਆ ਹੈ ਕਿ ਗੁਜਰਾਤ 'ਚ ਮੁਸਲਮਾਨਾਂ ਦੇ ਕਤਲੇਆਮ ਦਾ ਆਇਡੀਆ ਖੁਦ ਨਰਿੰਦਰ ਮੋਦੀ ਦਾ ਸੀ।

ਧਰਮ ਦੇ ਠੇਕੇਦਾਰ ਪੂੰਜੀ ਦੇ ਚਾਕਰ ਹਨ

ਜਿਸ ਤਰ੍ਹਾਂ ਜਰਮਨੀ 'ਚ ਹਿਟਲਰ ਅਤੇ ਇਟਲੀ 'ਚ ਮੁਸੋਲਿਨੀ ਆਪਣੀ ਮਨੁੱਖਦੋਖੀ ਵਿਚਾਰਧਾਰਾ ਅਤੇ ਮਾਨਵਤਾ ਵਿਰੋਧੀ ਕਾਲ਼ੀਆਂ ਕਰਤੂਤਾਂ ਸਹਾਰੇ ਸੰਕਟਗ੍ਰਸਤ ਪੂੰਜੀਵਾਦੀ ਢਾਂਚੇ ਨੂੰ ਬਚਾਉਣਾ ਚਾਹੁੰਦੇ ਸਨ ਉਸੇ ਤਰ੍ਹਾਂ ਉਨ੍ਹਾਂ ਦੀਆਂ ਭਾਰਤੀ ਔਲਾਦਾਂ ਦਾ ਅਸਲੀ ਮਕਸਦ ਵੀ ਹਰ ਹਾਲ 'ਚ ਦੇਸ਼ ਦੇ ਕਿਰਤੀ ਲੋਕਾਂ ਨੂੰ ਇੱਕਜੁੱਟ ਹੋਣ ਤੋਂ ਰੋਕਣਾ ਅਤੇ ਪੂੰਜੀ ਦੀ ਸੱਤਾ ਨੂੰ ਹਰ ਹਾਲ 'ਚ ਬਚਾਉਣਾ ਹੈ। ਉਨ੍ਹਾਂ ਦਾ ਮੁਸਲਿਮ ਅਤੇ ਇਸਾਈ ਵਿਰੋਧ ਦੇਸ਼ 'ਚ ਸਮਤਾਵਾਦੀ ਵਿਚਾਰਧਾਰਾ ਅਤੇ ਰਾਜਨੀਤੀ ਨੂੰ ਵੱਧਣ ਤੋਂ ਰੋਕਣ ਲਈ ਹੈ। ਖਾਸ ਕਰਕੇ ਇਨਕਲਾਬੀ ਕਮਿਊਨਿਸਟ ਲਹਿਰ ਦੇ ਪ੍ਰਭਾਵ ਨੂੰ ਰੋਕਣਾ ਉਨ੍ਹਾਂ ਦਾ ਮੁੱਖ ਉਦੇਸ਼ ਹੈ। ਇਸ ਲਈ ਹਿੰਦੂਤਵ ਦੇ ਸਾਰੇ ਝੰਡਾਬਰਦਾਰ ਇੱਕ ਸਾਹ ਵਿੱਚ 'ਮਾਰਕਸ, ਮੈਕਾਲੇ ਅਤੇ ਮਦਰੱਸਾ' ਦੇ ਖਿਲਾਫ਼ ਲਗਾਤਾਰ ਵਿਊਹ ਰਚਦੇ ਰਹਿੰਦੇ ਹਨ। ਅਸਲ 'ਚ ਇਹ ਧਰਮ ਦੇ ਠੇਕੇਦਾਰ ਪੂੰਜੀ ਦੇ ਚਾਕਰ ਹਨ। ਅੰਗਰੇਜੀ, ਅੰਗਰੇਜ਼ੀਅਤ ਅਤੇ ਅਖੌਤੀ ਪੱਛਮੀ ਸੱਭਿਆਚਾਰ ਦੇ ਵਿਰੋਧ 'ਚ ਅਖੌਤੀ ਸੱਭਿਆਚਾਰਕ ਕੌਮਵਾਦ ਦਾ ਝੰਡਾ ਚੁੱਕੀ ਘੁੰਮਣ ਵਾਲ਼ੇ ਲੋਕਾਂ ਨੂੰ ਦੇਸੀ ਅਤੇ ਵਿਦੇਸ਼ੀ ਪੂੰਜੀ ਦੀ ਬਰਬਰ ਲੁੱਟ 'ਚ ਕੋਈ ਬੁਰਾਈ ਨਜ਼ਰ ਨਹੀਂ ਆਉਂਦੀ। ਗੁਜਰਾਤ ਕਤਲੇਆਮ ਪਿੱਛੋਂ ਦੁਬਾਰਾ ਮੁੱਖ ਮੰਤਰੀ ਬਣੇ ਨਰਿੰਦਰ ਮੋਦੀ ਰਾਜ ਵਿੱਚ ਵਿਕਾਸ ਦੇ ਨਾਂ 'ਤੇ ਦੇਸੀ-ਵਿਦੇਸ਼ੀ ਪੂੰਜੀ ਦੇ ਸਭ ਤੋਂ ਜੋਸ਼ੀਲੇ ਪੈਰੋਕਾਰਾਂ 'ਚੋਂ ਇੱਕ ਹਨ। ਉਹਨਾਂ ਦੁਆਰਾ ਰਾਜ 'ਚ ਕੀਤੇ ਜਾਣ ਵਾਲ਼ੇ ਇਸ ਵਿਕਾਸ ਦੀ ਤਾਰੀਫ਼ ਸਾਰੀਆਂ ਪੂੰਜੀਵਾਦੀ ਪਾਰਟੀਆਂ ਕਰਦੀਆਂ ਹਨ। ਸਪੱਸ਼ਟ ਹੈ ਕਿ ਘੱਟ-ਤੋਂ-ਘੱਟ ਪੂੰਜੀ ਦੀ ਇਸ ਬੇਲਗਾਮ ਲੁੱਟ ਦੀ ਹਿਫਾਜ਼ਤ ਦੇ ਮੁੱਦੇ 'ਤੇ ਸਾਰੇ ਇਕੱਠੇ ਖੜ੍ਹੇ ਹਨ। ਇਹੀ ਕਾਰਣ ਹੈ ਕਿ 'ਤਹਿਲਕਾ' ਦੇ ਇਸ ਸਟਿੰਗ ਅਪਰੇਸ਼ਨ 'ਤੇ ਓਨਾ ਹੋ-ਹੱਲਾ ਨਹੀਂ ਮਚਿਆ ਜਿਨ੍ਹਾਂ ਰੱਖਿਆ ਸੌਦਿਆਂ ਦੀ ਦਲਾਲੀ ਦਾ ਪਰਦਾਫਾਸ਼ ਹੋਣ ਸਮੇਂ ਮੱਚਿਆ ਸੀ।

ਕਿਰਤੀ ਲੋਕਾਂ ਨੂੰ ਇੱਕਜੁਟ ਕੀਤੇ ਬਿਨਾਂ
ਫਿਰਕੂ ਫਾਸੀਵਾਦ ਨੂੰ ਹਰਾਇਆ ਨਹੀਂ ਜਾ ਸਕਦਾ

ਅਖੌਤੀ ਹਿੰਦੂਤਵ ਅਤੇ ਸੱਭਿਆਚਾਰਕ ਕੌਮਵਾਦ ਬਾਣੇ ਵਾਲ਼ੇ ਫਿਰਕੂ ਫਾਸੀਵਾਦ ਦੇ ਇਸ ਦੈਂਤ ਨਾਲ਼ ਨਿਪਟਣ ਲਈ ਪ੍ਰਗਤੀਸ਼ੀਲ, ਜਮਹੂਰੀ ਅਤੇ ਇਨਕਲਾਬੀ ਸ਼ਕਤੀਆਂ ਨੂੰ ਇੱਕਜੁਟਤਾ ਕਾਇਮ ਕਰਕੇ ਚੌਤਰਫ਼ਾ ਮੋੜਵੇਂ ਹੱਲੇ ਦੀ ਯੁੱਧਨੀਤੀ ਬਣਾਉਣੀ ਹੋਵੇਗੀ। ਆਰਥਿਕ-ਰਾਜਨੀਤਿਕ-ਸਮਾਜਿਕ-ਸੱਭਿਆਚਾਰਕ—ਸਾਰੇ ਖੇਤਰਾਂ 'ਚ ਕਾਰਗਰ ਯੁੱਧਨੀਤੀ ਤੋਂ ਬਿਨਾਂ ਇਸ ਮਨੁੱਖਦੋਖੀ ਵਿਚਾਰਧਾਰਾ ਅਤੇ ਉਸਦੇ ਚੌਤਰਫਾ ਪ੍ਰਭਾਵ ਦੀ ਕਾਟ ਨਹੀਂ ਕੀਤੀ ਜਾ ਸਕਦੀ। ਜੋ ਲੋਕ ਇਹ ਸਮਝਦੇ ਹਨ ਕਿ ਹਿੰਦੂਤਵਵਾਦੀ ਫਿਰਕੂ ਫਾਸੀਵਾਦ ਨੂੰ ਕੇਵਲ ਸੰਸਦੀ ਯੁੱਧਨੀਤੀ ਦੇ ਦਾਇਰੇ 'ਚ ਗੈਰ ਭਾਜਪਾ ਅਖੌਤੀ ਧਰਮ-ਨਿਰਪੱਖ ਪਾਰਟੀਆਂ ਨਾਲ਼ ਚੁਣਾਵੀ ਮੋਰਚਾ ਬਣਾਕੇ ਹਾਰ ਦਿੱਤੀ ਜਾ ਸਕਦੀ ਹੈ ਉਹ ਆਤਮਘਾਤੀ ਭਰਮ ਵਿੱਚ ਜੀ ਰਹੇ ਹਨ। ਕਾਂਗਰਸ ਦੀ ਧਰਮ-ਨਿਰਪੱਖਤਾ ਦੀ ਪੋਲ ਵਾਰ-ਵਾਰ ਖੁੱਲ ਚੁੱਕੀ ਹੈ। 1984 ਦੇ ਸਿੱਖ ਦੰਗਿਆਂ ਪਿੱਛੋਂ ਹੁਣ ਗੁਜਰਾਤ ਕਤਲੇਆਮ 'ਚ ਵੀ ਕਈ ਕਾਂਗਰਸੀ ਨੇਤਾਵਾਂ ਦੇ ਸ਼ਾਮਲ ਹੋਣ ਦੇ ਪ੍ਰਮਾਣ ਤੋਂ ਬਾਅਦ ਵੀ ਜੋ ਲੋਕ ਕਾਂਗਰਸ ਦੀ ਧਰਮ ਨਿਰਪੱਖਤਾ 'ਤੇ ਯਕੀਨ ਕਰਦੇ ਹਨ ਉਨ੍ਹਾਂ ਦੀਆਂ ਅੱਖਾਂ ਦੀ ਪੱਟੀ ਕੋਈ ਨਹੀਂ ਹਟਾ ਸਕਦਾ। ਹੋਰ ਭਾਜਪਾ ਵਿਰੋਧੀ ਰਾਜਨੀਤਕ ਪਾਰਟੀਆਂ ਨੇ ਵੀ ਕੇਵਲ ਚੁਣਾਵੀ ਗਣਿਤ ਤਹਿਤ ਹੀ ਧਰਮਨਿਰਪੱਖਤਾ ਦਾ ਬਾਣਾ ਧਾਰਿਆ ਹੋਇਆ ਹੈ। ਭਵਿੱਖ 'ਚ ਜੇਕਰ ਰਾਜਨੀਤਕ ਫਿਜ਼ਾ ਬਦਲੀ ਅਤੇ ਕੋਈ ਗੈਰ ਕਾਂਗਰਸਵਾਦੀ ਲਹਿਰ ਫਿਰ ਤੋਂ ਚੱਲੀ ਤਾਂ ਇਨ੍ਹਾਂ ਪਾਰਟੀਆਂ ਦੀ ਧਰਮਨਿਰਪੱਖਤਾ ਦੀ ਪੋਲ ਖੁੱਲਦੇ ਦੇਰ ਨਹੀਂ ਲੱਗੇਗੀ। ਚੰਦਰਬਾਬੂ ਨਾਇਡੂ ਤੋਂ ਲੈ ਕੇ ਜੈਲਲਿਤਾ ਤੱਕ, ਜਨਤਾ ਦਲ ਦੇ ਦੋਨੋਂ ਬਾਕੀ ਬਚੇ ਟੁਕੜੇ ਅਤੇ ਇੱਥੋਂ ਤੱਕ ਕਿ ਮਾਇਆਵਤੀ ਤੱਕ ਭਾਜਪਾ ਦੇ ਸਹਿਯੋਗ ਨਾਲ਼ ਗੱਦੀ 'ਤੇ ਬੈਠ ਚੁੱਕੇ ਹਨ ਜਾਂ ਬੈਠੇ ਹੋਏ ਹਨ।

ਦੇਸ਼ ਵਿੱਚ ਫਿਰਕੂ ਫਾਸੀਵਾਦ ਦੀ ਚੁਣੌਤੀ ਦਾ ਕਾਰਗਰ ਮੁਕਾਬਲਾ ਕੇਵਲ ਕਿਰਤੀ ਲੋਕਾਂ ਦੀ ਫੌਲਾਦੀ ਜਮਾਤੀ

ਇੱਕਜੁਟਤਾ ਦੀ ਬੁਨਿਆਦ 'ਤੇ ਹੀ ਕੀਤਾ ਜਾ ਸਕਦਾ ਹੈ। ਇੱਕ ਜਮਾਤੀ ਇੱਕਜੁਟਤਾ ਅੱਜ ਕੇਵਲ ਦੇਸੀ ਤੇ ਵਿਦੇਸੀ ਪੂੰਜੀ ਦੋਵਾਂ ਦੀ ਲੁੱਟ ਵਿਰੁੱਧ ਇਨਕਲਾਬੀ ਲੋਕ ਘੋਲ਼ਾਂ ਦੀ ਤਿਆਰੀ ਦੀ ਪ੍ਰਕਿਰਿਆ 'ਚ ਹੀ ਕਾਇਮ ਕੀਤੀ ਜਾ ਸਕਦੀ ਹੈ। 'ਸਰਵ ਧਰਮ ਸਮਭਾਵ' ਜਾਂ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰੱਖਨਾ' ਦਾ ਤਰਾਨਾ ਗਾਉਣ ਨਾਲ਼ ਅਤੇ ਜਮਾਤੀ ਭਿਆਲ਼ੀ ਵਾਲ਼ੇ ਸੰਸਦੀ ਖੱਬੇਪੱਖੀ ਪਾਰਟੀਆਂ ਦੇ ਚੁਣਾਵੀ ਸੰਯੁਕਤ ਮੋਰਚੇ ਦੀਆਂ ਕਵਾਇਦਾਂ ਨਾਲ਼ ਫਿਰਕੂ ਫਾਸੀਵਾਦ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਅੱਜ ਦੇ ਸਮੇਂ 'ਚ ਕੋਈ ਵੀ ਫਿਰਕੂ ਫਾਸੀਵਾਦ ਵਿਰੋਧੀ ਸਾਂਝਾ ਮੋਰਚਾ ਕਿਰਤੀ ਲੋਕਾਂ ਦੀ ਇਨਕਲਾਬੀ ਜਮਾਤੀ ਇੱਕਜੁਟਤਾ ਦੀ ਧੁਰੀ ਦੇ ਇਰਦ-ਗਿਰਦ ਹੀ ਬਣਾਇਆ ਜਾ ਸਕਦਾ ਹੈ। ਫਿਰਕੂ ਫਾਸੀਵਾਦ ਦੀ ਚੁਣੌਤੀ ਕੇਵਲ ਰਾਜਨੀਤਕ ਦਾਇਰੇ ਵਿੱਚ ਹੀ ਨਹੀਂ ਹੈ। ਇਸ ਲਈ ਪ੍ਰਤੀਰੋਧ ਅਤੇ ਮੋੜਵੇਂ ਹਮਲੇ ਦੇ ਇਸ ਰਾਜਨੀਤਕ ਮੋਰਚੇ ਦੀ ਮੂਲ ਦਿਸ਼ਾ ਦੇ ਅਨੁਰੂਪ ਹੀ ਸਮਾਜਿਕ-ਸੱਭਿਆਚਾਰਕ ਮੋਰਚੇ 'ਤੇ ਸਰਗਰਮੀਆਂ ਦੀ ਕਾਰਗਰ ਯੁੱਧਨੀਤੀ ਬਣਾਈ ਜਾਣੀ ਚਾਹੀਦੀ ਹੈ। ਫਿਰਕੂ ਫਾਸੀਵਾਦ ਸੱਤਾ 'ਚ ਰਹੇ ਜਾਂ ਨਾ ਰਹੇ ਦੇਸ ਦੇ ਸਮਾਜਿਕ-ਸੱਭਿਆਚਾਰਕ ਤਾਣੇ-ਬਾਣੇ 'ਚ ਉਨ੍ਹਾਂ ਦੀ ਮੌਜੂਦਗੀ ਲਗਾਤਾਰ ਰਿਸਦੇ ਰਹਿਣ ਵਾਲ਼ੇ ਕੈਂਸਰ ਦੀ ਤਰ੍ਹਾਂ ਬਣੀ ਰਹੇਗੀ। ਅਖੌਤੀ ਹਿੰਦੂਤਵ ਅਤੇ ਸੱਭਿਆਚਾਰਕ ਕੌਮਵਾਦ ਦੀ ਵਿਚਾਰਧਾਰਾ ਦਾ ਜ਼ਹਿਰ ਆਰ. ਐਸ. ਐਸ. ਅਤੇ ਉਸ ਨਾਲ਼ ਸਬੰਧਤ ਅਨੇਕਾਂ ਜਥੇਬੰਦੀਆਂ ਦੁਆਰਾ ਨਿਰੰਤਰ ਜਾਰੀ ਵੱਖ-ਵੱਖ ਸਰਗਰਮੀਆਂ ਜ਼ਰੀਏ ਫੈਲਾਇਆ ਜਾਂਦਾ ਰਹਿੰਦਾ ਹੈ। ਇਸ ਨਾਲ਼ ਆਮ ਹਿੰਦੂ ਅਬਾਦੀ ਦੇ ਇੱਕ ਵੱਡੇ ਹਿੱਸੇ ਦੀ ਮਾਨਸਿਕਤਾ ਦਾ ਵੀ ਫਿਰਕੂਕਰਣ ਹੋ ਚੁੱਕਾ ਹੈ। ਕਿਰਤੀ ਲੋਕਾਂ ਦੇ ਅੰਦਰ ਵੀ ਇਸਦੇ ਵਿਸ਼ਾਣੂ-ਜੀਵਾਣੂ ਗਹਿਰਾਈ ਤੱਕ ਰਚ-ਮਿਚ ਚੁੱਕੇ ਹਨ।

ਗੁਜਰਾਤ ਤੋਂ ਬਾਅਦ ਹਿੰਦੂਤਵ ਦੀਆਂ ਨਵੀਆਂ-ਨਵੀਆਂ ਪ੍ਰਯੋਗਸ਼ਾਲਾਵਾਂ ਦਾ ਨਿਰਮਾਣ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ 'ਚ ਜਾਰੀ ਹੈ। ਰਾਜਸਥਾਨ ਅਤੇ ਮੱਧਪ੍ਰਦੇਸ਼ ਤੋਂ ਇਲਾਵਾ ਪੂਰਵੀ ਉੱਤਰ ਪ੍ਰਦੇਸ਼ 'ਚ ਵੀ ਪ੍ਰਯੋਗ ਤੇਜ਼ੀ ਨਾਲ਼ ਜਾਰੀ ਹੈ।

ਪੂਰਬੀ ਉੱਤਰ ਪ੍ਰਦੇਸ਼ ਵਿੱਚ ਯੋਗੀ ਅਦਿਤਿਆਨਾਥ ਦੀ ਅਗਵਾਈ ਵਿੱਚ ਪਿਛਲੇ ਇੱਕ ਦਹਾਕੇ ਤੋਂ ਜਿਸ ਕਥਿਤ ਹਿੰਦੂਤਵ ਦੀ ਅਲਖ ਜਗਾਈ ਜਾ ਰਹੀ ਹੈ ਉਸਨੇ ਸਮਾਜ ਦੇ ਖਾਸੇ ਹਿੱਸੇ 'ਤੇ ਆਪਣੀ ਪਕੜ ਬਣਾ ਲਈ ਹੈ। ਆਰ. ਐਸ. ਐਸ. ਦੀ ਤਰਜ 'ਤੇ ਅਲੱਗ-ਅਲੱਗ 'ਰਚਨਾਤਮਕ' ਅਤੇ 'ਸਮਾਜ-ਸੁਧਾਰ' ਦੀਆਂ ਸਰਗਰਮੀਆਂ ਜ਼ਰੀਏ ਹਿੰਦੂ ਨੌਜਵਾਨ ਵਾਹਿਨੀ ਨੇ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵ 'ਚ ਲੈ ਰੱਖਿਆ ਹੈ। ਥੁੜ ਅਤੇ ਗਰੀਬੀ ਦਾ ਜੀਵਨ ਜਿਉਣ ਨੂੰ ਸਰਾਪੀਆਂ ਕੁੱਝ ਅਖੌਤੀ ਨੀਵੀਆਂ ਲੜਾਕੂ ਸਮਝੀਆਂ ਜਾਣ ਵਾਲੀਆਂ ਜਾਤਾਂ 'ਚ 'ਚੇਤਨਾ' ਜਗਾਈ ਦੀ ਮੁਹਿੰਮ ਜੋਰਾਂ 'ਤੇ ਹੈ। ਬਿਲਕੁਲ ਉਸੇ ਤਰਜ 'ਤੇ ਜਿਸ ਤਰ੍ਹਾਂ ਗੁਜਰਾਤ 'ਚ ਛਾੜਾ ਕਬੀਲੇ ਦੇ ਲੋਕਾਂ ਵਿੱਚ ਜਗਾਈ ਗਈ ਸੀ। ਇੰਨਾਂ ਹੀ ਨਹੀਂ ਪੱਤਰਕਾਰਤਾ ਸਹਿਤ ਸਮੁੱਚੇ ਬੌਧਿਕ ਭਾਈਚਾਰੇ ਵਿੱਚ ਵੀ ਇਨ੍ਹਾਂ ਦੀ ਪਕੜ ਹੈ। ਇਸ ਲਈ, ਪ੍ਰਤੀਰੋਧ ਏਤ ਮੋੜਵੇਂ ਹੱਲੇ ਦੇ ਸਮਾਜਕ-ਸੱਭਿਆਚਾਰਕ ਮੋਰਚੇ ਦੇ ਕਾਰਜਾਂ ਦੀ ਬਿਲਕੁਲ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ।

ਕਿਰਤੀ ਲੋਕਾਂ ਵਿਚਕਾਰ ਆਰਥਿਕ-ਰਾਜਨੀਤਕ ਮੁੱਦਿਆਂ 'ਤੇ ਪ੍ਰਚਾਰ-ਅੰਦੋਲਨ ਜ਼ਰੀਏ ਜਮਾਤੀ ਇਕਜੁਟਤਾ ਕਾਇਮ ਕਰਨ ਦੀਆਂ ਕਾਰਵਾਈਆਂ ਦੇ ਨਾਲ਼ ਹੀ ਉਨ੍ਹਾਂ ਵਿਚਕਾਰ ਨਿਰੰਤਰ ਫਿਰਕਾਪ੍ਰਸਤੀ ਵਿਰੋਧੀ, ਪ੍ਰਚਾਰ ਦੀ ਕਾਰਵਾਈ ਚਲਾਈ ਜਾਣੀ ਚਾਹੀਦੀ ਹੈ। ਸਮਾਜ 'ਚ ਫੈਲੀ ਜਾਤੀਗਤ ਤੰਗਨਜਰੀ, ਜਮਹੂਰੀਅਤ ਵਿਰੋਧੀ ਕਦਮਾਂ, ਅੰਧਵਿਸ਼ਵਾਸ, ਅਤਰਕਸ਼ੀਲਤਾ ਅਤੇ ਅਨੇਕਾਂ ਕਿਸਮ ਦੀਆਂ ਤੰਗਨਜ਼ਰੀਆਂ ਖਿਲਾਫ਼ ਨਿਰੰਤਰ ਪ੍ਰਚਾਰ ਕਾਰਜ ਚਲਾਉਣਾ ਹੋਵੇਗਾ। ਇਸਦੇ ਨਾਲ਼ ਹੀ ਵੱਖ-ਵੱਖ ਰਚਨਾਤਮਕ ਅਤੇ ਸੁਧਾਰਕ ਕਾਰਵਾਈਆਂ ਜ਼ਰੀਏ ਗਰੀਬ-ਕਿਰਤੀ ਅਬਾਦੀ ਵਿੱਚ ਆਪਣੀਆਂ ਜੜ੍ਹਾਂ ਗਹਿਰੀਆਂ ਜਮਾਉਣੀਆਂ ਹੋਣਗੀਆਂ।

ਫਿਰਕੂ ਫਾਸੀਵਾਦ ਜਾਂ ਫਾਸੀਵਾਦ ਦੇ ਕਿਸੇ ਵੀ ਰੂਪ-ਰੰਗ, ਚਿਹਰੇ-ਮੋਹਰੇ ਵਾਲੇ ਦੈਂਤ ਦਾ ਨਾਸ਼ ਤਾਂ ਆਖਰਕਾਰ ਕਿਰਤੀ ਲੋਕਾਂ ਨੇ ਹੀ ਕਰਨਾ ਹੈ। ਫ਼ਾਸੀਵਾਦ ਨੂੰ ਜਨਮ ਦੇਣ ਵਾਲ਼ੇ, ਉਸ ਵਿੱਚ ਜਾਨ-ਪ੍ਰਾਣ ਫੂਕਣ ਵਾਲ਼ੇ ਪੂੰਜੀਵਾਦੀ-ਸਾਮਰਾਜਵਾਦੀ ਢਾਂਚੇ ਦੀ ਸਮੁੱਚੀ ਭੌਤਿਕ ਅਤੇ ਆਤਮਕ ਸ਼ਕਤੀ ਦੇ ਵਿਨਾਸ਼ ਦਾ ਇਤਿਹਾਸਕ ਕਾਰਜ ਤਾਂ ਮਜ਼ਦੂਰ ਜਮਾਤ ਨੇ ਹੀ ਪੂਰਾ ਕਰਨਾ ਹੈ। ਅਤੀਤ ਵਿੱਚ ਉਸਨੇ ਆਪਣੀ ਤਾਕਤ ਦੁਨੀਆਂ ਨੂੰ ਦਿਖਾਈ ਹੈ। ਭਵਿੱਖ ਦੀਆਂ ਉਹ ਤਿਆਰੀਆਂ ਕਰ ਰਹੀ ਹੈ। ਉਸਦੀ ਇਸੇ ਤਾਕਤ ਤੋਂ ਫਿਰਕੂ ਫਾਸੀਵਾਦੀ ਤਾਕਤਾਂ ਅਤੇ ਦੁਨੀਆਂ ਦੀਆਂ ਅਨੇਕਾਂ ਪੂੰਜੀਵਾਦੀ ਤਾਕਤਾਂ ਖੌਫ ਖਾਂਦੀਆਂ ਹਨ। ਇਸ ਲਈ ਉਸਦੇ ਵਿਨਾਸ਼ ਲਈ ਹਮੇਸ਼ਾਂ ਜਾਪ ਕਰਦੀਆਂ ਰਹਿੰਦੀਆਂ ਹਨ। ਪਰੰਤੂ ਭਵਿੱਖ ਨੂੰ ਕੀ ਕੋਈ ਕਦੇ ਰੋਕ ਸਕਿਆ ਹੈ ?

✱ ✱ ✱ ✱

ਕਣਕ ਦੀ ਕੀਮਤ ਵਿੱਚ ਵਾਧਾ-ਗਰੀਬਾਂ ਦਾ ਜੀਣਾ ਹੋਰ ਮੁਹਾਲ

—ਸੁਖਵਿੰਦਰ

ਕੇਂਦਰ ਸਰਕਾਰ ਨੇ ਕਣਕ ਦੇ ਭਾਅ ਵਿੱਚ 33 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ। ਹੁਣ ਕਣਕ ਦੀ ਕੀਮਤ 750 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 1000 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਗਈ ਹੈ। ਵੈਸੇ ਤਾਂ ਹਰ ਸਾਲ ਹੀ ਕਣਕ ਸਮੇਤ ਹੋਰ ਫਸਲਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਐਲਾਨ ਕੀਤਾ ਜਾਂਦਾ ਹੈ ਪਰ ਇੰਨਾ ਤਿੱਖਾ ਵਾਧਾ ਪਿਛਲੇ ਕਈ ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ। ਸਾਲ 2006 ਵਿੱਚ ਕਣਕ ਦੀ ਕੀਮਤ 650 ਰੁਪਏ ਕੁਇੰਟਲ ਸੀ ਜੋ ਕਿ 2007 ਵਿੱਚ ਵਧਾ ਕੇ 750 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਗਈ। ਸਾਲ 2000 ਤੋਂ ਹੁਣ ਤੱਕ ਕਣਕ ਦੀ ਕੀਮਤ ਵਿੱਚ 72 ਫੀਸਦੀ ਵਾਧਾ ਹੋਇਆ ਹੈ।

ਕਣਕ ਦੀਆਂ ਕੀਮਤਾਂ ਵਿੱਚ ਇਸ ਵਾਧੇ ਦਾ ਸਭ ਤੋਂ ਵੱਧ ਬੋਝ ਸ਼ਹਿਰੀ ਮਜ਼ਦੂਰਾਂ-ਅਰਧ ਮਜ਼ਦੂਰਾਂ ਅਤੇ ਪਿੰਡਾਂ ਦੇ ਖੇਤੀ ਤੋਂ ਬਾਹਰ ਹੋਰ ਕੰਮਾਂ ਵਿੱਚ ਲੱਗੇ ਮੱਧ ਵਰਗ 'ਤੇ ਪਿਆ ਹੈ। ਸਿਰਫ ਕਣਕ ਹੀ ਨਹੀਂ ਚਾਵਲ, ਦਾਲਾਂ, ਤੇਲ, ਘਿਓ, ਗੱਲ ਕੀ ਗਰੀਬਾਂ ਅਤੇ ਮੱਧ ਵਰਗ ਦੇ ਉਪਭੋਗ ਦੀਆਂ ਸਭ ਵਸਤਾਂ ਦੀਆਂ ਕੀਮਤਾਂ ਹੀ ਪਿਛਲੇ ਸਾਲਾਂ ਵਿੱਚ ਅਸਮਾਨੀ ਚੜ੍ਹੀਆਂ ਹਨ। ਅਨਾਜ ਦੀ ਗਰੀਬਾਂ ਅਤੇ ਮੱਧ ਵਰਗ ਦੇ ਉਪਭੋਗ ਵਿੱਚ ਮੁੱਖ ਥਾਂ ਹੈ। ਉੱਚ ਮੱਧ ਵਰਗ ਅਤੇ ਹੋਰ ਧਨਾਢਾਂ ਲਈ ਮਹਿੰਗਾਈ ਕੋਈ ਵਿਸ਼ੇਸ ਮਾਅਨੇ ਨਹੀਂ ਰੱਖਦੀ ਕਿਉਂਕਿ ਇੱਕ ਤਾਂ ਉਹਨਾਂ ਦੀ ਆਮਦਨ ਦੇ ਵਸੀਲੇ ਹੀ ਅਥਾਹ ਹਨ, ਦੂਜੇ ਉਹਨਾਂ ਦੇ ਉਪਭੋਗ ਵਿੱਚ ਗੈਰ ਅਨਾਜ ਵਸਤਾਂ ਦੀ ਬਹੁਤਾਤ ਹੈ।

ਪਿਛਲੇ ਸਾਲਾਂ ਵਿੱਚ ਜਿੱਥੇ ਦੇਸ਼ ਦੇ ਗਰੀਬਾਂ ਦੇ ਉਪਭੋਗ ਦੀਆਂ ਸਭ ਵਸਤਾਂ ਦੀਆਂ ਕੀਮਤਾਂ ਤੇਜ਼ੀ ਨਾਲ਼ ਵਧੀਆਂ ਹਨ ਉੱਥੇ ਗਰੀਬਾਂ ਦੀ ਆਮਦਨ ਵਧੀ ਨਹੀਂ ਸਗੋਂ ਉਸ ਵਿੱਚ ਗਿਰਾਵਟ ਆਈ ਹੈ। ਇਹਨਾਂ ਹੀ ਸਾਲਾਂ ਵਿੱਚ ਪੱਕੇ ਰੁਜ਼ਗਾਰ ਤੇਜ਼ੀ ਨਾਲ਼ ਖਤਮ ਹੋਏ ਹਨ, ਰੁਜ਼ਗਾਰ ਦੀ ਅਸੁਰੱਖਿਆ ਵਧੀ ਹੈ, ਠੇਕਾਕਰਨ ਦੇ ਵਰਤਾਰੇ ਨੇ ਜ਼ੋਰ ਫੜਿਆ ਹੈ, ਬੇਰੁਜਗਾਰੀ ਦੀ ਤਲਵਾਰ ਹਰ ਸਮੇਂ ਇਸ ਦੇਸ਼ ਦੇ ਮਜ਼ਦੂਰਾਂ ਅਤੇ ਹੋਰ ਕਿਰਤੀਆਂ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਇਹਨਾਂ ਸਾਲਾਂ ਦੌਰਾਨ ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧੇ ਹਨ ਅਤੇ ਤਨਖਾਹਾਂ ਘਟੀਆਂ ਹਨ। ਅਜਿਹੀ ਹਾਲਤ ਵਿੱਚ ਕਣਕ ਅਤੇ ਹੋਰ ਅਨਾਜੀ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਗਰੀਬਾਂ ਦਾ ਹੋਰ ਵਧੇਰੇ ਕਚੂੰਮਰ ਕੱਢੇਗਾ। ਗੈਰ ਜੱਥੇਬੰਦ ਖੇਤਰ ਦੀ ਜੀਵਨ ਦਸ਼ਾ ਅਤੇ ਕੰਮ ਦੀ ਦਸ਼ਾ ਦੀ ਜਾਣਕਾਰੀ ਲਈ ਬਣੇ ਕੌਮੀ ਕਮਿਸ਼ਨ ਮੁਤਾਬਿਕ ਕਰੀਬ 83.6 ਕਰੋੜ ਭਾਰਤੀ ਆਪਣੇ ਜੀਵਨ ਬਸਰ ਲਈ ਪ੍ਰਤੀ ਦਿਨ ਕੇਵਲ 20 ਰੁਪਏ ਖਰਚ ਕਰਦੇ ਹਨ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਨਾਜ ਦੀਆਂ ਕੀਮਤਾਂ ਵਿੱਚ ਵਾਧਾ ਦੇਸ਼ ਦੀ ਵੱਡੀ ਬਹੁਗਿਣਤੀ ਦਾ ਜੀਣਾ ਕਿਸ ਕਦਰ ਦੁੱਭਰ ਕਰੇਗਾ।

ਕਣਕ ਦੀ ਕੀਮਤ 'ਚ ਵਾਧੇ ਦੇ ਕਾਰਨ

ਇਸ ਵਿੱਤੀ ਸਾਲ ਦੇ ਸ਼ੁਰੂ ਵਿੱਚ ਭਾਰਤ ਸਰਕਾਰ ਨੇ ਐਲਾਨ ਕੀਤਾ ਕਿ ਉਹ 50 ਲੱਖ ਟਨ ਕਣਕ ਵਿਦੇਸ਼ਾਂ ਤੋਂ ਮੰਗਵਾਏਗੀ। ਇਸ ਤੋਂ ਪਹਿਲਾਂ ਹੀ ਅਮਰੀਕਾ ਦੇ ਕਣਕ ਉਤਪਾਦਕਾਂ ਦੀ ਸਾਂਝੀ ਵਪਾਰ ਸੰਸਥਾਂ 'ਯੂ. ਐਸ. ਨੀਟ ਐਸੋਸੀਏਸ਼ਨ' ਨੇ 'ਭਵਿੱਖਵਾਣੀ' ਕੀਤੀ ਸੀ ਕਿ ਇਸ ਸਾਲ ਭਾਰਤ 30 ਲੱਖ ਟਨ ਕਣਕ ਦਾ ਆਯਾਤ ਕਰੇਗਾ। ਇਸ ਦਾ ਅਸਰ ਇਹ ਹੋਇਆ ਕਿ ਕੌਮਾਂਤਰੀ ਮੰਡੀ ਵਿੱਚ ਕਣਕ ਦਾ ਭਾਅ ਇੱਕ ਦਮ ਵੱਧ ਗਿਆ। ਇਸੇ ਦਰਮਿਆਨ ਅਮਰੀਕੀ ਖੇਤੀ ਮੰਤਰਾਲੇ ਨੇ 'ਭਵਿੱਖਵਾਣੀ' ਕੀਤੀ ਕਿ ਇਸ ਸਾਲ ਸੰਸਾਰ ਪੱਧਰ 'ਤੇ ਕਣਕ ਦੀ ਪੈਦਾਵਾਰ ਘਟੇਗੀ। ਉਸਦੇ ਅੰਦਾਜ਼ੇ ਅਨੁਸਾਰ ਸੰਸਾਰ ਪੱਧਰ 'ਤੇ ਕਣਕ ਦੀ ਪੈਦਾਵਾਰ 6,104 ਲੱਖ ਟਨ ਰਹੇਗੀ। ਇਸ ਐਲਾਨ ਨੇ ਕੌਮਾਂਤਰੀ ਮੰਡੀ ਵਿੱਚ ਕਣਕ ਦੀ ਕੀਮਤ ਵਿੱਚ ਹੋਰ ਇਜਾਫ਼ਾ ਕਰ ਦਿੱਤਾ।

ਇਸ ਹਾਲਤ ਦਾ ਫਾਇਦਾ ਲੈਂਦੇ ਹੋਏ ਭਾਰਤ ਦੇ ਧਨੀ ਕਿਸਾਨਾਂ ਨੇ ਇਸ ਸਾਲ ਕਣਕ ਦੀ ਵੱਡੀ ਪੱਧਰ 'ਤੇ ਜਮ੍ਹਾਖੋਰੀ ਕੀਤੀ ਹੈ। ਕੁਝ ਖੇਤੀ ਮਾਹਿਰਾਂ ਅਨੁਸਾਰ ਇਸ ਸਾਲ ਭਾਰਤ ਵਿੱਚ ਜੋ ਕਰੀਬ 750 ਲੱਖ ਟਨ ਕਣਕ ਦੀ ਪੈਦਾਵਾਰ ਹੋਈ ਹੈ ਉਸਦਾ 40 ਫੀਸਦੀ ਹਿੱਸਾ ਪੰਜਾਬ, ਹਰਿਆਣਾ,ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਦੇ ਧਨੀ ਕਿਸਾਨਾਂ ਦੇ ਗੋਦਾਮਾਂ ਵਿੱਚ ਬੰਦ ਹੈ। ਇਸ ਸਾਲ ਕਣਕ ਦੀ ਪੈਦਾਵਾਰ ਵਿੱਚ ਅੰਦਾਜ਼ਨ 55 ਲੱਖ ਟਨ ਦਾ ਵਾਧਾ ਹੋਇਆ ਹੈ। ਜੇ ਇਸ ਦੇ ਬਾਵਜੂਦ ਵੀ ਕਣਕ ਦੀ ਕੀਮਤ ਵਿੱਚ ਤਿੱਖਾ ਵਾਧਾ ਹੋਇਆ ਹੈ ਤਾਂ ਸਾਫ਼ ਹੈ ਕਿ ਇਸ ਵਿੱਚ ਪੇਂਡੂ ਖੇਤਰ ਦੇ ਲੁਟੇਰੇ ਧਨਾਢ ਕਿਸਾਨਾਂ ਦੁਆਰਾ ਤਿਆਰ ਕੀਤੀ ਗਈ ਕਣਕ ਦੀ ਜਮ੍ਹਾਖੋਰੀ ਦਾ ਵੱਡਾ ਹੱਥ ਹੈ।

ਕਿਹੜੇ ਕਿਸਾਨਾਂ ਦੇ ਹਿੱਤ ਵਿੱਚ

ਫਸਲਾਂ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਕਿਸਾਨਾਂ ਦੇ ਹਿੱਤ ਵਿੱਚ ਦੱਸਣ ਵਾਲਿਆਂ ਦੀ ਕਮੀ ਨਹੀਂ ਹੈ। ਇਹਨਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਖੁਦ ਨੂੰ ਇਨਕਲਾਬੀ ਅਤੇ ਦੇਸ਼ ਦੇ ਕਿਰਤੀਆਂ ਦੇ ਪਹਿਰੇਦਾਰ ਅਖਵਾਉਂਦੇ ਹਨ। ਇਹਨਾਂ ਦੀ ਅਗਵਾਈ ਵਾਲ਼ੀਆਂ ਕਿਸਾਨ ਜੱਥੇਬੰਦੀਆਂ ਲਗਾਤਾਰ ਫਸਲਾਂ ਦੀਆਂ ਕੀਮਤਾਂ ਵਿੱਚ ਵਾਧੇ ਲਈ ਸੰਘਰਸ਼ ਕਰਦੀਆਂ ਰਹੀਆਂ ਹਨ। ਹੁਣ ਜਦੋਂ ਸਰਕਾਰ ਨੇ ਕਣਕ ਦੀ ਕੀਮਤ 33 ਫੀਸਦੀ ਵਧਾ ਕੇ ਇਸ ਦੇਸ਼ ਦੇ ਗਰੀਬ ਕਿਰਤੀਆਂ ਉੱਪਰ ਮਣਾਂ-ਮੂੰਹੀ ਬੋਝ ਲੱਦ ਦਿੱਤਾ ਹੈ ਤਾਂ ਇਹ ਅਖੌਤੀ ਇਨਕਲਾਬੀ ਚੁੱਪ ਹਨ। ਇਹਨਾਂ ਨੇ ਨਾ ਤਾਂ ਇਸ ਵਾਧੇ ਦਾ ਸਵਾਗਤ ਹੀ ਕੀਤਾ ਹੈ ਅਤੇ ਨਾ ਹੀ ਵਿਰੋਧ। ਇਸੇ ਨੂੰ ਹੀ ਸ਼ਾਇਦ ਮੌਕਾਪ੍ਰਸਤੀ ਕਹਿੰਦੇ ਹਨ! ਦੂਜੇ ਪਾਸੇ ਧਨੀ ਕਿਸਾਨਾਂ ਦੀਆਂ ਲੱਖੋਵਾਲ, ਰਾਜੇਵਾਲ ਮਾਰਕਾ ਜੱਥੇਬੰਦੀਆਂ ਨੇ ਕਣਕ ਦੀ ਕੀਮਤ ਵਿੱਚ ਇਸ ਵਾਧੇ ਨੂੰ ਨਾਕਾਫ਼ੀ ਕਹਿ ਕੇ ਰੱਦ ਕਰਦੇ ਹੋਏ ਕਣਕ ਦੀ ਕੀਮਤ ਵਿੱਚ ਹੋਰ ਵਾਧਾ ਕਰਨ ਦੀ ਮੰਗ ਕੀਤੀ ਹੈ।

ਦਰਅਸਲ, ਦੇਸ਼ ਦੀ ਕਿਸਾਨੀ ਕੋਈ ਇਕਹਿਰੀ ਜਮਾਤ ਨਹੀਂ ਹੈ। ਇਸਦਾ ਵੱਡਾ ਹਿੱਸਾ ਉਹਨਾਂ ਥੁੜ੍ਹ ਜਮੀਨੇ ਕਿਸਾਨਾਂ ਦਾ ਹੈ, ਜਿਹਨਾਂ ਕੋਲ਼ ਅਨਾਜ ਮਸਾਂ ਗੁਜਾਰੇ ਲਾਇਕ ਹੁੰਦਾ ਹੈ, ਜਾਂ ਇਹਨਾਂ ਨੂੰ ਆਪਣੀਆਂ ਜਰੂਰਤਾਂ ਪੂਰੀਆਂ ਕਰਨ ਲਈ ਅਨਾਜ

ਖਰੀਦਣਾ ਵੀ ਪੈਂਦਾ ਹੈ। ਥੋੜ੍ਹੀ ਜਿਹੀ ਜਮੀਨ ਦੀ ਮਾਲਕੀ ਇਹਨਾਂ ਦੇ ਗੁਜਾਰੇ ਲਈ ਨਾਕਾਫ਼ੀ ਹੈ, ਇਸ ਲਈ ਇਹਨਾਂ ਨੂੰ ਦਿਹਾੜੀ-ਟੱਪਾ ਕਰਕੇ ਗੁਜ਼ਾਰਾ ਕਰਨਾ ਪੈਂਦਾ ਹੈ। ਇਹ ਮੁੱਖ ਰੂਪ ਵਿੱਚ ਆਪਣੀ ਮਿਹਨਤ ਸ਼ਕਤੀ ਵੇਚ ਕੇ ਗੁਜਾਰਾ ਚਲਾਉਂਦੇ ਹਨ। ਇਹ ਰੂਪ ਪੱਖੋਂ ਹੀ ਕਿਸਾਨ ਹਨ ਜਦੋਂ ਕਿ ਤੱਤ ਪੱਖੋਂ ਮਜ਼ਦੂਰ ਬਣ ਚੁੱਕੇ ਹਨ। ਕੌਮੀ ਸੈਂਪਲ ਸਰਵੇ ਜੱਥੇਬੰਦੀ ਦੇ ਅੰਕੜਿਆਂ ਮੁਤਾਬਕ 1999-2000 ਵਿੱਚ 40.9 ਫੀਸਦੀ ਪੇਂਡੂ ਪਰਿਵਾਰ ਬੇਜ਼ਮੀਨੇ ਸਨ। ਜਦ ਕਿ 22.3 ਫੀਸਦੀ ਪਰਿਵਾਰ ਉਹ ਸਨ ਜਿਨ੍ਹਾਂ ਕੋਲ 1 ਏਕੜ ਜਾਂ ਇਸ ਤੋਂ ਵੀ ਘੱਟ ਜਮੀਨ ਸੀ। ਇਸ ਤਰ੍ਹਾਂ ਪੇਂਡੂ ਖੇਤਰ ਦੇ ਇਹਨਾਂ 63.2 ਫੀਸਦੀ ਪਰਿਵਾਰਾਂ ਵਾਸਤੇ ਫਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਇੱਕ ਬੋਝ ਹੈ। ਇਸ ਤੋਂ ਇਲਾਵਾ 16.8 ਫ਼ੀਸਦੀ ਪਰਿਵਾਰ ਉਹ ਸਨ ਜਿਹਨਾਂ ਕੋਲ਼ ਇੱਕ ਏਕੜ ਤੋਂ ਢਾਈ ਏਕੜ ਤੱਕ ਜਮੀਨ ਦੀ ਮਾਲਕੀ ਹੈ । ਇਹਨਾਂ ਵਿੱਚੋਂ 13.2 ਫੀਸਦੀ ਪਰਿਵਾਰ ਮਜ਼ਦੂਰੀ ਕਰਦੇ ਹਨ। ਇਸ ਕੈਟੇਗਰੀ ਵਿੱਚ ਕੁਝ ਪਰਿਵਾਰ ਫ਼ਸਲ ਦਾ ਮਾਮੂਲੀ ਹਿੱਸਾ ਮੰਡੀ ਵਿੱਚ ਲੈ ਕੇ ਜਾਂਦੇ ਹੋਣਗੇ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਫਸਲਾਂ ਦੇ ਭਾਅ ਵਧਣ ਦਾ ਮਾਮੂਲੀ ਹੀ ਫ਼ਾਇਦਾ ਹੁੰਦਾ ਹੈ ਕਿਉਂਕਿ ਉਹਨਾਂ ਕੋਲ਼ ਵੇਚਣ ਲਈ ਉਪਜ ਦਾ ਇੱਕ ਛੋਟਾ ਹਿੱਸਾ ਹੀ ਹੁੰਦਾ ਹੈ। ਦੇਸ਼ ਪੱਧਰ 'ਤੇ ਜ਼ਮੀਨ ਦੀ ਉਤਪਾਦਕਤਾ ਦਾ ਪੱਧਰ ਬੇਹੱਦ ਅਸਾਵਾਂ ਹੋਣ ਕਰਕੇ ਉਹਨਾਂ ਦਾ ਇਹ ਫਾਇਦਾ ਵੀ ਅਸਾਵਾਂ ਹੀ ਹੈ। ਫਸਲਾਂ ਦੇ ਭਾਅ ਵਧਣ ਦਾ ਸਭ ਤੋਂ ਵੱਧ ਫਾਇਦਾ ਪੇਂਡੂ ਖੇਤਰ ਦੇ ਲੋਟੂਆਂ ਧਨੀ ਕਿਸਾਨਾਂ ਨੂੰ ਹੁੰਦਾ ਹੈ ਜੋ ਪੂਰੀ ਤਰ੍ਹਾਂ ਨਾਲ਼ ਉਜ਼ਰਤੀ ਮਜ਼ਦੂਰਾਂ ਦੀ ਮਿਹਨਤ ਦੀ ਲੁੱਟ 'ਤੇ ਨਿਰਭਰ ਹਨ। ਫਸਲਾਂ ਦੇ ਭਾਅ ਵਧਣ ਨਾਲ਼ ਇਹਨਾਂ ਦੇ ਮੁਨਾਫੇ ਕਈ ਗੁਣਾ ਵਧ ਜਾਂਦੇ ਹਨ। ਇਸ ਵਧੇ ਹੋਏ ਮੁਨਾਫੇ ਦਾ ਇਸਤੇਮਾਲ ਇਹ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀਆਂ ਜ਼ਮੀਨਾਂ ਖਰੀਦਣ ਲਈ ਕਰਦੇ ਹਨ। ਇਸ ਤਰ੍ਹਾਂ ਗਰੀਬ ਅਤੇ ਦਰਮਿਆਨੇ ਕਿਸਾਨਾਂ ਲਈ ਫਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਇੱਕ ਛਲਾਵਾ ਹੀ ਸਾਬਤ ਹੁੰਦਾ ਹੈ ਅਤੇ ਇਹ ਵਾਧਾ ਉਹਨਾਂ ਦੇ ਭੂਮੀਹੀਣ ਬਣਨ ਦੀ ਰਫ਼ਤਾਰ ਨੂੰ ਹੀ ਤੇਜ਼ ਕਰਦਾ ਹੈ।

ਖੇਤੀ ਜਿਣਸਾਂ ਦੇ ਭਾਅ ਵਧਾਏ ਜਾਣ ਨੂੰ ਜਾਇਜ ਠਹਿਰਾਉਣ ਲਈ ਅਕਸਰ ਖੇਤੀ ਲਾਗਤਾਂ ਵਿੱਚ ਵਾਧੇ ਦਾ ਲੱਚਰ ਤਰਕ ਦਿੱਤਾ ਜਾਂਦਾ ਹੈ। ਬੇਸ਼ੱਕ ਪਿਛਲੇ ਸਾਲਾਂ ਦੌਰਾਨ ਖੇਤੀ ਲਾਗਤਾਂ ਵਿੱਚ ਇਸ ਵਾਧੇ ਦਾ ਸਭ ਤੋਂ ਵੱਧ ਫਾਇਦਾ ਉਹਨਾਂ ਦੇਸੀ-ਵਿਦੇਸ਼ੀ ਸਨਅਤਕਾਰਾਂ ਨੂੰ ਹੋਇਆ ਹੈ ਜੋ ਇਹਨਾਂ ਖੇਤੀ ਲਾਗਤਾਂ (ਇਨਪੁਟਸ) ਦੀ ਪੈਦਾਵਾਰ ਕਰਦੇ ਹਨ। ਖੇਤੀ ਲਾਗਤਾਂ ਵਿੱਚ ਇਸ ਵਾਧੇ ਦੀ ਬਦੌਲਤ ਖੇਤੀ ਜਿਣਸਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਸਭ ਤੋਂ ਵੱਧ ਫਾਇਦਾ ਪੇਂਡੂ ਖੇਤਰ ਦੇ ਲੋਟੂਆਂ ਨੂੰ ਹੁੰਦਾ ਹੈ। ਇਹ ਦੋਵੇਂ ਲੁਟੇਰੀਆਂ ਜਮਾਤਾਂ ਆਪਣੇ ਮੁਨਾਫ਼ੇ ਵਧਾਉਣ ਲਈ ਆਪਸ ਵਿੱਚ 'ਲੜਦੀਆਂ' ਰਹਿੰਦੀਆਂ ਹਨ। ਇਹ ਦੋਵੇਂ ਹੀ ਜਮਾਤਾਂ ਦੇ ਮੁਨਾਫ਼ੇ ਤਾਂ ਵੱਧਦੇ ਹਨ ਪਰ ਇਸ ਸਭ ਦਾ ਬੋਝ ਇਸ ਦੇਸ਼ ਦੇ ਕਿਰਤੀਆਂ ਦੇ ਮੋਡਿਆਂ 'ਤੇ ਲੱਦ ਦਿੱਤਾ ਜਾਂਦਾ ਹੈ।

✵✵✵✵✵

(ਸਫ਼ਾ 2 ਦਾ ਬਾਕੀ ਹਿੱਸਾ)

ਵੀ ਰਾਹ ਦਿਖਾ ਰਿਹਾ ਹੈ। ਇਹੀ ਕਾਰਣ ਹੈ ਕਿ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਜੋ ਵੀ ਲਿਖਤਾਂ ਅੱਜ ਉਪਲੱਭਧ ਹਨ (ਜੇਲ੍ਹ ਦੌਰਾਨ ਲਿਖੀਆਂ ਗਈਆਂ ਭਗਤ ਸਿੰਘ ਦੀਆਂ ਚਾਰ ਕਿਰਤਾਂ ਰਹੱਸਮਈ ਢੰਗ ਨਾਲ਼ ਗਾਇਬ ਹੋ ਗਈਆਂ, ਸਿਰਫ਼ ਕੁੱਝ ਲੇਖ, ਚਿੱਠੀਆਂ ਅਤੇ ਇੱਕ ਜੇਲ੍ਹ-ਨੋਟਬੁਕ ਹੀ ਅੱਜ ਉਪਲੱਬਧ ਹਨ)। ਉਹਨਾਂ ਨੂੰ ਨਾ ਤਾਂ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ ਅਤੇ ਨਾ ਹੀ ਇਤਿਹਾਸ ਦੇ ਸਿਲੇਬਸ ਵਿੱਚ ਪੜ੍ਹਾਇਆ ਜਾਂਦਾ ਹੈ। ਭਗਤ ਸਿੰਘ ਭਾਰਤੀ ਹਾਕਮ ਜਮਾਤਾਂ ਲਈ ਵੀ ਓਨੇ ਹੀ ਖਤਰਨਾਕ ਹਨ ਜਿੰਨੇ ਕਿ ਉਹ ਬਰਤਾਨਵੀ ਬਸਤੀਵਾਦੀਆਂ ਲਈ ਸਨ।

ਪੂੰਜੀਪਤੀਆਂ ਦੇ ਕਰਾਏ ਦੇ ਟੱਟੂ ਕਲਮਘਸੀਟ ਅਤੇ ਬੁੱਧੀਵਿਲਾਸੀ ਲੱਖ ਕਹਿੰਦੇ ਰਹਿਣ ਕਿ ਪੂੰਜੀਵਾਦ ਹੀ ਮਨੁੱਖੀ ਇਤਿਹਾਸ ਦਾ ਆਖ਼ਰੀ ਮੁਕਾਮ ਹੈ, ਕਿ 'ਇਤਿਹਾਸ ਦਾ ਅੰਤ' ਆ ਗਿਆ ਹੈ, ਕਿ ਬਰਾਬਰਤਾ ਵਾਲ਼ੇ ਸਮਾਜ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ, ਕਿ ਸਮਾਜਵਾਦ ਦੀ ਹਾਰ ਅੰਤਿਮ ਹੈ ; ਪਰ ਇਨਸਾਨੀ ਮੁਕਤੀ ਦੀ ਹਜ਼ਾਰਾਂ ਵਰ੍ਹੇ ਲੰਬੀ ਯਾਤਰਾ ਉਦੋਂ ਤੱਕ ਜ਼ਾਰੀ ਰਹੇਗੀ ਜਦੋਂ ਤੱਕ ਇਨਸਾਨ ਹੱਥੋਂ ਇਨਸਾਨ ਦੀ ਲੁੱਟ-ਖਸੁੱਟ ਦਾ ਅੰਤ ਨਹੀਂ ਹੋ ਜਾਂਦਾ। ਅਤੀਤ ਵਿੱਚ ਵੀ ਇਨਕਲਾਬ ਅੰਤਿਮ ਜਿੱਤ ਤੋਂ ਪਹਿਲਾਂ ਇੱਕ-ਅੱਧੀ ਵਾਰ ਹਾਰਾਂ-ਪਛਾੜਾਂ ਦਾ ਸਾਹਮਣਾ ਕਰਦੇ ਰਹੇ ਹਨ। ਇਹੋ ਇਤਿਹਾਸ ਦਾ ਨਿਯਮ ਹੈ ਜੋ ਪੂੰਜੀਵਾਦ ਵਿਰੋਧੀ ਇਨਕਲਾਬਾਂ ਉੱਤੇ ਵੀ ਲਾਗੂ ਹੋ ਰਿਹਾ ਹੈ। ਅੱਜ ਵੀ ਲੋਕਾਂ ਦੇ ਅਜਿਹੇ ਬਹਾਦਰ ਧੀਆਂ-ਪੁੱਤਰਾਂ ਦੀ ਕਮੀ ਨਹੀਂ ਹੈ ਜੋ ਭਗਤ ਸਿੰਘ ਦੀ ਇਤਿਹਾਸ-ਦ੍ਰਿਸ਼ਟੀ ਨੂੰ ਸਹੀ ਮੰਨਦੇ ਹਨ ਅਤੇ ਜਿਨ੍ਹਾਂ ਦਾ ਵਿਸ਼ਵਾਸ਼ ਹੈ ਕਿ ਇਹ ਸਦੀ ਸਾਮਰਾਜਵਾਦ ਅਤੇ ਪੂੰਜੀਵਾਦ ਵਿਰੁੱਧ ਫੈਸਲਾਕੁਨ ਯੁੱਧ ਦੀ ਸਦੀ ਹੈ। ਇਹੀ ਬਹਾਦਰ ਵਿਦਿਆਰਥੀ-ਨੌਜਵਾਨ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਇਨਕਲਾਬੀ ਵਿਰਾਸਤ ਦੇ ਸੱਚੇ ਵਾਰਿਸ ਹਨ। ਅਜਿਹੇ ਹੀ ਨੌਜਵਾਨਾਂ ਦੀ ਜ਼ੁੰਮੇਵਾਰੀ ਹੈ ਕਿ ਉਹ ਭਗਤ ਸਿੰਘ ਦੇ ਵਿਚਾਰਾਂ ਨੂੰ ਪੂਰੇ ਦੇਸ਼ ਵਿੱਚ ਫੈਲਾਉਣ, ਇੱਕ ਨਵੇਂ ਇਨਕਲਾਬ ਦਾ ਸੰਦੇਸ਼ ਕਿਰਤੀ ਲੋਕਾਂ ਤੱਕ ਪਹੁੰਚਾਉਣ, ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਵੋਟ-ਮਦਾਰੀਆਂ ਅਤੇ ਸਿਰਫ਼ ਦੁਆਨੀ-ਚੁਆਨੀ ਦੀ ਲੜਾਈ ਵਿੱਚ ਉਲਝਾਈ ਰੱਖਣ ਵਾਲ਼ੇ ਵਾਲੇ ਨਕਲੀ ਮਜ਼ਦੂਰ ਲੀਡਰਾਂ ਦੇ ਭਰਮਜਾਲ ਤੋਂ ਛੁਟਕਾਰਾ ਦੁਆਉਣ ਅਤੇ ਜੱਥੇਬੰਦ ਹੋ ਕੇ ਫੈਸਲਾਕੁਨ ਸੰਘਰਸ਼ ਵਿੱਚ ਕੁੱਦਣ ਲਈ ਤਿਆਰ ਕਰਨ।

ਅੱਜ ਦਾ ਸਮਾਂ ਭਵਿੱਖ ਦੀ ਪੁਕਾਰ ਸੁਨਣ ਦਾ ਸਮਾਂ ਹੈ। ਇਹ ਅਤੀਤ ਦੇ ਗੌਰਵਸ਼ਾਲੀ ਸੰਘਰਸ਼ਾਂ ਨੂੰ ਇੱਕ ਵਾਰ ਫੇਰ ਅੱਗੇ ਵਧਾਉਣ ਲਈ ਸੰਕਲਪ ਲੈਣ ਦਾ ਸਮਾਂ ਹੈ। ਨਿਰਾਸ਼ਾ ਅਤੇ ਖੜੋਤ ਦੀ ਸਭ ਤੋਂ ਔਖੀ ਘੜੀ ਵਿੱਚ ਹੀ ਨਵੀਂ ਸ਼ੁਰੂਆਤ ਹੁੰਦੀ ਹੈ ਅਤੇ ਇਤਿਹਾਸ ਨਵੇਂ ਕਦਮ ਚੁੱਕਣ ਲਈ ਤਿਆਰ ਹੁੰਦਾ ਹੈ।

✵✵✵✵✵

ਭਾਰਤ 'ਚ ਤਲਾਕਾਂ 'ਚ ਭਾਰੀ ਵਾਧਾ

ਕੀ ਦਰਸਾਉਂਦੇ ਹਨ ਇਹ ਵਧ ਰਹੇ ਤਲਾਕ ?

—ਸੁਖਦੇਵ

ਨੈਸ਼ਨਲ ਕਰਾਈਮ ਬਿਉਰੋ ਅਤੇ ਭਾਰਤੀ ਅਦਾਲਤਾਂ ਦੇ ਅੰਕੜਿਆਂ ਅਨੁਸਾਰ ਪਿਛਲੇ ਲਗਭਗ ਡੇਢ ਦਹਾਕੇ ਦੌਰਾਨ ਭਾਰਤ ਦੇ ਮਹਾਂਨਗਰਾਂ ਅਤੇ ਵੱਖ ਵੱਖ ਰਾਜਾਂ ਵਿੱਚ ਵਿਆਹੇ ਜੋੜਿਆਂ ਵਿੱਚ ਤਲਾਕ ਦੇ ਰੁਝਾਨ ਵਿੱਚ ਤਿੱਖਾ ਵਾਧਾ ਹੋਇਆ ਹੈ। ਇਹਨਾਂ ਅੰਕੜਿਆਂ ਅਨੁਸਾਰ ਰਾਜਧਾਨੀ ਦਿੱਲੀ ਦੀਆਂ ਅਦਾਲਤਾਂ ਵਿੱਚ ਹਰ ਸਾਲ ਤਲਾਕ ਦੇ 9000 ਕੇਸ ਦਾਖਲ ਹੁੰਦੇ ਹੁਨ, ਜੋ ਕਿ 1990ਵਿਆਂ ਵਿੱਚ 1000 ਸਨ ਅਤੇ 1960ਵਿਆਂ 'ਚ ਮਹਿਜ਼ ਇੱਕ ਜਾਂ ਦੋ ਕੇਸ ਹੀ ਦਾਖਲ ਹੁੰਦੇ ਸਨ। ਇਸ ਤਰਾਂ ਰਾਜਧਾਨੀ ਵਿੱਚ ਹੀ 1990 ਤੋਂ ਬਾਅਦ ਤਲਾਕ ਦੇ ਮਾਮਲਿਆਂ ਵਿੱਚ ਲਗਭਗ 10 ਗੁਣਾ ਵਾਧਾ ਹੋਇਆ ਹੈ। ਚੇਨਈ ਅਤੇ ਕੋਲਕਾਤਾ ਵਿੱਚ ਤਲਾਕ ਦੇ ਮਾਮਲਿਆਂ ਵਿੱਚ ਸਲਾਨਾ 200% ਵਾਧਾ ਹੋ ਰਿਹਾ ਹੈ। ਕੇਰਲਾ ਵਿੱਚ 300% ਜਦ ਕਿ ਪੰਜਾਬ ਅਤੇ ਹਰਿਆਣਾ ਵਿੱਚ 150% ਦੀ ਸਲਾਨਾ ਦਰ ਨਾਲ਼ ਤਲਾਕਾਂ ਵਿੱਚ ਵਾਧਾ ਹੋ ਰਿਹਾ ਹੈ। ਇਹ ਰੁਝਾਨ ਸਿਰਫ਼ ਮਹਾਂਨਗਰਾਂ ਤੱਕ ਹੀ ਸੀਮਤ ਨਹੀਂ ਸਗੋਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਵਧ ਰਹੇ ਤਲਾਕਾਂ ਦੇ ਕੇਸਾਂ ਨਾਲ਼ ਨਿਪਟਣ ਲਈ ਸਿਰਫ਼ ਦਿੱਲੀ ਵਿੱਚ ਹੀ ਪੰਜ ਵਿਸ਼ੇਸ਼ ਅਦਾਲਤਾਂ, ਜਿਹਨਾਂ ਵਿੱਚੋਂ ਹਰ ਇੱਕ ਵਿੱਚ ਇੱਕ ਵਧੀਕ ਸੈਸ਼ਨ ਜੱਜ ਹੋਵੇਗਾ, ਸਥਾਪਿਤ ਕੀਤੀਆਂ ਗਈਆਂ ਹਨ।

ਭਾਰਤ ਵਿੱਚ ਤਲਾਕਾਂ ਦੇ ਜਿਸ ਵਰਤਾਰੇ ਨੇ 1990ਵਿਆਂ ਤੋਂ ਜ਼ੋਰ ਫੜਿਆ ਹੈ ਇਹ ਅੱਜ ਕਿਧਰੇ ਘੱਟ ਕਿਧਰੇ ਵੱਧ ਸੰਸਾਰ ਵਿਆਪੀ ਵਰਤਾਰਾ ਹੈ। ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚ ਤਾਂ ਹਾਲਤ ਇਹ ਬਣ ਚੁੱਕੀ ਹੈ ਕਿ ਇੱਥੇ ਲੋਕ ਵਿਆਹ ਤੋਂ ਹੀ ਤੌਬਾ ਕਰ ਰਹੇ ਹਨ। ਇਹਨਾਂ ਲਗਭਗ ਸਾਰੇ ਹੀ ਦੇਸ਼ਾਂ ਵਿੱਚ ਬੱਚਿਆਂ ਦੀ ਜਨਮ ਦਰ ਨੈਗੇਟਿਵ ਹੈ। ਵਿਕਸਿਤ ਪੂੰਜੀਵਾਦੀ ਦੇਸ਼ਾਂ ਦੀ ਤਰਜ਼ 'ਤੇ ਹੀ ਤੀਸਰੀ ਦੁਨੀਆਂ ਦੇ ਪੱਛੜੇ ਪੂੰਜੀਵਾਦੀ ਦੇਸ਼ਾਂ ਦੇ ਮਹਾਂਨਗਰਾਂ 'ਚ ਵੀ ਨੌਜਵਾਨ ਜੋੜੇ ਬਿਨ੍ਹਾਂ ਵਿਆਹ ਤੋਂ ਹੀ ਇਕੱਠੇ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਇਹਨਾਂ ਮਹਾਂਨਗਰਾਂ ਵਿੱਚ ਅਜਿਹੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਬੱਚੇ ਪੈਦਾ ਕਰਨ ਅਤੇ ਉਹਨਾਂ ਦੀ ਪਰਵਰਿਸ਼ ਨੂੰ ਫਾਲਤੂ ਦਾ ਝੰਜਟ ਸਮਝਦੇ ਹਨ। ਇਹਨਾਂ ਦੇ ਵਿਆਹ ਤੋਂ ਬੇਮੁੱਖ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਜੇਕਰ ਵਿਆਹ ਤੋਂ ਬਾਅਦ ਨਾ ਨਿਭੀ ਤਾਂ ਤਲਾਕ ਲੈਣ ਲਈ ਕੋਰਟਾਂ 'ਚ ਧੱਕੇ ਖਾਣੇ ਪੈਂਦੇ ਹਨ। ਇਸ ਸਾਰੇ ਖਲਜਗਣ ਤੋਂ ਬਚਣ ਦਾ ਇਹਨਾਂ ਨੇ ਇੱਕ ਤਰੀਕਾ ਕੱਢਿਆ ਹੈ ਕਿ ਬਿਨਾਂ ਵਿਆਹ ਦੇ ਹੀ ਇਕੱਠੇ ਰਿਹਾ ਜਾਵੇ। ਵਿਆਹ ਦੀ ਸੰਸਥਾ ਦੀ ਪਵਿੱਤਰਤਾ ਅਤੇ ਜ਼ਰੂਰਤ ਉੱਪਰ ਹੀ ਸਵਾਲ ਉਠਾਉਣ ਵਾਲਿਆਂ ਦੀ ਸੰਖਿਆ ਵੀ ਵਧ ਰਹੀ ਹੈ। ਅੰਗਰੇਜ਼ੀ ਅਖਬਾਰ 'ਦੀ ਟ੍ਰਿਬਿਊਨ' ਵਿੱਚ ਛਪੇ ਇੱਕ ਲੇਖ ਵਿੱਚ ਭਾਰਤ ਵਿੱਚ ਤਲਾਕਾਂ ਦੀ ਸੰਖਿਆ ਵਿੱਚ ਤਿੱਖੇ ਵਾਧੇ ਦੇ ਕਾਰਣਾਂ ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਮਾਜ ਵਿਗਿਆਨੀ ਸਤੁਤੀ ਦਾਸ ਦੱਸਦੇ ਹਨ, "ਅੱਜ ਕੱਲ੍ਹ ਇਸਤਰੀਆਂ ਵੀ ਬਰਾਬਰ ਕਮਾਈ ਕਰ ਰਹੀਆਂ ਹਨ। ਇਸ ਲਈ ਉਹ ਵਿਆਹ 'ਚ ਬਰਾਬਰੀ ਦੀ ਮੰਗ ਕਰਦੀਆਂ ਹਨ। ਜੇਕਰ ਇਸ ਤਰਾਂ ਨਹੀਂ ਹੁੰਦਾ ਤਾਂ ਉਹ ਸਬੰਧ ਤੋੜ ਦਿੰਦੀਆਂ ਹਨ....। ਅਤੇ ਆਰਥਿਕ ਸਸ਼ਕਤੀਕਰਨ (Empowerment) ਦੀ ਬਦੌਲਤ ਇਸਤਰੀਆਂ ਪਹਿਲਾਂ ਵਾਂਗ ਅਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ, ਜਦੋਂ ਉਹ ਪੂਰੀ ਤਰਾਂ ਪਿਤਾ-ਪਤੀ-ਪੁੱਤਰ ਦੀ ਤਿੱਕੜੀ 'ਤੇ ਨਿਰਭਰ ਸਨ"। ਇਸੇ ਲੇਖ ਦੀ ਲੇਖਿਕਾ ਨੀਤਾ ਲਾਲ ਦਾ ਕਹਿਣਾ ਹੈ ਕਿ "ਵਿਆਹ ਸਲਾਹਕਾਰ ਕਹਿੰਦੇ ਹਨ ਕਿ ਅੱਜ ਕੱਲ੍ਹ ਜ਼ਿਆਦਾਤਰ ਤਲਾਕ ਮੁੱਖ ਤੌਰ 'ਤੇ ਦੋ ਕਾਰਨਾਂ ਕਰਕੇ ਹੋ ਰਹੇ ਹਨ—ਕੁਜੋੜ ਅਤੇ ਵਿਭਚਾਰ"।

ਭਾਰਤ ਵਿੱਚ ਵਧ ਰਹੇ ਤਲਾਕਾਂ ਦੇ ਉੱਪਰ ਦੱਸੇ ਗਏ ਕਾਰਨਾਂ ਵਿੱਚ ਸੱਚਾਈ ਤਾਂ ਹੈ ਪਰ ਅੰਸ਼ਕ। ਇਸ ਲਈ ਜ਼ਰੂਰੀ ਹੈ ਕਿ ਇਹਨਾਂ ਕਾਰਨਾਂ ਦੇ ਵੀ ਕਾਰਨਾਂ ਨੂੰ ਸਮਝਿਆ ਜਾਵੇ ਮਸਲੇ ਦੀ ਜੜ੍ਹ ਤੱਕ ਜਾਇਆ ਜਾਵੇ। ਭਾਰਤ ਜਿਹੇ ਪੱਛੜੇ ਪੂੰਜੀਵਾਦੀ ਦੇਸ਼ਾਂ ਵਿੱਚ ਜਿੱਥੇ ਅਜੇ ਵੀ ਜਗੀਰੂ ਸੱਭਿਆਚਾਰ ਦਾ ਬੋਲਬਾਲਾ ਹੈ, ਨੌਜਵਾਨ ਲੜਕੇ-ਲੜਕੀਆਂ ਆਪਣਾ ਮਨਪਸੰਦ ਜੀਵਨ ਸਾਥੀ ਚੁਣਨ ਦੇ ਹੱਕ ਤੋਂ ਵੀ ਵਾਂਝੇ ਹਨ। ਭਾਵੇਂ ਪਿਛਲੇ ਕੁੱਝ ਸਮੇਂ ਤੋਂ ਪਿਆਰ ਵਿਆਹਾਂ ਦਾ ਰੁਝਾਨ ਵਧਿਆ ਹੈ, ਖਾਸ ਕਰਕੇ ਸ਼ਹਿਰਾਂ ਵਿੱਚ ਪਰ ਅਜੇ ਵੀ ਅਜੇਹੇ ਵਿਆਹਾਂ ਦੀ ਸੰਖਿਆ ਆਟੇ 'ਚ ਲੂਣ ਬਰਾਬਰ ਹੀ ਹੈ। ਵਿਆਹ ਇੱਥੇ ਜ਼ਿਆਦਾਤਰ ਵਡੇਰਿਆਂ ਦੁਆਰਾ ਤੈਅ ਕੀਤੇ ਜਾਂਦੇ ਹਨ, ਇੱਕ ਦੂਸਰੇ ਤੋਂ ਪੂਰੀ ਤਰ੍ਹਾਂ ਅਣਜਾਣ ਦੋ ਵਿਅਕਤੀਆਂ ਨੂੰ ਜ਼ਿੰਦਗੀ ਭਰ ਲਈ ਆਪਸ ਵਿੱਚ ਨਰੜ ਦਿੱਤਾ ਜਾਂਦਾ ਹੈ। ਪਿਛਲੇ ਕੁੱਝ ਸਮੇਂ ਵਿੱਚ ਇਸ ਰੀਤ ਵਿੱਚ ਇੰਨਾ ਕੁ ਫਰਕ ਪਿਆ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਲੜਕੀ ਇੱਕ ਦੂਸਰੇ ਨੂੰ ਦੇਖ ਲੈਂਦੇ ਹਨ ਤੇ ਕੁਝ ਗੱਲਬਾਤ ਕਰ ਲੈਂਦੇ ਹਨ। ਇਹ ਦੇਖਣਾ-ਦਿਖਾਉਣਾ ਵੀ ਬੇਹੱਦ ਘਟੀਆ ਅਤੇ ਮਨੁੱਖੀ ਗੌਰਵ ਦਾ ਅਪਮਾਨ ਹੈ। ਲੜਕੇ ਵਾਲ਼ੇ ਲੜਕੀ ਨੂੰ ਦੇਖਣ ਜਾਂਦੇ ਹਨ। ਲੜਕੀ ਨੂੰ ਸਜਾ ਧਜਾ ਕੇ ਲੜਕੇ ਅੱਗੇ ਪੇਸ਼ ਕੀਤਾ ਜਾਂਦਾ ਹੈ। ਲੜਕੇ ਦੁਆਰਾ ਵਾਸਨਾ ਭਰਭੂਰ ਨਜ਼ਰਾਂ ਨਾਲ਼ ਲੜਕੀ ਦੇ ਜਿਸਮ ਦੀ ਤਲਾਸ਼ੀ ਲਈ ਜਾਂਦੀ ਹੈ। ਜੇ ਲੜਕੀ ਦਾ 'ਸੁੱਹਪਣ' ਲੜਕੇ ਅਤੇ ਉਸ ਦੇ ਸਕੇ ਸਬੰਧੀਆਂ ਨੂੰ ਪਸੰਦ ਆ ਜਾਵੇ, ਦਹੇਜ ਵੀ ਤੈਅ ਹੋ ਜਾਵੇ ਤਾਂ ਵਿਆਹ ਰੂਪੀ ਸੌਦਾ ਸਿਰੇ ਚੜ੍ਹ ਜਾਂਦਾ ਹੈ। ਇਸ ਤਰ੍ਹਾਂ ਕੁਜੋੜ ਬਣਦੇ ਹਨ। ਜੇ ਕਰ ਤਲਾਕ ਕਨੂੰਨਾਂ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਲੜਕੀਆਂ ਦੇ ਪੜ੍ਹ

ਲਿਖ ਜਾਣ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਹੋ ਜਾਣ ਦੇ ਸਿੱਟੇ ਵਜੋਂ ਇਹ ਕੁਜੋੜ ਟੁੱਟ ਰਹੇ ਹਨ ਤਾਂ ਇਹ ਇੱਕ ਸਾਰਥਕ ਗੱਲ ਹੈ। ਇਸ ਦਾ ਸਵਾਗਤ ਹੀ ਕੀਤਾ ਜਾਣਾ ਚਾਹੀਦਾ ਹੈ।

ਜਗੀਰੂ ਯੁੱਗ ਧਰਮ ਕੇਂਦਰਤ ਯੁੱਗ ਸੀ। ਇੱਥੇ ਮਨੁੱਖ ਦੀਆਂ ਸਭ ਗਤੀਵਿਧੀਆਂ 'ਤੇ ਰਾਜੇ ਰਜਵਾੜਿਆਂ, ਧਰਮ, ਧਰਮ ਗੁਰੂਆਂ (ਜੋ ਕਈ ਮਾਮਲਿਆਂ ਵਿੱਚ ਜਗੀਰਦਾਰ ਵੀ ਹੁੰਦੇ ਸਨ) ਦਾ ਮੁਕੰਮਲ ਗਲਬਾ ਸੀ। ਇਸਤਰੀ ਨੂੰ ਤਲਵਾਰ ਦੇ ਜ਼ੋਰ ਹਾਸਲ ਕੀਤਾ ਜਾਂਦਾ ਸੀ। ਸੰਪੱਤੀਵਾਨ ਲਈ ਵਿਆਹ ਕਰਾਉਣਾ ਸਿਰਫ ਇਸ ਲਈ ਜ਼ਰੂਰੀ ਸੀ ਤਾਂ ਕਿ ਉਹਨਾਂ ਦੀ ਜਾਇਦਾਦ ਉਹਨਾਂ ਦੀ ਆਪਣੀ ਸੰਤਾਨ ਨੂੰ ਮਿਲ਼ੇ। ਇਹਨਾਂ ਘਰਾਂ 'ਚ ਜਾਇਦਾਦ ਦੇ ਜਾਇਜ਼ ਵਾਰਿਸ ਪੈਦਾ ਕਰਨ ਤੋਂ ਵੱਧ ਇਸਤਰੀ ਦੀ ਕੋਈ ਹੈਸੀਅਤ ਨਹੀਂ ਸੀ। ਜਗੀਰਦਾਰ ਤਾਕਤ ਦੇ ਦਮ 'ਤੇ ਕਿਸੇ ਵੀ ਇਸਤਰੀ ਨੂੰ ਹਾਸਲ ਕਰ ਸਕਦੇ ਸਨ। ਪੂੰਜੀਵਾਦ ਅਤੇ ਪੂੰਜੀਵਾਦੀ ਜਮਹੂਰੀਅਤ ਦੇ ਉਦੇ ਨਾਲ਼ ਪ੍ਰੇਮ ਦਾ ਉਦੇ ਹੋਇਆ, ਇਸਤਰੀਆਂ ਆਪਣੇ ਮਨ-ਪਸੰਦ ਜੀਵਨ ਸਾਥੀ ਦੀ ਚੋਣ ਲਈ ਅਜ਼ਾਦ ਹੋਈਆਂ। ਸਮਾਂ ਪਾਕੇ ਪੂੰਜੀਵਾਦੀ ਸਮਾਜਾਂ ਵਿੱਚ ਇਸਤਰੀ-ਪੁਰਸ਼ ਸਬੰਧਾਂ ਵਿੱਚ ਕਿਸੇ ਤੀਸਰੇ ਵਿਅਕਤੀ ਦਾ ਦਖਲ ਘੱਟ ਤੋਂ ਘੱਟ ਹੁੰਦਾ ਗਿਆ। ਵਿਆਹ ਸਬੰਧ ਹੁਣ ਸਿਰਫ ਇਸਤਰੀ ਪੁਰਸ਼ ਦੇ ਆਪਸੀ ਪ੍ਰੇਮ ਅਤੇ ਪਸੰਦ-ਨਾਪਸੰਦ 'ਤੇ ਅਧਾਰਿਤ ਹੋ ਗਏ। ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿੱਚ ਜ਼ੋਰ ਜ਼ਬਰਦਸਤੀ ਜਾਂ ਵਡੇਰਿਆਂ ਦੁਆਰਾ ਤੈਅਸ਼ੁਦਾ (Aranged) ਵਿਆਹ ਦੀ ਕਲਪਣਾ ਤੱਕ ਕਰ ਸਕਣਾ ਮੁਸ਼ਕਿਲ ਹੈ। ਪਰ ਭਾਰਤ ਜੇਹੇ ਪਿਛੜੇ ਪੂੰਜੀਵਾਦੀ ਦੇਸ਼ਾਂ ਵਿੱਚ ਅਜੇ ਵੀ ਜਗੀਰੂ ਕਦਰਾਂ ਕੀਮਤਾਂ ਦਾ ਬੋਲਬਾਲਾ ਹੈ। ਪਰ ਜਿੱਥੇ ਵਿਆਹਾਂ ਵਿੱਚ ਕੋਈ ਜ਼ੋਰ ਜ਼ਬਰਦਸਤੀ ਨਹੀਂ ਕੀਤੀ ਜਾਂਦੀ, ਭਾਵ ਅਖੌਤੀ ਪਿਆਰ ਵਿਆਹ ਵੀ ਤਾਂ ਨਹੀਂ ਟਿਕ ਰਹੇ। ਅਜੇਹੇ ਵਿਆਹਾਂ ਦੇ ਮਾਮਲਿਆਂ ਵਿੱਚ ਵੀ ਤਲਾਕ ਘੱਟ ਨਹੀਂ ਹੋ ਰਹੇ। ਕਾਰਣ ਇਹ ਹੈ ਕਿ ਅੱਜ ਦੇ ਪੂੰਜੀਵਾਦੀ ਸਮਾਜਾਂ ਵਿੱਚ ਪੂੰਜੀ ਨੇ ਸਮੁੱਚੇ ਮਨੁੱਖੀ ਸਬੰਧਾਂ ਉੱਪਰ ਆਪਣਾ ਗਲਬਾ ਕਾਇਮ ਕਰ ਲਿਆ ਹੈ। ਕਿਉਂਕਿ ਵਿਆਹ ਸਬੰਧ ਉਤਪਾਦਨ ਸਬੰਧਾਂ ਦੇ ਅਨੁਸਾਰੀ ਹੁੰਦੇ ਹਨ, ਇਸ ਲਈ ਅੱਜ ਦੇ ਪੂੰਜੀਵਾਦੀ ਸਮਾਜਾਂ ਵਿੱਚ ਵਿਆਹ ਪੂੰਜੀ ਵਧਾਉਣ ਦਾ ਜ਼ਰੀਆ ਹਨ। ਇਹ ਸ਼ੁੱਧ ਰੂਪ ਵਿੱਚ ਇੱਕ ਸੌਦੇਬਾਜ਼ੀ, ਇੱਕ ਵਣਜ ਹੈ। ਇਹ ਅਸਲ ਵਿੱਚ ਦੋ ਪੂੰਜੀਆਂ ਦਰਮਿਆਨ 'ਜੁਆਇੰਟ ਵੈਂਚਰ' ਹੈ। ਮਹਾਨ ਜਰਮਨ ਫਿਲਾਸਫਰ ਫਰੈਡਰਿਕ ਏਂਗਲਜ਼ ਜਗੀਰੂ ਸਮਾਜਾਂ ਦੇ ਪੂੰਜੀਵਾਦੀ ਸਮਾਜਾਂ ਵਿੱਚ ਰੁਪਾਂਤਰਣ ਵਜੋਂ ਮਨੁੱਖੀ ਸਬੰਧਾਂ ਵਿੱਚ ਆਏ ਬਦਲਾਵਾਂ ਬਾਰੇ ਲਿਖਦੇ ਹਨ *"ਸਰਮਾਏਦਾਰ ਅਧਾਰ ਉੱਤੇ ਸਨਅਤ ਦੇ ਵਿਕਾਸ ਨੇ ਕਿਰਤੀ ਜਨਤਾ ਦੀ ਗਰੀਬੀ ਅਤੇ ਦੁਰਦਸ਼ਾ ਨੂੰ ਸਮਾਜ ਦੀ ਹੋਂਦ ਦੀ ਅਵਸਥਾ ਬਣਾ ਦਿੱਤਾ। ਕਾਰਲਾਇਲ ਦੇ ਵਾਕੰਸ਼ ਅਨੁਸਾਰ ਨਕਦ ਅਦਾਇਗੀ ਸਦਾ ਵਧੇਰੇ ਮਨੁੱਖ ਅਤੇ ਮਨੁੱਖ ਵਿਚਕਾਰ ਇੱਕੋ ਇੱਕ ਸੰਬੰਧ ਬਣਦੀ ਗਈ। ਵਰ੍ਹੇ ਦੇ ਵਰ੍ਹੇ ਜੁਰਮਾਂ ਦੀ ਗਿਣਤੀ ਵਧਦੀ ਗਈ। ਪਹਿਲੀਆਂ ਵਿੱਚ ਜਗੀਰੂ ਐਬ ਦਿਨ-ਦਿਹਾੜੇ ਛਾਤੀ ਤਾਣ ਕੇ ਚਲਦੇ ਸਨ ; ਭਾਵੇਂ ਉਹਨਾਂ ਦਾ ਅੰਤ ਨਾ ਹੋਇਆ ਪਰ ਉਹ ਪਿਛੋਕੜ ਵਿੱਚ ਧਕ ਦਿੱਤੇ ਗਏ। ਉਹਨਾਂ ਦੀ ਥਾਂ ਬੁਰਜੂਆ ਐਬ ਜਿਹੜੇ ਹੁਣ ਤੱਕ ਚੋਰੀ ਚੋਰੀ ਕੀਤੇ ਜਾਂਦੇ ਸਨ, ਖੁੱਲ੍ਹਮ-ਖੁੱਲ੍ਹਾ ਪ੍ਰਫੁੱਲਤ ਹੋਣ ਲੱਗ ਪਏ। ਵਪਾਰ ਸਦਾ ਵਧੇਰੇ ਹੱਦ ਤੱਕ ਧੋਖੇਬਾਜ਼ੀ ਬਣ ਗਿਆ। ਇਨਕਲਾਬੀ ਲੋਕੋਕਤੀ ਦੀ "ਭਰਾਤਰੀਅਤਾ" ਮੁਕਾਬਲੇ ਦੇ ਘੋਲ ਵਿੱਚ ਧੋਖੇਬਾਜ਼ੀ ਅਤੇ ਵਿਰੋਧਾਂ ਵਿਚ ਪ੍ਰਾਪਤ ਕੀਤੀ ਗਈ। ਜਬਰ ਤੇ ਦਾਬੇ ਦੀ ਥਾਂ ਭ੍ਰਿਸ਼ਟਾਚਾਰ ਨੇ ਲੈ ਲਈ। ਪਹਿਲੀ ਸਮਾਜੀ ਅਰ ਵਜੋਂ ਤਲਵਾਰ ਦੀ ਥਾਂ ਸੋਨੇ ਲੈ ਲਈ। ਨਵੀਂ ਵਿਆਹੁਤਾ ਨਾਲ਼ ਪਹਿਲੀ ਰਾਤ ਬਿਤਾਉਣ ਦਾ ਹੱਕ ਜਗੀਰੂ ਰਾਠਾਂ ਦੀ ਥਾਂ ਬੁਰਜੂਆ ਕਾਰਖ਼ਾਨੇਦਾਰਾਂ ਨੂੰ ਪ੍ਰਾਪਤ ਹੋ ਗਿਆ। ਚਕਲੇਬਾਜ਼ੀ ਪਹਿਲਾਂ ਅਣਸੁਣੀ ਹਦ ਤੱਕ ਵਧ ਗਈ। ਵਿਆਹ ਪਹਿਲਾਂ ਵਾਂਗ ਹੀ ਰੰਡੀਬਾਜ਼ੀ ਦਾ ਕਾਨੂੰਨੀ ਤੌਰ 'ਤੇ ਪ੍ਰਵਾਨਿਆ ਰੂਪ, ਇਹਦੇ ਲਈ ਕਾਨੂੰਨੀ ਪਰਦਾ ਰਿਹਾ, ਸਗੋਂ ਇਹਦੇ ਵਿੱਚ ਵਿਭਚਾਰ ਦੀ ਭਰਪੂਰ ਫ਼ਸਲ ਦਾ ਵਾਧਾ ਕੀਤਾ ਗਿਆ।"* ਅੱਜ ਦੇ ਪੰਜੀਵਾਦੀ ਸੰਸਾਰ ਵਿੱਚ ਇਸਤਰੀ-ਪੁਰਸ਼ ਇਸ ਲਈ ਵਿਆਹ ਸੰਬੰਧਾਂ ਵਿੱਚ ਨਹੀਂ ਬੱਝਦੇ ਕਿ ਉਹ ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਇੱਕ ਦੂਸਰੇ ਪ੍ਰਤੀ ਗਹਿਰੀਆਂ ਭਾਵਨਾਵਾਂ ਰੱਖਦੇ ਹਨ, ਸਗੋਂ ਨਿਰੋਲ ਇੰਦਰੀਆਵੀ ਭੋਗ ਅਤੇ ਪੂੰਜੀ 'ਚ ਵਾਧਾ ਵਿਆਹ ਦੇ ਅਧਾਰ ਬਣ ਚੁੱਕੇ ਹਨ। ਇਹ ਵਿਆਹ ਸਮਾਜਿਕ ਰੂਪ 'ਚ ਪ੍ਰਾਵਨਤ ਵੇਸਵਾਗਮਨੀ ਦਾ ਇੱਕ ਰੂਪ ਅਤੇ ਵਿਭਚਾਰ ਦੇ ਅੱਡੇ ਹਨ। ਫਰਾਂਸੀਸੀ ਨਾਵਲਕਾਰ ਫਲਾਬੇਅਰ ਦਾ ਕਹਿਣਾ ਹੈ ਕਿ ਆਮ ਤੌਰ 'ਤੇ 95 ਫੀਸਦੀ ਵਿਆਹੇ ਜੋੜੇ ਬੇਵਫਾ ਹੁੰਦੇ ਹਨ। ਜਿੱਥੇ ਵਿਆਹੇ ਜੋੜੇ ਬੇਵਫਾਈ ਨਹੀਂ ਵੀ ਕਰਦੇ ਉੱਥੇ ਵੀ ਜ਼ਿਆਦਾਤਰ ਮਾਮਲਿਆਂ ਵਿੱਚ ਇਸ ਦੀ ਵਜ੍ਹਾ ਇੱਕ ਦੂਸਰੇ ਪ੍ਰਤੀ ਪਿਆਰ ਦੀਆਂ ਭਾਵਨਾਵਾਂ ਨਹੀਂ ਸਗੋਂ ਹੋਰ ਕਾਰਨ ਹੁੰਦੇ ਹਨ, ਜਿਵੇਂ ਕਿ ਸਮਾਜਿਕ ਨਮੋਸ਼ੀ ਦਾ ਡਰ, ਆਰਥਿਕ ਅਸੁਰੱਖਿਆ, ਧਰਮ ਗ੍ਰੰਥਾਂ ਵੱਲੋਂ ਸਿਰਜਿਆ ਕਲਪਿਤ ਭੈਅ ਆਦਿ। ਰੂਸੀ ਲੇਖਕ ਤਾਲਸਤਾਏ ਨੇ ਆਪਣੇ ਨਾਵਲੈੱਟ 'ਕਰੂਜ਼ਰ ਸੋਨਾਟਾ' ਵਿੱਚ ਇਸ ਤਰ੍ਹਾਂ ਦੇ ਵਿਆਹਾਂ ਦੀ ਗੰਦਗੀ ਦਾ ਬਾਖੂਬੀ ਪਰਦਾਚਾਕ ਕੀਤਾ ਹੈ। ਉਸਨੇ ਸੰਪੱਤੀ ਅਤੇ 'ਯੌਨ ਪ੍ਰੇਮ' ਅਧਾਰਤ ਇਹਨਾਂ ਵਿਆਹ ਤੋਂ ਪਵਿੱਤਰਤਾ, ਨੈਤਿਕਤਾ, ਪਿਆਰ ਦੇ ਪਾਖੰਡ ਤੋਂ ਪਰਦਾ ਲਾਹ ਕੇ, ਇਹਨਾਂ ਵਿਆਹ ਸਬੰਧਾਂ ਦੀ ਸੜ੍ਹਾਂਦ ਨੂੰ ਇਸ ਤਰਾਂ ਸਾਹਮਣੇ ਲੈ ਆਂਦਾ ਹੈ, ਕਿ ਪਾਠਕ ਨੂੰ ਅਜੇਹੇ ਸਬੰਧਾਂ ਤੋਂ ਘਿਣ ਆਉਣ ਲਗਦੀ ਹੈ।

ਅੱਜ ਦੇ ਵਿਆਹ ਸਬੰਧਾਂ ਵਿੱਚ ਕਿਸ ਕਦਰ ਨਿਘਾਰ ਆ ਚੁੱਕਾ ਹੈ, ਇਹ ਹਾਲੀਵੁੱਡ ਦੀਆਂ ਕਈ ਅਭਿਨੇਤਰੀਆਂ ਵੱਲੋਂ ਉੱਥੋਂ ਦੇ ਕਰੋੜਪਤੀਆਂ ਨੂੰ ਮੋਟੀਆਂ ਰਕਮਾਂ ਬਦਲੇ ਕੀਤੀਆਂ 'ਕੰਟਰੈਕਟ ਮੈਰਿਜ' (ਠੇਕੇ 'ਤੇ ਵਿਆਹ) ਦੀ ਪੇਸ਼ਕਸ਼ਾਂ ਤੋਂ ਵੀ ਦੇਖਿਆ ਜਾ ਸਕਦਾ ਹੈ ਜਿਹਨਾਂ ਦੇ ਕਿੱਸੇ ਅਕਸਰ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ। ਸਾਡੇ ਸਮਾਜ ਵਿੱਚ ਮੋਟਾ ਦਹੇਜ ਦਿੱਤੇ ਬਿਨਾਂ ਲੜਕੀ ਦਾ ਵਿਆਹ ਨਾਮੁਮਕਿਨ ਹੈ। ਅਖ਼ਬਾਰ ਵਿਆਹ ਸਬੰਧੀ ਇਸ਼ਤਿਹਾਰਾਂ ਨਾਲ਼ ਭਰੇ ਰਹਿੰਦੇ ਹਨ, ਜਿਹਨਾਂ ਵਿੱਚ ਲੜਕੇ-ਲੜਕੀਆਂ ਖੁਦ ਨੂੰ ਜਾਂ ਉਹਨਾਂ ਦੇ ਮਾਪੇ ਆਪਣੇ ਬੱਚਿਆਂ ਨੂੰ ਵਿਕਾਊ 'ਮਾਲ' ਦੀ ਤਰਾਂ ਮੰਡੀ ਵਿੱਚ ਉਤਾਰਦੇ ਹਨ। ਅਜੇਹੀ

ਚਰਚਾ ਅਕਸਰ ਸੁਣਨ ਨੂੰ ਮਿਲ਼ਦੀ ਹੈ ਕਿ ਪੜ੍ਹ ਲਿਖਕੇ ਵੱਡੀ ਡਿਗਰੀ ਹਾਸਲ ਕਰਨ ਨਾਲ਼ ਲੜਕੇ ਜਾਂ ਲੜਕੀ ਦੀ ਵਿਆਹ ਮੰਡੀ ਵਿੱਚ 'ਮਾਰਕੀਟ ਵੈਲਿਯੂ' (ਮੰਡੀ ਮੁੱਲ) ਵੱਧ ਜਾਂਦੀ ਹੈ। 'ਮਾਰਕੀਟ ਵੈਲਯੂ' ਜੇਹੇ ਸ਼ਬਦ ਸ਼ਰਮ ਦੀ ਥਾਂ ਮਾਣ ਦੀ ਵਜ੍ਹਾ ਬਣ ਗਏ ਹਨ। ਇਸ ਲਈ ਇਸ ਤਰਾਂ ਦੇ ਵਿਆਹ ਜੇਕਰ ਅੱਜ ਤੇਜੀ ਨਾਲ਼ ਟੁੱਟ ਰਹੇ ਹਨ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ। ਜਿੱਥੇ ਇਹ ਨਹੀਂ ਟੁੱਟਦੇ ਉੱਥੇ ਸਾਰੀ ਉਮਰ ਧੂਹ ਘੜੀਸ ਚੱਲਦੀ ਰਹਿੰਦੀ ਹੈ। ਜਾਂ ਅਜੇਹੇ ਰਿਸ਼ਤੇ ਅੰਦਰੋਂ ਟੁੱਟ ਹੀ ਚੁੱਕੇ ਹਨ ਬਸ ਦਿਖਾਵੇ ਵੱਜੋਂ ਹੀ ਇਹ ਬਚੇ ਹੁੰਦੇ ਹਨ।

ਇਸਤਰੀ-ਪੁਰਸ਼ ਇੱਕ ਦੂਸਰੇ ਦੇ ਪੂਰਕ ਹਨ, ਦੋਵੇਂ ਇੱਕ ਦੂਸਰੇ ਤੋਂ ਬਿਨਾਂ ਅਧੂਰੇ। ਇਸਤਰੀ ਪੁਰਸ਼ ਦੇ ਆਪਸੀ ਸਬੰਧ ਮਨੁੱਖੀ ਨਸਲ ਨੂੰ ਅੱਗੇ ਤੋਰਨ ਦਾ ਜ਼ਰੀਆ ਹਨ। ਇਸਤਰੀ-ਪੁਰਸ਼ ਦਰਮਿਆਨ ਪ੍ਰੇਮ ਦੋ ਇਨਸਾਨਾਂ ਲਈ ਅਥਾਹ ਖੁਸ਼ੀ ਅਤੇ ਅਨੰਦ ਦਾ ਸੋਮਾ, ਨੈਤਿਕ-ਚਰਿੱਤਰਕ ਉੱਚਤਾ ਦਾ ਸਾਧਨ ਹੈ। ਪਰ ਪੂੰਜੀ ਨੇ ਮਨੁੱਖ ਤੋਂ ਨਿਹਾਇਤ ਹੀ ਮਾਨਵੀ ਸੁੱਖ-ਖੁਸ਼ੀਆਂ ਵੀ ਖੋਹ ਲਏ ਹਨ। ਦਰਅਸਲ ਪੂੰਜੀਵਾਦੀ ਸੰਪੱਤੀ ਸਬੰਧਾਂ ਵਿੱਚ ਸੱਚਾ ਪ੍ਰੇਮ ਉਪਜ ਹੀ ਨਹੀਂ ਸਕਦਾ। ਪੂੰਜੀਵਾਦੀ ਸੰਪੱਤੀ ਸੰਬੰਧਾਂ ਦਾ ਖਾਤਮਾ ਇਸਤਰੀ ਪੁਰਸ਼ ਦਰਮਿਆਨ ਸੱਚਾ ਪ੍ਰੇਮ ਉਪਜਣ ਦੀ ਪੂਰਵ ਸ਼ਰਤ ਹੈ। ਵੀਹਵੀਂ ਸਦੀ ਵਿੱਚ ਵਿੱਚ ਜਿਹਨਾਂ ਦੇਸ਼ਾਂ ਵਿੱਚ ਮਨੁੱਖਤਾ ਨੇ ਪੂੰਜੀ ਦੇ ਜੂਲੇ ਤੋਂ ਮੁਕਤੀ ਹਾਸਲ ਕੀਤੀ ਅਤੇ ਇੱਕ ਨਵੇਂ ਅਧਾਰ 'ਤੇ ਸਮਾਜਵਾਦੀ ਸਮਾਜਾਂ ਦੀ ਉਸਾਰੀ ਕੀਤੀ, ਉੱਥੇ ਮਨੁੱਖਾਂ ਦਰਮਿਆਨ ਆਪਸੀ ਸਬੰਧਾਂ ਵਿੱਚ ਵੱਡੀਆਂ ਤਬਦੀਲੀਆਂ ਹੋਈਆਂ। ਅਕਤੂਬਰ 1917 ਵਿੱਚ ਰੂਸ ਵਿੱਚ ਸਮਾਜਵਾਦੀ ਇਨਕਲਾਬ ਹੋਇਆ। ਇਨਕਲਾਬ ਤੋਂ ਬਾਅਦ ਪੂਰੇ ਸਮਾਜ ਦੀ ਕਾਇਆਪਲਟ ਹੋਈ। ਲੋਕਾਂ ਨੇ ਲੁੱਟ ਜਬਰ ਤੋਂ ਤਾਂ ਮੁਕਤੀ ਹਾਸਲ ਕੀਤੀ ਹੈ ਸਗੋਂ ਵੇਸ਼ਵਾਗਮਨੀ, ਸ਼ਰਾਬਖੋਰੀ ਜਿਹੀਆਂ ਅਨੇਕਾਂ ਸਮਾਜਿਕ ਬੁਰਾਈਆਂ ਵੀ ਜੜ੍ਹੋਂ ਖਤਮ ਹੋਈਆਂ। ਉੱਥੇ ਵਿਆਹ ਸਬੰਧਾਂ ਵਿੱਚ ਵੱਡੀਆਂ ਤਬਦੀਲੀਆਂ ਵਾਪਰੀਆਂ। ਅਮਰੀਕੀ ਪੱਤਰਕਾਰ ਡਾਈਸਨ ਕਾਰਟਰ ਦੀ ਕਿਤਾਬ 'ਪਾਪ ਅਤੇ ਵਿਗਿਆਨ' ਸੋਵੀਅਤ ਯੂਨੀਅਨ ਵਿੱਚ ਮਨੁੱਖੀ ਸਬੰਧਾਂ ਵਿੱਚ ਵਾਪਰੀਆਂ ਵੱਡੀਆਂ ਅਗਾਂਵਧੂ ਤਬਦੀਲੀਆਂ ਬਾਰੇ ਦੱਸਦੀ ਹੈ। ਇਹ ਦੱਸਦੀ ਹੈ ਕਿ ਕਿਵੇਂ ਪੂੰਜੀ ਤੋਂ ਮੁਕਤ ਸਮਾਜਾਂ ਵਿੱਚ ਮਨੁੱਖੀ ਸਬੰਧਾਂ ਨੂੰ ਇੱਕ ਨਵਾਂ ਨੈਤਿਕ ਅਧਾਰ ਪ੍ਰਾਪਤ ਹੋਇਆ। ਇਹ ਕਿਤਾਬ ਸਮਾਜਵਾਦ ਦੀ ਸ਼ਕਤੀ ਦੀ ਬਾਤ ਪਾਉਂਦੀ ਹੈ। ਆਪਣੀ ਇਸ ਕਿਤਾਬ ਵਿੱਚ ਡਾਈਸਨ ਕਾਰਟਰ ਲਿਖਦੇ ਹਨ : "18ਦਸੰਬਰ 1917 ਨੂੰ ਸੋਵੀਅਤ ਅਧਿਕਾਰੀਆਂ ਨੇ ਦੋ ਅਜੇਹੇ ਕਾਨੂੰਨ ਪਾਸ ਕੀਤੇ, ਜਿਹਨਾਂ ਨੂੰ ਲੈ ਕੇ ਦੁਨੀਆਂ ਵਿੱਚ ਹਾਹਾਕਾਰ ਮੱਚ ਗਈ। ਇਹ ਕਾਨੂੰਨ ਸਨ : ਪਹਿਲਾ, ਸਿਵਿਲ ਮੈਰਿਜਾਂ, ਬੱਚਿਆਂ ਅਤੇ ਸੰਤਾਨ ਦੀ ਰਜਿਸ਼ਟਰੇਸ਼ਨ, ਵਿਆਹਾਂ ਅਤੇ ਮੌਤ ਸਬੰਧੀ ਕਾਨੂੰਨ, ਦੂਜਾ, ਵਿਆਹ ਅਤੇ ਤਲਾਕ ਸਬੰਧੀ ਕਾਨੂੰਨ।....ਸੋਵੀਅਤ ਰੂਸ ਵਿੱਚ ਤਲਾਕ ਕਾਨੂੰਨਾਂ ਦਾ ਉਦੇਸ਼ ਅਸਲ ਵਿੱਚ, ਵਿਆਹ ਅਤੇ ਪਰਿਵਾਰ ਨੂੰ ਮਜ਼ਬੂਤ ਬਣਾਉਣਾ ਸੀ।....ਜਿਵੇਂ ਕਿ ਸਾਰੇ ਹੀ ਜਾਣਦੇ ਹਨ, ਸ਼ੁਰੂ-ਸ਼ੁਰੂ ਵਿੱਚ ਸੋਵੀਅਤ ਰੂਸ ਵਿੱਚ ਤਲਾਕ ਸਬੰਧੀ ਨਿਯਮ ਬਹੁਤ ਨਰਮ ਸਨ : ਵਿਆਹੇ ਜੋੜੇ ਵਿੱਚੋਂ ਇੱਕ ਪੱਖ ਰਜਿਸਟਰੇਸ਼ਨ ਦਫ਼ਤਰ ਦੁਆਰਾ ਦੂਸਰੇ ਪੱਖ ਨੂੰ ਸੂਚਨਾ ਦੇ ਦੇਵੇ ਕਿ ਵਿਆਹ ਸਬੰਧ ਖਤਮ ਹੋ ਗਿਆ ਹੈ, ਬੱਸ, ਇਸ ਤੋਂ ਇਲਾਵਾ ਕੋਈ ਬੱਚਾ ਮੌਜੂਦ ਹੋਵੇ ਤਾਂ ਉਸਦੀ ਦੇਖਭਾਲ਼ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਸੀ। ਇਸ ਕੰਮ ਵਿੱਚ ਲਗਭਗ ਓਨਾ ਹੀ ਖਰਚ ਹੁੰਦਾ ਸੀ, ਜਿੰਨਾ ਕਿਸੇ ਨਾਟਕਘਰ 'ਚ ਜਾਣ ਲਈ ਟਿਕਟ ਵਿੱਚ। ਪ੍ਰੇਮ ਅਧਾਰਤ ਨਾ ਹੋਣ ਵਾਲ਼ੇ ਵਿਆਹ ਸਬੰਧਾਂ ਨੂੰ ਭੰਗ ਕਰਨ ਲਈ ਤਲਾਕ ਨੂੰ ਇੱਕ ਅਧਿਕਾਰ ਮੰਨਦੇ ਹੋਏ ਸੋਵੀਅਤ ਕਨੂੰਨ ਸਾਜ਼ਾਂ ਨੇ ਇਸ ਤਰਕ ਨੂੰ ਸਿਖਰ ਤੱਕ ਪਹੁੰਚਾ ਦਿੱਤਾ। ਉਹਨਾਂ ਨੇ ਪ੍ਰੇਮ ਨੂੰ ਹੀ ਵਿਆਹ ਦਾ ਇੱਕੋ-ਇੱਕ ਅਧਾਰ ਐਲਾਨ ਦਿੱਤਾ। ਉਹਨਾਂ ਨੇ ਸਭ ਔਕੜਾਂ ਨੂੰ ਰਾਹ 'ਚੋਂ ਹਟਾ ਦਿੱਤਾ। ਤਲਾਕ ਦੇ ਰਾਹ ਵਿੱਚ ਜੋ ਵੀ ਕਨੂੰਨੀ ਅਤੇ ਆਰਥਿਕ ਔਕੜਾਂ ਸਨ ਉਹ ਦੂਰ ਕਰ ਦਿੱਤੀਆਂ ਗਈਆਂ। ਇਸ ਤਰਕ ਹੇਠ ਇੱਕ ਡੂੰਘਾ ਸੱਚ ਲੁਕਿਆ ਹੋਇਆ ਸੀ। ਉਹ ਜਾਣਦੇ ਸਨ ਕਿ ਵਿਆਹ ਸਬੰਧਾਂ ਤੋਂ ਵੱਖ ਜਦੋਂ ਇਸਤਰੀ-ਪੁਰਸ਼ ਯੌਨ ਸਬੰਧਾਂ 'ਚ ਬੱਝਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਉਹਨਾਂ ਦਾ ਵਿਆਹ ਸਬੰਧ ਪ੍ਰੇਮ 'ਤੇ ਅਧਾਰਿਤ ਨਹੀਂ ਹੈ। ਅਨੈਤਿਕ ਯੌਨ ਸਬੰਧਾਂ ਦੇ ਸਭ ਤੋਂ ਭੱਦੇ ਰੂਪ ਵਿਭਚਾਰ ਅਤੇ ਵੇਸ਼ਵਾਗਮਨੀ ਹੁੰਦੇ ਹਨ।

ਕਹਿਣ ਦਾ ਭਾਵ ਇਹ ਕਿ ਸੋਵੀਅਤ ਰੂਸ ਵਿੱਚ ਤਲਾਕ ਨੂੰ ਪ੍ਰੇਮ-ਰਹਿਤ ਵਿਆਹਾਂ ਨੂੰ ਰੋਕਣ-ਭਾਵ ਅਨੈਤਿਕ ਵਿਆਹਾਂ ਨੂੰ ਰੋਕਣ-ਦਾ ਉਪਾਅ ਬਣਾਇਆ ਗਿਆ। ਜ਼ਾਰਸ਼ਾਹੀ ਜ਼ਮਾਨੇ ਦੀ ਹੀ ਵਸੀਅਤ ਇਹ ਅਨੈਤਿਕ ਵਿਆਹ ਸਨ। ਬੇਰੋਕ ਤਲਾਕ ਨੇ ਇਹਨਾਂ ਨੂੰ ਖਤਮ ਕਰਨ ਦਾ ਕੰਮ ਕੀਤਾ। ਬੇਰੋਕ ਤਲਾਕ ਨੇ ਪ੍ਰੇਮ ਅਧਾਰਿਤ ਵਿਆਹ ਸਬੰਧਾਂ ਨੂੰ ਵਧਾਇਆ।.....ਪਿਛਲੇ ਦਸ ਸਾਲਾਂ ਵਿੱਚ (ਭਾਵ 1940ਵਿਆਂ ਦੇ ਆਸ ਪਾਸ-ਸੁਖਦੇਵ) ਸੋਵੀਅਤ ਰੂਸ ਵਿੱਚ ਤਲਾਕ ਦੀ ਦਰ ਬਹੁਤ ਤੇਜੀ ਨਾਲ਼ ਘਟੀ ਹੈ।....ਸੋਵੀਅਤ ਰੂਸ ਵਿੱਚ ਤਲਾਕ ਦੇ ਹਾਮੀਆਂ ਦੀ ਸੰਖਿਆ ਓਨੀ ਨਹੀਂ ਹੈ, ਜਿੰਨੀ ਪਹਿਲਾਂ ਸੀ। ਵਿਆਹ ਪ੍ਰਥਾ ਨੇ ਜ਼ਿਆਦਾ ਮਜ਼ਬੂਤੀ ਫੜੀ ਹੈ। ਇਸਦਾ ਕਾਰਨ ਇੱਕ ਨਵੀਂ ਸਮਾਜਿਕ ਨੈਤਿਕਤਾ ਦਾ ਬਲ ਹੈ। ਇਸ ਨੈਤਿਕਤਾ ਦਾ ਲੱਛਣ ਇਹ ਹੈ ਕਿ ਜੋ ਲੋਕ ਵਾਰ ਵਾਰ ਵਿਆਹ ਕਰਾਉਣ ਨੂੰ ਦੌੜਦੇ ਹਨ, ਉਹਨਾਂ ਨੂੰ ਬਹੁਤਿਆਂ ਦੀ ਖੀਰ ਖੋਟੀ ਸੁਣਨੀ ਪੈਂਦੀ ਹੈ। ਪ੍ਰੇਮ ਦੀ ਨੈਤਿਕਤਾ 'ਤੇ ਉੱਥੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਉੱਥੇ ਸੱਚੇ ਪ੍ਰੇਮ ਦੀ ਸਥਿਰਤਾ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜ਼ੋਰ ਇਸ ਸਰੀਰਕ ਮਾਨਸਿਕ ਤੱਥ ਉੱਪਰ ਦਿੱਤਾ ਜਾਂਦਾ ਹੈ ਕਿ ਆਪਣੇ ਉੱਚਤਮ ਰੂਪ ਵਿੱਚ ਯੌਨ-ਸੰਬੰਧ "ਖਾਸ ਤੌਰ 'ਤੇ ਦੋ ਵਿਅਕਤੀਆਂ ਲਈ" ਹੁੰਦਾ ਹੈ। ਇਹ ਸਬੰਧ ਪ੍ਰਸਪਰ ਪ੍ਰੇਮ 'ਤੇ ਅਧਾਰਿਤ ਸ਼ਾਦੀ-ਸ਼ੁਦਾ ਜੀਵਨ ਵਿੱਚ ਹੀ ਆਪਣੇ ਨਿਖਾਰ ਉੱਪਰ ਪਹੁੰਚ ਸਕਦਾ ਹੈ-ਤਦ ਹੋਰ ਵੀ ਜਦੋਂ ਘਰ ਬੱਚਿਆਂ ਨਾਲ਼ ਗੁਲਜ਼ਾਰ ਹੋਵੇ।....ਵਿਆਹ ਸੋਵੀਅਤ ਰੂਸ ਵਿੱਚ ਪ੍ਰੇਮ ਦੀ ਨੈਤਿਕ ਨੀਂਹ

(ਬਾਕੀ ਹਿੱਸਾ ਸਫ਼ਾ 18 'ਤੇ)

ਸੂਚਨਾ ਤਕਨੀਕ ਉਦਯੋਗ ਦਾ ਸੱਚ

—ਲਖਵਿੰਦਰ

ਅੱਜ ਜਦੋਂ ਸਾਰੇ ਦੇਸ਼ ਵਿੱਚ ਪੂੰਜੀਵਾਦੀ ਲੁੱਟ ਕਾਰਨ ਲੋਕਾਂ ਦੀ ਹਾਲਤ ਦਿਨ-ਬ-ਦਿਨ ਵਿਗੜਦੀ ਜਾ ਰਹੀ ਹੈ, ਬਣਦੀਆਂ ਬਦਲਦੀਆਂ ਸਰਕਾਰਾਂ ਦਾ ਲੋਕ-ਵਿਰੋਧੀ ਚਰਿੱਤਰ ਹੋਰ ਵੀ ਸਪੱਸ਼ਟ ਹੁੰਦਾ ਜਾ ਰਿਹਾ ਹੈ, ਰੰਗ-ਬਿਰੰਗੇ ਵੋਟ-ਬਟੋਰੂ ਮਦਾਰੀ ਪੂੰਜੀਪਤੀਆਂ ਦੇ ਟੱਟੂ ਹਰ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰ ਕੇ ਇਸ ਪੂੰਜੀਵਾਦੀ ਢਾਂਚੇ ਨੂੰ ਬਚਾਉਣ ਲਈ ਆਪਣੀਆਂ ਖ਼ੋਖਲੀਆਂ ਉਪਲੱਭਧੀਆਂ ਦਾ ਇਸ ਤਰਾਂ ਪ੍ਰਚਾਰ ਕਰ ਰਹੇ ਹਨ ਜਿਵੇਂ ਹਰ ਪਾਸੇ ਤਰੱਕੀ ਦਾ ਮਾਹੌਲ ਹੋਵੇ, ਜਿਵੇਂ ਆਉਣ ਵਾਲ਼ੇ ਦਿਨਾਂ ਵਿੱਚ ਨਰਕ ਵਰਗੀ ਜਿੰਦਗੀ ਕੱਟ ਰਹੇ ਗਰੀਬ ਕਿਰਤੀ ਲੋਕਾਂ ਦੇ ਦੁੱਖਾਂ ਨੂੰ ਛੂ-ਮੰਤਰ ਕਰ ਦਿੱਤਾ ਜਾਵੇਗਾ।

ਇਸੇ ਮਖੌਟਾ-ਬਚਾਉ ਮੁਹਿੰਮ ਦੌਰਾਨ ਸੂਚਨਾ ਤਕਨੀਕ ਉਦਯੋਗ ਨੂੰ ਬਹੁਤ ਵਧਾ-ਚੜਾ ਕੇ ਪੇਸ਼ ਕੀਤਾ ਜਾਂਦਾ ਹੈ। ਬੰਗਲ਼ੋਰ, ਗੁੜਗਾਂਉਂ, ਹੈਦਰਾਬਾਦ, ਪੂਨੇ, ਚੇਨੇਈ, ਨੋਏਡਾ ਅਤੇ ਕੋਲਕਤਾ ਜਿਹੇ ਵੱਡੇ-ਵੱਡੇ ਸ਼ਹਿਰਾਂ ਦੀਆਂ ਚਮਚਮਾਉਂਦੀਆਂ ਬਿਲਡਿੰਗਾਂ ਦੇ ਉਦਾਹਰਨ ਪੇਸ਼ ਕਰ-ਕਰ ਸਰਕਾਰਾਂ ਇਹ ਵਿਖਾਵਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਕਿ ਹੁਣ ਤਾਂ ਬੇਰੁਜ਼ਗਾਰੀ ਦੀ ਕੋਈ ਸਮੱਸਿਆ ਰਹੀ ਹੀ ਨਹੀਂ, ਕਿ ਹੁਣ ਤਾਂ ਹਰ ਪਾਸੇ ਰੁਜ਼ਗਾਰ ਹੀ ਰੁਜ਼ਗਾਰ ਹੈ। ਉਹ ਇਹ ਕਹਿੰਦੇ ਕਦੇ ਵੀ ਨਹੀਂ ਥੱਕਦੇ ਕਿ ਜੇ ਕੋਈ ਵੀ ਮਹਿਨਤ ਕਰੇ ਤਾਂ ਇਸੇ ਵਿਵਸਥਾ ਅੰਦਰ ਖੁਸ਼ਹਾਲ ਤੇ ਆਰਾਮਦਾਇਕ ਜਿੰਦਗੀ ਜਿਉ ਸਕਦਾ ਹੈ। ਉਹਨਾਂ ਮੁਤਾਬਿਕ ਜੇ ਹੁਣ ਵੀ ਕੋਈ ਬੇਰੁਜ਼ਗਾਰ ਜਾਂ ਗਰੀਬ ਹੈ ਤਾਂ ਉਸਦਾ ਆਪਣਾ ਕਸੂਰ ਹੈ ਨਾ ਕਿ ਪੂੰਜ਼ੀਵਾਦ ਦਾ!

ਭਾਰਤ ਵਰਗੇ ਗਰੀਬ ਦੇਸ਼ਾਂ ਵਿੱਚ ਵਿਦੇਸ਼ੀ ਪੂੰਜ਼ੀ ਨਿਵੇਸ਼ ਵਧਦਾ ਹੀ ਜਾ ਰਿਹਾ ਹੈ। ਸਾਮਰਾਜਵਾਦੀ ਦੇਸ਼ਾਂ ਵਿੱਚ ਮਜ਼ਦੂਰੀ ਦੀਆਂ ਦਰਾਂ ਬਹੁਤ ਉੱਚੀਆ ਹਨ। ਇਸ ਲਈ ਇਹਨਾਂ ਦੇਸ਼ਾਂ ਦੀਆਂ ਅਨੇਕਾਂ ਕੰਪਨੀਆਂ ਆਪਣੇ ਕਾਰਖ਼ਾਨੇ ਗਰੀਬ ਦੇਸ਼ਾਂ ਵਿੱਚ ਲੈ ਕੇ ਜਾ ਰਹੀਆਂ ਹਨ ਜਿੱਥੇ ਸਸਤੀ ਕਿਰਤ ਦੇ ਨਾਲ਼-ਨਾਲ਼ ਕੱਚਾ ਮਾਲ਼ ਭਾਰੀ ਮਾਤਰਾ ਵਿੱਚ ਉਪਲੱਭਧ ਹੈ। ਇੰਟਰਨੈਟ ਦੀ ਖੋਜ਼ ਨੇ ਦਫ਼ਤਰੀ ਕੰਮ-ਕਾਜ (ਲਿਖਤ-ਪੜਤ) ਨੂੰ ਵੀ ਗਰੀਬ ਦੇਸ਼ਾਂ ਵਿੱਚ ਸ਼ਿਫਟ ਕਰ ਸਕਣਾ ਅਸਾਨ ਬਣਾ ਦਿੱਤਾ ਹੈ। ਇਸ ਲਈ ਸਾਮਰਾਜਵਾਦੀ ਦੇਸ਼ਾ ਦੀਆਂ ਕੰਪਨੀਆਂ ਆਪਣੇ ਲਿਖਤੀ ਕੰਮ-ਕਾਜ਼ ਨੂੰ ਵੀ ਭਾਰਤ ਵਰਗੇ ਦੇਸ਼ਾਂ ਵਿੱਚ ਸ਼ਿਫਟ ਕਰ ਰਹੀਆਂ ਹਨ। ਇਸੇ ਨੂੰ ਹੀ ਬਹੁ-ਪ੍ਰਚਾਰਿਤ ਬੀ.ਪੀ.ਓ. (ਬਿਜਨੇਸ ਪਰੋਸੈਸ ਆਊਟਸੋਰਸਿੰਗ) ਕਹਿੰਦੇ ਹਨ ਅਤੇ ਭਾਰਤ ਵਰਗੇ ਦੇਸ਼ਾਂ ਵਿੱਚ ਜਿੱਥੇ ਕੌਮੀ ਕੰਪਨੀਆਂ ਦਾ ਇਸ ਕਿਸਮ ਦਾ ਕੰਮ-ਕਾਜ ਹੁੰਦਾ ਹੈ ਉਸਨੂੰ ਕਾਲ਼-ਸੈਂਟਰ ਕਿਹਾ ਜਾਂਦਾ ਹੈ। ਇਸ ਬੀ.ਪੀ.ਓ. ਸੈਕਟਰ ਨੂੰ ਹੀ ਅੱਜ ਸੂਚਨਾ ਉਦਯੋਗ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ।

ਅਸਲਿਅਤ ਇਹ ਹੈ ਕਿ ਆਪਣੇ ਦਸ-ਬਾਰਾਂ ਵਰ੍ਹਿਆਂ ਦੇ ਦੌਰ ਵਿੱਚ ਸੂਚਨਾ ਤਕਨੀਕ ਉਦਯੋਗ ਸਿਰਫ਼ 2 ਲੱਖ ਲੋਕਾਂ ਨੂੰ ਹੀ ਰੁਜ਼ਗਾਰ ਦੇ ਸਕਿਆ ਹੈ ਅਤੇ ਦੂਜੇ ਪਾਸੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਕਰੋੜਾਂ ਵਿੱਚ ਹੈ। ਇਸ ਵਿੱਚ ਵੀ ਜੇ ਗਹਿਰਾਈ ਨਾਲ਼ ਵੇਖਿਆ ਜਾਵੇ ਤਾਂ ਨੌਕਰੀ ਹਾਸਿਲ ਸਕਣ ਵਾਲ਼ੇ ਨੌਜਵਾਨ ਮੁੱਖ ਰੂਪ ਵਿੱਚ ਉਸ ਮੱਧ-ਵਰਗ ਵਿੱਚੋਂ ਹੁੰਦੇ ਹਨ ਜਿਹਨਾਂ ਦੇ ਮਾਤਾ-ਪਿਤਾ ਜਾਂ ਤਾਂ ਸੁਰਿੱਖਿਅਤ ਨੌਕਰੀ ਕਰ ਰਹੇ ਹੁੰਦੇ ਹਨ ਜਾਂ ਫਿਰ ਆਪਣਾ ਕੋਈ ਚੰਗੀ ਕਮਾਈ ਵਾਲ਼ਾ ਕਾਰੋਬਾਰ ਕਰ ਰਹੇ ਹੁੰਦੇ ਹਨ। ਸੂਚਨਾ ਉਦਯੋਗ ਵਿੱਚ ਕੰਮ ਉਹਨਾਂ ਨੂੰ ਹੀ ਮਿਲ ਸਕਦਾ ਹੈ ਜੋ ਕਾਨਵੈਂਟ ਜਾਂ ਪਬਲਿਕ ਸਕੂਲਾਂ ਵਿੱਚ ਪੜ੍ਹੇ ਹੋਣ ਅਤੇ ਅੰਗਰੇਜ਼ੀ ਚੰਗੀ ਬੋਲ਼ ਲੈਂਦੇ ਹੋਣ। ਇਸ ਤਰ੍ਹਾਂ ਚੰਗੀ ਯੋਗਤਾ ਵਾਲ਼ੇ ਅੰਗਰੇਜ਼ੀ ਨਾ ਬੋਲ਼ ਸਕਣ ਵਾਲ਼ੇ ਹੋਣਹਾਰ ਨੌਜਵਾਨਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ।

ਇਸ ਉਦਯੋਗ ਬਾਰੇ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਇੱਥੇ ਕੰਮ ਕਰਨ ਵਾਲ਼ਿਆਂ ਲਈ ਮਾਹੌਲ਼ ਕਾਲਜ ਕੈਂਪਸ ਵਰਗਾ ਅਤੇ ਬਹੁਤ ਅਰਾਮਦਾਇਕ ਹੁੰਦਾ ਹੈ। ਕੰਮ ਦੇ ਹਾਲਾਤ ਕਿਹੋ ਜਿਹੇ ਹੋਣਗੇ ਇਸ ਦਾ ਅਦਾਂਜਾ ਤਾਂ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਵੀ.ਵੀ. ਗਿਰੀ ਕਿਰਤ ਸੰਸਥਾਨ ਦੇ ਬਾਬੂ ਪੀ. ਰਾਕੇਸ਼ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਵਿੱਚ ਉਹਨਾਂ ਨੇ ਸੂਚਨਾ ਤਕਨੀਕ ਉਦਯੋਗ ਦੀਆਂ ਹਾਲਤਾਂ ਨੂੰ ਰੋਮਨ ਗੁਲਾਮੀ ਅਤੇ ਉਨੀਵੀਂ ਸਦੀ ਦੀਆਂ ਜੇਲ੍ਹਾਂ ਨਾਲ਼ ਕੀਤੀ ਹੈ। ਕੰਮ ਦੇ 11-12 ਘੰਟੇ ਬਹੁਤ ਹੀ ਆਮ ਗੱਲ ਹੈ ਬਿਨਾਂ ਕਿਸੇ ਓਵਰ ਟਾਈਮ ਦੀ ਤਨਖ਼ਾਹ ਦੇ। ਘਰ ਤੋਂ ਨਿਕਲਣ ਅਤੇ ਵਾਪਸ ਆਉਣ ਵਿੱਚ 15-16 ਘੰਟੇ ਲੱਗ ਜਾਂਦੇ ਹਨ। ਇਸ ਦਾ ਅਰਥ ਹੈ ਕਿ 15-16 ਘੰਟੇ ਕਰਮਚਾਰੀ ਕੰਪਨੀ ਦੀ ਗਿਰਫ਼ਤ ਵਿੱਚ ਹੀ ਫਸਿਆ ਰਹਿੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਆਵਾਜਾਈ ਸੁਵਿਧਾ ਦੇ ਨਾਂ ਤੇ ਕਰਮਚਾਰੀਆਂ ਦੇ ਗਲ਼ ਵਿੱਚ ਰੱਸਾ ਕੱਸਿਆ ਹੋਇਆ ਹੈ। ਇੱਕ ਡਰਾਇਵਰ ਦੁਆਰਾ ਕਿੰਨੇ ਹੀ ਕਰਮਚਾਰੀਆਂ ਨੂੰ ਉਹਨਾਂ ਦੇ ਘਰਾਂ ਤੱਕ ਛੱਡ ਕੇ ਆਉਣਾ ਹੁੰਦਾ ਹੈ। ਆਪਣੀ ਵਾਰੀ ਦੀ ਉਡੀਕ ਵਿੱਚ ਕੰਪਨੀ ਵਿੱਚ ਹੀ ਬਹੁਤ ਦੇਰ ਤੱਕ ਬੈਠਣਾ ਪੈਂਦਾ ਹੈ। ਰਾਤ ਵਿੱਚ ਤਾਂ ਸਥਿਤੀ ਬਹੁਤ ਹੀ ਕਸੂਤੀ ਬਣ ਜਾਂਦੀ ਹੈ ਜਦੋਂ ਕੰਪਨੀ ਦੀ 'ਆਵਾਜਾਈ' ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਹੁੰਦਾ। ਡਰਾਈਵਰ ਵੀ ਨੌਕਰੀ 'ਤੇ ਪੱਕੇ ਨਹੀਂ ਰੱਖੇ ਜਾਂਦੇ, ਸਿਰਫ਼ ਕਿਰਾਏ 'ਤੇ ਹੀ ਲਏ ਜਾਂਦੇ ਹਨ। ਨੌਕਰੀ 'ਤੇ ਪੱਕਾ ਰੱਖੇ ਜਾਣ ਦਾ ਅਰਥ ਹੋਵੇਗਾ ਕਈ ਤਰ੍ਹਾਂ ਦੇ ਫੰਡ, ਭੱਤੇ ਆਦਿ ਵੀ ਦੇਣੇ ਪੈਣਗੇ ਅਤੇ ਇਹ ਸੁਵਿਧਾਵਾਂ ਕੰਪਨੀ ਦੇ ਮੁਨਾਫ਼ੇ ਵਿੱਚ ਕਮੀ ਦਾ ਕਾਰਣ ਬਣਨਗੀਆਂ। ਇਸ ਲਈ ਡਰਾਇਵਰ ਤਾਂ ਕਰਾਏ 'ਤੇ ਹੀ ਰੱਖਣਾ ਠੀਕ ਸਮਝਿਆ ਜਾਂਦਾ ਹੈ।

ਇਹ ਮਾਨਤਾ ਕਿ ਆਈ.ਟੀ. ਉਦਯੋਗ ਔਰਤਾਂ ਲਈ ਬਰਾਬਰੀ ਦਾ ਦਰਜ਼ਾ ਪ੍ਰਦਾਨ ਕਰਦਾ ਹੈ, ਵੀ ਇੱਕ ਭਰਮ ਹੀ ਹੈ। ਔਰਤਾਂ ਨੂੰ ਆਮ ਤੌਰ 'ਤੇ ਘੱਟ ਤਨਖ਼ਾਹ ਅਤੇ ਘੱਟ ਯੋਗਤਾ

ਵਾਲੇ ਕੰਮ ਹੀ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਆਈ.ਟੀ. ਉਦਯੋਗ ਕਿਰਤ ਮੰਡੀ ਵਿੱਚ ਲਿੰਗ ਭੇਦ ਨੂੰ ਕਾਇਮ ਰੱਖ ਰਿਹਾ ਹੈ।

ਔਰਤਾਂ ਤੋਂ ਦੇਰ ਰਾਤ ਦੀਆਂ ਸ਼ਿਫਟਾਂ ਵਿੱਚ ਕੰਮ ਕਰਾਇਆ ਜਾਂਦਾ ਹੈ। ਰਾਤ ਵਿੱਚ ਆਉਂਦੇ-ਜਾਂਦੇ ਭਿਅੰਕਰ ਅਸੁੱਰਖਿਆ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਬੈਂਗਲੌਰ ਵਿੱਚ ਪ੍ਰਤਿਭਾ ਸ਼੍ਰੀਕਾਂਤ ਮੂਰਤੀ ਨਾਂ ਦੀ ਬੀ.ਪੀ.ਓ. ਕਰਮਚਾਰੀ ਨਾਲ਼ ਬਲਾਤਕਾਰ ਅਤੇ ਕਤਲ਼ ਦਾ ਮਾਮਲਾ ਸਾਰਿਆਂ ਦੇ ਸਾਹਮਣੇ ਹੈ। ਇਹ ਸੂਚਨਾ ਉਦਯੋਗ ਕੰਪਨੀਆਂ ਜੋ ਆਪਣੇ ਕਰਮਚਾਰੀਆਂ ਦੀ ਮਿਹਨਤ ਤੋਂ ਅਰਬਾਂ ਰੁਪਏ ਕਮਾਉਂਦੀਆਂ ਹਨ ਉਹ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਬਾਰੇ ਨਾ ਤਾਂ ਕੁਝ ਸੋਚ ਹੀ ਰਹੀਆਂ ਹਨ ਅਤੇ ਨਾ ਹੀ ਉਹਨਾਂ ਦੀ ਕੋਈ ਜਿੰਮੇਵਾਰੀ ਚੁੱਕਣ ਲਈ ਤਿਆਰ ਹਨ। ਉਹਨਾਂ ਨੂੰ ਤਾਂ ਬਸ ਮੁਨਾਫ਼ਾ ਚਾਹੀਦਾ ਹੈ।

ਆਪਣੇ ਕਰਮਚਾਰੀਆਂ ਨੂੰ ਤਨਾਓ ਮੁਕਤ ਕਰਨ ਦੇ ਨਾਂ 'ਤੇ ਇਹ ਦੇਸ਼ੀ-ਵਿਦੇਸ਼ੀ ਕੰਪਨੀਆਂ ਸਮੇਂ-ਸਮੇਂ 'ਤੇ ਪਾਰਟੀਆਂ-ਜਸ਼ਨਾਂ ਦਾ ਆਯੋਜਨ ਕਰਦੀਆਂ ਰਹਿੰਦੀਆਂ ਹਨ। ਇਹਨਾਂ ਵਿੱਚ ਜਿਸ ਪਤਨਸ਼ੀਲ ਪੂੰਜੀਵਾਦੀ-ਪੱਛਮੀ ਸਭਿਆਚਾਰ ਨੂੰ ਹਵਾ ਦਿੱਤੀ ਜਾਂਦੀ ਹੈ ਉਸਨੂੰ ਕਦੇ ਵੀ ਜਾਇਜ ਨਹੀਂ ਠਹਿਰਾਇਆ ਜਾ ਸਕਦਾ। ਇਹ ਪਾਰਟੀਆਂ ਔਰਤਾਂ ਦੀਆਂ ਅਸ਼ਲੀਲ ਨੁਮਾਇਸ਼ ਹੁੰਦੀਆਂ ਹਨ, ਖੁੱਲ੍ਹੇਪਨ ਦੇ ਨਾਂ 'ਤੇ ਨੰਗੇਪਨ ਨੂੰ ਵਧਾਉਂਦੀਆਂ ਹਨ। ਇਹਨਾਂ ਪਾਰਟੀਆਂ ਦਾ ਗੀਤ-ਸੰਗੀਤ ਅਤੇ ਨਾਚ ਇੱਕ ਅਜਿਹਾ ਮਾਹੌਲ਼ ਸਿਰਜਦਾ ਹੈ ਜੋ ਪੂੰਜੀਵਾਦੀ ਬਰਬਰਤਾ ਪ੍ਰਤੀ ਸੂਚਨਾ ਤਕਨੀਕ ਉਦਯੋਗ ਦੇ ਇਹਨਾਂ ਆਧੁਨਿਕ ਮਜ਼ਦੂਰਾਂ ਨੂੰ ਸੰਵੇਦਨਹੀਨ ਬਣਾਉਣ ਦਾ ਹੀ ਕੰਮ ਕਰਦਾ ਹੈ ।

ਉੱਥੇ ਕੋਈ ਕਿਰਤ ਕਾਨੂੰਨ ਲਾਗੂ ਨਹੀਂ ਹੁੰਦੇ। ਯੂਨੀਅਨ ਬਣਾਕੇ ਹੜਤਾਲ ਕਰਨ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਪਹਿਲੀ ਗੱਲ ਤਾਂ ਇਹ ਹੈ ਕਿ ਉੱਥੇ ਸਿਸਟਮ ਹੀ ਅਜਿਹਾ ਬਣਾਇਆ ਜਾਂਦਾ ਹੈ ਕਿ ਕਰਮਚਾਰੀਆ ਵਿੱਚ ਵਿਅਕਤੀਵਾਦੀ ਸੋਚ ਭਾਰੂ ਰਹੇ। ਸਾਮੂਹਿਕਤਾ ਜਿਆਦਾ ਤੋਂ ਜਿਆਦਾ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕਿ ਉਹਨਾਂ ਵਿੱਚ ਏਕਾ ਕਰਨ ਅਤੇ 'ਯੂਨੀਅਨਬਾਜ਼ੀ' ਕਰਨ ਦੀ ਸੋਚ ਪੈਦਾ ਹੀ ਨਾ ਹੋਵੇ। ਆਪਣੇ ਕਿਸੇ ਸਹਿ-ਕਰਮਚਾਰੀ ਤੋਂ ਤਨਖਾਹ ਪੁੱਛਣਾ ਵੀ ਨੌਕਰੀ ਤੋਂ ਹੱਥ ਧੋ ਬੈਠਣ ਦਾ ਕਾਰਣ ਬਣ ਸਕਦਾ ਹੈ। ਉਹਨਾਂ ਦੇ ਟਾਰਗੇਟ ਹੀ ਏਨੇ ਵੱਡੇ-ਵੱਡੇ ਤੈਅ ਕੀਤੇ ਜਾਂਦੇ ਹਨ ਕਿ ਉਹ ਆਪਣੀਆਂ ਨੌਕਰੀਆਂ ਬਚਾਉਣ ਤੋਂ ਸਿਵਾ ਹੋਰ ਕੁਝ ਸੋਚ ਵੀ ਨਹੀਂ ਪਾਉਂਦੇ।

ਰੋਜ਼ਾਨਾ 15-16 ਘੰਟੇ ਕੰਮ ਅਤੇ ਹਫ਼ਤੇ ਵਿੱਚ ਸਿਰਫ਼ ਇੱਕ ਹੀ ਛੁੱਟੀ ਅਤੇ ਉਸਦਾ ਵੀ ਪਤਾ ਨਹੀਂ ਕਿ ਮਿਲੇਗੀ ਕਿ ਨਹੀਂ, ਉੱਚੇ ਟਾਰਗੇਟ ਅਤੇ ਨੌਕਰੀ ਬਚਾਉਣ ਦੀ ਚਿੰਤਾ ਇੱਕ ਘੁਟਨ ਭਰਿਆ ਮਾਹੌਲ ਤਿਆਰ ਕਰਦੇ ਹਨ ਜਿਸਦਾ ਨਤੀਜਾ ਇਹ ਹੈ ਕਿ 10 ਵਿੱਚੋਂ 7 ਬੀ.ਪੀ. ਓ. ਮੁਲਾਜ਼ਮ ਭਿਅੰਕਰ ਮਾਨਸਿਕ ਤਨਾਓ ਅਤੇ ਨਿਰਾਸ਼ਾਪੂਰਨ ਸਥਿਤੀ ਵਿੱਚ ਰਹਿ ਰਹੇ ਹਨ। ਇਹ ਵੀ ਤਾਂ ਇੱਕ ਤੱਥ ਹੈ ਕਿ ਵਿਦੇਸ਼ੀ ਆਈ. ਟੀ. ਕੰਪਨੀਆਂ ਆਪਣੇ ਮੂਲ ਦੇਸ਼ ਵਿੱਚ ਜੋ ਤਨਖਾਹ ਦਿੰਦੀਆਂ ਹਨ ਭਾਰਤੀਆਂ ਨੂੰ ਉਸ ਤੋਂ ਕਿਤੇ ਘੱਟ ਮਿਲਦਾ ਹੈ। ਸਸਤੀ ਕਿਰਤ ਦੀ ਵਜ੍ਹਾ ਕਰਕੇ ਸਾਮਰਾਜਵਾਦੀਆਂ ਦੀ ਚਾਂਦੀ ਹੀ ਚਾਂਦੀ ਹੈ। ਜਿਆਦਾਤਰ ਸੂਚਨਾ ਤਕਨੀਕ ਮਜ਼ਦੂਰ ਜੋ ਕਿ 8-10 ਹਜ਼ਾਰ ਹੀ ਪ੍ਰਤੀ ਮਹੀਨਾ ਕਮਾ ਪਾਉਂਦੇ ਹਨ, ਇਹਨਾਂ ਦੇਸ਼ੀ-ਵਿਦੇਸ਼ੀ ਪੂੰਜੀਪਤੀਆਂ-ਸਾਮਰਾਜਵਾਦੀਆਂ ਨੂੰ ਆਪਣੀ ਕਮਾਈ ਤੋਂ ਕਿਤੇ ਵੱਧ ਕਮਾ ਕੇ ਦਿੰਦੇ ਹਨ।

ਇਸ ਪੂਰੇ ਮਾਮਲੇ ਵਿੱਚ ਵੀ ਭਾਰਤ ਦੇ ਸੰਸਦ ਮਾਰਗੀ "ਮਾਰਕਸਵਾਦੀਆਂ" ਨੇ ਫਿਰ ਤੋਂ ਆਪਣਾ ਅਸਲ ਚਹਿਰਾ ਵਿਖਾਇਆ ਹੈ। ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਇਸ ਪੂੰਜੀਵਾਦੀ-ਸਾਮਰਾਜਵਾਦੀ ਵਿਵਸਥਾ ਦਾ ਪਰਦਾਫ਼ਾਸ਼ ਕੀਤਾ ਜਾਵੇ, ਲੋਕਾਂ ਸਾਹਮਣੇ ਪੂੰਜੀਵਾਦੀ ਸ਼ਾਸ਼ਕਾਂ ਦੁਆਰਾ ਜੋ ਗੀਤ ਗਾਏ ਜਾ ਰਹੇ ਹਨ ਉਹਨਾਂ ਦਾ ਬੇਸੁਰਾਪਨ ਉਜਾਗਰ ਕੀਤਾ ਜਾਵੇ। ਪਰ ਭਾਰਤ ਦੇ ਨਕਲੀ ਕਮਿਊਨਿਸਟਾਂ ਦੀ ਪ੍ਰਤੀਨਿਧ ਸੀਪੀਆਈ (ਐਮ) ਇਹ ਕਹਿੰਦੀ ਹੈ ਕਿ ਇਸ ਸਮੇਂ ਲੁੱਟ ਦਾ ਵਿਰੋਧ ਕਰਨਾ ਉਸ ਦਾ ਮਕਸਦ ਨਹੀਂ ਹੈ। ਸੀਪੀਆਈ (ਐਮ) ਦੀ ਜ਼ੇਬੀ ਟ੍ਰੇਡ-ਯੂਨੀਅਨ ਸੀਟੂ ਦੁਆਰਾ ਸੂਚਨਾ ਉਦਯੋਗ ਵਿੱਚ ਸਫ਼ਾਈ ਮਜ਼ਦੂਰਾਂ, ਸੁਰੱਖਿਆ ਗਾਰਡਾਂ, ਬੀ.ਪੀ.ਓ. ਅਤੇ ਕੇ.ਪੀ.ਓ. ਮੁਲਾਜਮਾਂ ਦੀ ਇੱਕ ਇਟਸਾ (ਇਨਫ਼ਰਮੇਸ਼ਨ ਟੈਕਨਾਲਜੀਕਲ ਸਰਵਿਸਿਸ ਐਸੋਸਿਏਸ਼ਨ) ਨਾਂ ਦੀ ਇੱਕ ਜੱਥੇਬੰਦੀ ਬਣਾਈ ਗਈ ਹੈ। ਸੂਚਨਾ ਤਕਨੀਕ ਉਦਯੋਗ ਪੂੰਜੀਵਾਦੀ-ਸਾਮਰਾਜਵਾਦੀ ਪ੍ਰਬੰਧ ਦਾ ਇੱਕ ਬਹੁਤ ਹੀ ਸੰਵੇਦਨਸ਼ੀਲ ਖੇਤਰ ਹੈ। ਲੁਟੇਰੇ ਸ਼ਾਸਕ ਇੱਥੇ ਕਿਸੇ ਪ੍ਰਕਾਰ ਦੀ ਕੋਈ ਗੜਬੜੀ ਨਹੀਂ ਚਾਹੁੰਦੇ। ਇਟਸਾ ਬਣਾਉਣ ਦੇ ਪਿੱਛੇ ਇਸੇ ਗੜਬੜੀ ਨੂੰ ਰੋਕਣ ਦੀ ਚਾਲ ਹੈ। ਇਟਸਾ ਜੱਥੇਬੰਦੀ ਅਸਲ ਵਿੱਚ ਇੱਕ ਸਾਜਿਸ਼ ਹੀ ਹੈ। ਉਹ ਨਹੀਂ ਚਾਹੁੰਦੇ ਕਿ ਪੂੰਜੀਵਾਦੀ ਬਰਬਰਤਾ ਦੇ ਸ਼ਿਕਾਰ ਇਹ ਸੂਚਨਾ ਉਦਯੋਗ ਮਜ਼ਦੂਰ ਕਿਸੇ ਇਨਕਲਾਬੀ ਜੱਥੇਬੰਦੀ ਦਾ ਹਿੱਸਾ ਬਣਨ ਅਤੇ ਗੜਬੜੀ ਪੈਦਾ ਕਰਨ। ਸੀਪੀਆਈ (ਐਮ) ਦੀ ਤਰ੍ਹਾਂ, ਇਸਦੀ ਇਹ ਜੱਥੇਬੰਦੀ ਵੀ ਪੂੰਜੀਵਾਦੀ-ਸਾਮਰਾਜਵਾਦੀ ਵਿਵਸਥਾ ਦੀ ਸੁਰੱਖਿਆ ਪੰਕਤੀ ਦਾ ਹੀ ਰੋਲ ਅਦਾ ਕਰੇਗੀ। ਸੀਪੀਆਈ (ਐਮ) ਨਹੀਂ ਚਾਹੁੰਦੀ ਕਿ ਲੁਟੇਰੇ ਸ਼ਾਸਕਾਂ ਨੂੰ ਉਸਦੇ ਇਸ ਕਦਮ ਵਜੋਂ ਉਸਦੀ ਭਗਤੀ ਭਾਵਨਾ ਬਾਰੇ ਕੋਈ ਸ਼ੰਕਾ ਪੈਦਾ ਹੋਵੇ। ਇਸੇ ਲਈ, ਵਾਫ਼ਰ ਕਦਰ ਰਾਹੀਂ ਪੂੰਜੀਵਾਦੀ ਲੁੱਟ ਦੀ ਗੱਲ ਮਜ਼ਬੂਰਨ ਸਵੀਕਾਰ ਕਰਦੇ ਹੋਏ ਵੀ, ਇਟਸਾ ਬਣਾਉਣ ਦੇ ਨਾਲ਼ ਹੀ ਪੱਛਮੀ ਬੰਗਾਲ ਸੀਟੂ ਦੇ ਪ੍ਰਧਾਨ ਅਤੇ ਇਟਸਾ ਦੇ ਸਲਾਹਕਾਰ ਸ਼ਿਆਮਲਾ ਚੱਕਰਵਰਤੀ ਨੇ ਇਸ ਉਦਯੋਗ ਬਾਰੇ ਇਹ ਬਿਆਨ ਦਿੱਤਾ: "ਕੁੱਲ ਮਿਲਾ ਕੇ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਸ ਸਮੇਂ ਸਾਡੇ ਕੋਲ਼ ਅਜਿਹਾ ਕੋਈ ਕਾਰਣ ਨਹੀਂ ਹੈ ਕਿ ਅਸੀਂ ਇਸ ਲੁੱਟ ਦਾ ਵਿਰੋਧ ਕਰੀਏ"। ਮਾਕਪਾ-ਭਾਕਪਾ ਜਿਹੇ ਸੋਧਵਾਦੀ ਕਮਿਊਨਿਸਟਾਂ ਦਾ ਨਕਾਬ ਪਾ ਕੇ ਲੋਕਾਂ ਨੂੰ ਮੂਰਖ ਬਣਾਉਣ ਦਾ ਅਤੇ ਦੇਸ਼ੀ-ਵਿਦੇਸ਼ੀ ਪੂੰਜੀਪਤੀਆਂ ਮੂਹਰੇ ਖ਼ੁਦ ਨੂੰ ਚੰਗੇ ਮੇਜ਼ਬਾਨ ਸਾਬਿਤ ਕਰਨ ਦਾ ਕੋਈ ਮੌਕਾ ਨਹੀਂ ਗਵਾਉਂਦੇ। ਇਟਸਾ ਵੀ ਮਜ਼ਦੂਰ ਜਮਾਤ ਨੂੰ ਗੁੰਮਰਾਹ ਕਰਨ ਦੀਆਂ ਲੁਟੇਰਿਆਂ ਦੀਆਂ

(ਬਾਕੀ ਹਿੱਸਾ ਸਫ਼ਾ 21 'ਤੇ)

ਰੈਗਿੰਗ — ਇੱਕ ਅਣਮਨੁੱਖੀ ਕਾਰਾ

—ਨਵਕਾਸ਼ਦੀਪ

ਇਸ ਵਾਰੀ ਕਾਲਜਾਂ-ਯੂਨੀਵਰਸਿਟੀਆਂ ਤੇ ਹੋਰ ਉੱਚ-ਸਿੱਖਿਆ ਸੰਸਥਾਵਾਂ 'ਚ ਦਾਖਲੇ ਸ਼ੁਰੂ ਹੁੰਦਿਆਂ ਹੀ ਰੈਗਿੰਗ ਦੇ ਮਾਮਲੇ ਵੱਡੀ ਗਿਣਤੀ 'ਚ ਸਾਹਮਣੇ ਆਉਣ ਲੱਗੇ। ਦਾਖਲਿਆਂ ਦੇ ਕੁੱਝ ਮਹੀਨੇ ਬੀਤ ਜਾਣ ਦੇ ਬਾਵਜੂਦ ਹਰ ਤੀਜੇ ਜਾਂ ਚੌਥੇ ਦਿਨ ਇੱਕ-ਅੱਧਾ ਮਾਮਲਾ ਸਾਹਮਣੇ ਆ ਰਿਹਾ ਹੈ ਤੇ ਹਰ ਮਾਮਲੇ 'ਚ ਸੀਨੀਅਰ ਵਿਦਿਆਰਥੀਆਂ ਦੁਆਰਾ ਜੂਨੀਅਰ ਵਿਦਿਆਰਥੀਆਂ ਦਾ ਸ਼ਰੀਰਕ-ਮਾਨਸਿਕ ਸ਼ੋਸ਼ਣ ਪਹਿਲਾਂ ਨਾਲੋਂ ਵਧੇਰੇ ਜ਼ਾਲਮ ਹੁੰਦਾ ਹੈ। ਸੀਨੀਅਰ ਵਿਦਿਆਰਥੀਆਂ ਦੁਆਰਾ ਜੂਨੀਅਰਜ਼ ਨੂੰ ਆਪਣੇ-ਆਪ ਨੂੰ 'ਸਰ' ਜਾਂ 'ਮੈਡਮ' ਆਖਣ ਲਈ ਮਜਬੂਰ ਕਰਨਾ, ਆਪਣੀਆਂ ਫਾਈਲਾਂ ਬਣਾਉਂਣੀਆਂ, ਹੋਸਟਲਾਂ 'ਚ ਆਪਣੇ ਕਮਰੇ ਸਾਫ ਕਰਾਉਣੇ ਤੇ ਹੁਣੇ ਸਾਹਮਣੇ ਆਏ ਮਾਮਲਿਆਂ 'ਚ ਦੋ-ਦੋ ਘੰਟੇ ਇੱਕੋ ਲੱਤ 'ਤੇ ਖੜ੍ਹਾਉਣਾ, ਉਹਨਾਂ ਵਿਦਿਆਰਥੀਆਂ ਦਾ ਸਾਰੇ ਵਿਦਿਆਰਥੀਆਂ ਸਾਹਮਣੇ ਮਜ਼ਾਕ ਉਡਾਉਣਾ ਜਿਹਨਾਂ ਦਾ ਵਿੱਦਿਅਕ ਮਾਧਿਅਮ ਅੰਗਰੇਜ਼ੀ ਨਾ ਹੋ ਕੇ ਹਿੰਦੀ-ਪੰਜਾਬੀ ਜਾਂ ਕਿਸੇ ਹੋਰ ਭਾਸ਼ਾ 'ਚ ਹੁੰਦਾ ਹੈ ਆਦਿ। ਇੱਕ ਹੋਰ ਮਾਮਲੇ 'ਚ ਨੋਇਡਾ ਵਿੱਚ ਇੱਕ ਮੈਨੇਜਮੈਂਟ ਇੰਸਟੀਚਿਊਟ ਦੇ ਸੀਨੀਅਰ ਵਿਦਿਆਰਥੀਆਂ ਨੇ ਆਪਣੇ ਜੂਨੀਅਰ ਵਿਦਿਆਰਥੀਆਂ ਦੇ ਸਰੀਰ ਨੂੰ ਸਿਗਰੇਟ ਨਾਲ਼ ਥਾਂ-ਥਾਂ 'ਤੇ ਸਾੜਿਆ, ਫਿਰ ਉਹਨਾਂ ਤੋਂ ਸੁਸਾਈਡ ਨੋਟ ਲਿਖਵਾਏ ਤੇ ਉਹਨਾਂ ਨੂੰ ਛੱਤ ਤੋਂ ਉਲਟਾ ਲਮਕਾ ਦਿੱਤਾ...... ਤੇ ਇਸ ਤਰ੍ਹਾਂ ਦੇ ਹੋਰ ਪਤਾ ਨਹੀਂ ਕਿੰਨੇ ਕੁ ਮਾਮਲੇ ਹਨ ਜੋ ਸਾਹਮਣੇ ਹੀ ਨਹੀਂ ਆ ਰਹੇ। ਇਹਨਾਂ ਮਾਮਲਿਆਂ 'ਚ ਹਾਲਾਤ ਕਈ ਵਾਰੀ ਇਹ ਹੋ ਜਾਂਦੇ ਹਨ ਕਿ ਪੀੜਤ ਵਿਦਿਆਰਥੀਆਂ ਨੂੰ ਕਿਸੇ ਹਸਪਤਾਲ ਜਾਂ ਨਰਸਿੰਗ ਹੋਮ 'ਚ ਦਾਖਲ ਕਰਵਾਉਣਾ ਪੈਂਦਾ ਹੈ। ਕਈ ਪੀੜਤ ਵਿਦਿਆਰਥੀਆਂ ਨੇ ਤਾਂ ਆਪਣਾ ਮਾਨਸਿਕ ਸੰਤੁਲਨ ਤੱਕ ਗਵਾ ਲਿਆ ਤੇ ਕਈ ਹੋਰਨਾਂ ਨੂੰ ਤਾਂ ਉੱਚ-ਸਿੱਖਿਆ ਸੰਸਥਾਨਾਂ ਦੇ ਨਾਮ ਤੋਂ ਵੀ ਡਰ ਲੱਗਣ ਲੱਗ ਪਿਆ।

ਰੈਗਿੰਗ ਮਸਲੇ 'ਤੇ ਵੱਖ-ਵੱਖ ਟੀ.ਵੀ. ਚੈਨਲ ਤੇ ਮਾਹਿਰ ਸਿਵਾਏ ਸਖਤ ਕਨੂੰਨ ਬਣਾਉਣ ਤੇ ਯੂਨੀਵਰਸਿਟੀ-ਇੰਸਟੀਚਿਊਟ ਦੁਆਰਾ ਸਖ਼ਤ ਰਵੱਈਆ ਅਪਣਾਉਣ ਦੀਆਂ ਸਲਾਹਾਂ ਦੇਣ ਦੇ ਰੌਲੇ-ਰੱਪੇ ਤੋਂ ਅੱਗੇ ਨਹੀਂ ਵਧ ਸਕੇ — ਹਾਂ ਇਹ ਮੁੱਦਾ ਉਛਾਲਣ ਨਾਲ਼ ਇਹਨਾਂ ਟੀ.ਵੀ. ਚੈਨਲਾਂ ਨੂੰ ਚਾਰ ਮਸ਼ਹੂਰੀਆਂ ਹੋਰ ਮਿਲ ਗਈਆਂ-ਨਹੀਂ ਤਾਂ ਉਹਨਾਂ ਨੇ ਇਸ ਮਸਲੇ ਨੂੰ ਚੁੱਕਣਾ ਹੀ ਨਹੀਂ ਸੀ।

ਰੈਗਿੰਗ ਦੇ ਸਭ ਤੋਂ ਵਧ ਮਾਮਲੇ ਯੂਨੀਵਰਸਿਟੀਆਂ ਜਾਂ ਹੋਰ ਉੱਚ-ਸਿੱਖਿਆ ਸੰਸਥਾਵਾਂ ਜਿਵੇਂ ਤਰ੍ਹਾਂ-ਤਰ੍ਹਾਂ ਦੇ ਮੈਨਜਮੈਂਟ ਇੰਸਟੀਚਿਊਟ ਜਾਂ ਇੰਜੀਨਿਅਰਿੰਗ ਜਾਂ ਮੈਡਿਕਲ ਕਾਲਜ ਆਦਿ ਜੋ ਵੱਡੇ-ਵੱਡੇ ਸ਼ਹਿਰਾਂ 'ਚ ਸਥਿਤ ਹਨ 'ਚ ਸਾਹਮਣੇ ਆਏ ਹਨ। ਇਹਨਾਂ ਸਾਰੀਆਂ ਸੰਸਥਾਵਾਂ 'ਚ ਪੜ੍ਹਾਈ ਏਨੀ ਕੁ ਮਹਿੰਗੀ ਹੈ ਕਿ ਮਿਹਨਤਕਸ਼ ਲੋਕਾਂ ਤੇ ਹੇਠਲੇ ਮੱਧ-ਵਰਗ ਦੇ ਬੱਚੇ ਤਾਂ ਇਹਨਾਂ 'ਚ ਦਾਖਲਾ ਹੀ ਨਹੀਂ ਲੈ ਸਕਦੇ। ਇਹਨਾਂ ਸੰਸਥਾਵਾਂ 'ਚ ਜ਼ਿਆਦਾਤਰ ਉਹ ਵਿਦਿਆਰਥੀ ਹੀ ਦਾਖਲਾ ਲੈਂਦੇ ਹਨ ਜੋ ਪੂੰਜੀਪਤੀਆਂ ਜਾਂ ਹੋਰ ਧਨੀ ਲੁਟੇਰਿਆਂ ਜਾਂ ਉੱਚ-ਮੱਧ ਵਰਗੀ ਪਰਿਵਾਰਾਂ 'ਚੋਂ ਆਉਂਦੇ ਹਨ। ਇਹ ਠੀਕ ਹੈ ਕਿ ਕੁੱਝ ਇੱਕ ਆਮ-ਮੱਧ ਵਰਗੀ ਨੌਜਵਾਨ ਵੀ ਇਹਨਾਂ ਸੰਸਥਾਵਾਂ 'ਚ ਦਾਖਲਾ ਲੈਣ 'ਚ ਸਫ਼ਲ ਹੋ ਵੀ ਜਾਂਦੇ ਹਨ ਪਰ ਇਹਨਾਂ ਦੀ ਗਿਣਤੀ ਆਟੇ 'ਚ ਲੂਣ ਦੇ ਬਰਾਬਰ ਹੁੰਦੀ ਹੈ ਤੇ ਜੋ ਆਉਣ ਵਾਲੇ ਸਮੇਂ 'ਚ ਹੋਰ ਵੀ ਘੱਟ ਜਾਵੇਗੀ। ਅਜਿਹਾ ਇਸ ਲਈ ਕਿ ਅਜਿਹੀਆਂ ਸੰਸਥਾਵਾਂ 'ਚ ਦਾਖਲੇ ਲਈ ਹੋਣ ਵਾਲੇ ਟੈਸਟਾਂ ਜਾਂ ਮੈਰਿਟ-ਲਿਸਟ 'ਚ ਆਉਣ ਲਈ ਹੋਣ ਵਾਲੀਆਂ ਟਿਊਸ਼ਨਾਂ ਆਦਿ ਦਾ ਖਰਚਾ ਤੇ ਫਿਰ ਇਹਨਾਂ ਸੰਸਥਾਵਾਂ ਦੀਆਂ ਭਾਰੀ ਫੀਸਾਂ ਅਜਿਹੀ ਪੜ੍ਹਾਈ ਤੇ ਸੰਸਥਾਵਾਂ ਨੂੰ ਆਮ ਮੱਧ ਵਰਗ ਦੇ ਵੱਸ ਤੋਂ ਵੀ ਬਾਹਰ ਦੀ ਚੀਜ਼ ਬਣਾ ਦਿੰਦੀ ਹੈ। ਕੁੱਲ ਮਿਲਾ ਕੇ ਯੂਨੀਵਰਸਿਟੀ ਕੈਂਪਸਾਂ ਤੇ ਹੋਰ ਉੱਚ-ਸਿੱਖਿਆ ਸੰਸਥਾਵਾਂ ਦਾ ਜਮਾਤੀ-ਚਰਿੱਤਰ ਲਗਾਤਾਰ ਬਦਲਦਾ ਜਾ ਰਿਹਾ ਹੈ। ਇਹਨਾਂ 'ਤੇ ਪੂਰੀ ਤਰ੍ਹਾਂ ਪੂੰਜੀਪਤੀਆਂ ਜਾਂ ਉੱਚ-ਮੱਧ ਵਰਗ ਤੇ ਜਾਂ ਹੋਰ ਧਨੀ ਲੁਟੇਰਿਆਂ ਦਾ ਕਬਜ਼ਾ ਪੂਰਨ ਹੋਣ ਵੱਲ ਵਧ ਰਿਹਾ ਹੈ।

ਕੈਂਪਸਾਂ 'ਤੇ ਕਾਬਜ਼ ਹੋ ਰਹੀਆਂ ਇਹਨਾਂ ਜਮਾਤਾਂ ਦੇ ਨੌਜਵਾਨ ਮੁੰਡੇ-ਕੁੜੀਆਂ ਵਿਲਾਸਤਾ ਦਾ ਐਸਾ ਜੀਵਨ ਜੀਅ ਰਹੇ ਹਨ ਜਿੱਥੇ ਪੈਸਾ ਉਡਾਉਣਾ ਉਹਨਾਂ ਦੀ ਜ਼ਿੰਦਗੀ ਦੀ ਬੁਨਿਆਦੀ ਜ਼ਰੂਰਤ ਬਣ ਗਿਆ ਹੈ। ਸੋਨੇ ਦਾ ਚਮਚਾ ਮੂੰਹ ਵਿੱਚ ਲੈ ਕੇ ਪੈਦਾ ਹੋਣ ਵਾਲ਼ੇ ਇਹ ਲੋਕ ਬਚਪਨ ਤੋਂ ਹੀ ਐਸ਼ੋ-ਅਰਾਮ ਤੇ ਵਿਲਾਸਤਾ ਦੀ ਉਹ ਜ਼ਿੰਦਗੀ ਬਤੀਤ ਕਰਦੇ ਹਨ ਜਿਸ ਵਿੱਚੋਂ ਸਰੀਰਕ ਕਿਰਤ ਬਿਲਕੁਲ ਗਾਇਬ ਹੁੰਦੀ ਹੈ। ਪੂੰਜੀ ਦੀ ਤਾਕਤ 'ਤੇ ਹੋਣ ਵਾਲ਼ੀ ਅੱਯਾਸ਼ੀ ਤੇ ਪੂੰਜੀਵਾਦੀ ਸੱਭਿਆਚਾਰ ਦੇ ਅਧੀਨ ਹੋਣ ਵਾਲ਼ਾ ਪਾਲਣ-ਪੋਸ਼ਣ ਇਹਨਾਂ ਦੀ ਮਾਨਸਿਕਤਾ ਨੂੰ ਅਜਿਹਾ ਬਣਾ ਦਿੰਦਾ ਹੈ ਜਿੱਥੇ ਇਨਸਾਨ ਤੋਂ ਇਨਸਾਨੀ ਕਦਰਾਂ-ਕੀਮਤਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਤੇ ਇਹਨਾਂ ਦਾ ਪਸ਼ੂਪੁਣਾ ਆਪਣੀਆਂ ਸਭ ਹੱਦਾਂ-ਬੰਨ੍ਹੇ ਟੱਪ ਜਾਂਦਾ ਹੈ। ਜਿਸ ਤਰ੍ਹਾਂ ਪੂੰਜੀਪਤੀ ਮਜ਼ਦੂਰਾਂ ਦੀ ਦਿਨ-ਰਾਤ ਦੀ ਕਮਾਈ 'ਤੇ ਜਿਉਂਦੇ ਹਨ, ਮਜ਼ਦੂਰ ਜਮਾਤ ਨੂੰ ਭੁੱਖਮਰੀ, ਗਰੀਬੀ ਤੇ ਬੀਮਾਰੀ ਦੀ ਹਾਲਤ 'ਚ ਪਹੁੰਚਾ ਕੇ ਖੁਦ ਅੱਯਾਸ਼ੀ ਤੇ ਵਿਲਾਸਤਾ ਭਰਿਆ ਜੀਵਨ ਬਿਤਾਉਂਦੇ ਹਨ, ਉਸੇ ਤਰ੍ਹਾਂ ਦੂਜਿਆਂ ਦੀ ਤਕਲੀਫ਼ ਤੇ ਦਰਦ ਇਹਨਾਂ ਦਾ ਮਨੋਰੰਜਨ ਬਣ ਜਾਂਦਾ ਹੈ ਤੇ ਇਸ ਤਰ੍ਹਾਂ ਮਨੋਰੋਗੀਆਂ ਦੀ ਪੂਰੀ ਦੀ ਪੂਰੀ ਇੱਕ ਜਮਾਤ ਪੈਦਾ ਹੋ ਜਾਂਦੀ ਹੈ।

ਉੱਪਰੋਂ ਵਿੱਦਿਆ-ਪ੍ਰਬੰਧ ਲਗਾਤਾਰ ਪੂੰਜੀਵਾਦ ਦੀਆਂ ਲੋੜਾਂ ਅਨੁਸਾਰ ਢਲਦਾ ਜਾ ਰਿਹਾ ਹੈ-ਇਹ ਹੋਣਾ ਹੀ ਸੀ। ਕਿਸੇ ਵੀ ਸਮਾਜ ਵਿਚਲਾ ਵਿੱਦਿਆ-ਪ੍ਰਬੰਧ ਉਸ ਸਮਾਜ ਤੇ ਉਸ ਸਮਾਜ

ਦੀ ਹਾਕਮ ਜਮਾਤ ਦੀ ਸੇਵਾ ਜ਼ਰੂਰ ਕਰਦਾ ਹੈ। ਹਿੰਦੋਸਤਾਨ ਦੇ ਤੇਜ਼ ਪੂੰਜਵਾਦੀ ਵਿਕਾਸ ਦੇ ਨਾਲ਼-ਨਾਲ਼ ਇੱਥੋਂ ਦਾ ਵਿਦਿਆ-ਪ੍ਰਬੰਧ ਹੋਰ ਵਧੇਰੇ ਸ਼ਿੱਦਤ ਨਾਲ਼ ਪੂੰਜੀਵਾਦ ਦੀ ਸੇਵਾ ਕਰ ਰਿਹਾ ਹੈ। ਵਿਦਿਆ ਦਾ ਮਕਸਦ ਇਹੀ ਬਣ ਗਿਆ ਹੈ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇਸ ਯੋਗ ਬਣਾਇਆ ਜਾਵੇ ਕਿ ਉਹ ਅੱਗੇ ਜਾ ਕੇ ਵੱਖ-ਵੱਖ ਕੰਪਨੀਆਂ ਲਈ ਵੱਧ ਤੋਂ ਵੱਧ ਪੈਸਾ ਕਮਾ ਕੇ ਦੇ ਸਕਣ, ਖੁਦ ਦੂਜਿਆਂ ਨੂੰ ਹਰ ਸੰਭਵ ਤਰੀਕੇ ਨਾਲ਼ ਪਿੱਛੇ ਲਤਾੜ ਕੇ ਪੈਸੇ ਕਮਾ ਸਕਣ ਤੇ ਸਭ ਤੋਂ ਵੱਧ ਇਹ ਕਿ ਵਿਦਿਆਰਥੀਆਂ ਨੂੰ ਸੋਚਣ ਦਾ ਮੌਕਾ ਨਾ ਦਿੱਤਾ ਜਾਵੇ ਤਾਂ ਕਿ ਇਸ ਪੂੰਜੀਵਾਦੀ ਸਮਾਜ ਦੇ ਬਦਲ ਬਾਰੇ ਨਾ ਸੋਚ ਸਕਣ। ਵੱਖ-ਵੱਖ ਸੰਸਥਾਵਾਂ 'ਚ ਦਾਖਲਿਆਂ ਲਈ ਹੋਣ ਵਾਲੇ ਟੈਸਟ 'ਰੈਟ-ਰੇਸ' ਤੋਂ ਵੱਧ ਕੇ ਹੋਰ ਕੁੱਝ ਨਹੀਂ। ਚਾਹੇ ਆਈ.ਏ.ਐੱਸ., ਪੀ.ਸੀ.ਐੱਸ., ਕੈਟ ਜਾਂ ਕੋਈ ਵੀ ਹੋਰ ਟੈਸਟ-ਇਹ ਵਿਦਿਆਰਥੀਆਂ ਨੂੰ ਆਮ ਲੋਕਾਂ ਨਾਲੋਂ ਕੱਟਣ ਦਾ ਕੰਮ ਬਾਖੂਬੀ ਕਰਦੇ ਹਨ। ਇਹਨਾਂ ਨੂੰ 'ਕਲੀਅਰ' ਕਰਨ ਲਈ ਕੀਤੀ ਜਾਂਦੀ 'ਰੱਟਾਫਿਕੇਸ਼ਨ' ਜਾਂ 'ਕ੍ਰੈਮਿੰਗ' ਕਰਨ ਲਈ ਬਹੁਤ ਜ਼ਰੂਰੀ ਹੈ ਕਿ ਵਿਦਿਆਰਥੀ ਕਿਰਤੀ ਲੋਕਾਂ ਨਾਲ਼ੋਂ ਪੂਰੀ ਤਰ੍ਹਾਂ 'ਕਟ-ਔਫ਼' ਹੋ ਜਾਣ ਤੇ ਇਹਨਾਂ ਦੀ ਤਿਆਰੀ 'ਚ ਦਿਨ-ਰਾਤ ਇੱਕ ਕਰਦੇ ਹੋਏ ਹੋਰ ਸਭ ਕੁੱਝ ਭੁੱਲ ਜਾਣ। ਪੂੰਜੀਵਾਦੀ ਉਤਪਾਦਨ ਪ੍ਰਣਾਲੀ ਦੀ ਗਲਾ-ਵੱਢ ਮੁਕਾਬਲੇਬਾਜ਼ੀ ਦੀ ਤਰ੍ਹਾਂ ਪੂੰਜੀਵਾਦੀ ਵਿਦਿਆ-ਪ੍ਰਣਾਲੀ ਵਿਚਲੀ ਗਲਾ-ਵੱਢ ਮੁਕਾਬਲੇਬਾਜ਼ੀ ਅਮਾਨਵੀਕਰਨ ਦੇ ਉਹ ਦਰਵਾਜ਼ੇ ਪੂਰੀ ਤਰ੍ਹਾਂ ਖੋਲ੍ਹ ਦਿੰਦੀ ਹੈ। ਜਿੱਥੇ ਮਨੁੱਖੀ ਸੰਵੇਦਨਾਵਾਂ ਦਾ ਮਰ ਜਾਣਾ ਅੱਗੇ ਤਰੱਕੀ ਕਰਨ ਦੀ ਇੱਕ ਲਾਜ਼ਮੀ ਸ਼ਰਤ ਬਣ ਜਾਂਦਾ ਹੈ। ਇਸ ਲਈ ਅਜਿਹੇ ਵਿਦਿਆਰਥੀ ਰੈਗਿੰਗ ਦੇ ਨਾਲ਼-ਨਾਲ਼ ਜੇ ਹੋਰ ਭੱਦੇ ਤੇ ਅਮਾਨਵੀ ਕਾਰੇ ਵੀ ਕਰਨ ਤੇ ਉਹ ਕਰ ਵੀ ਰਹੇ ਹਨ, ਤਾਂ ਇਸ ਵਿੱਚ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਹੈ।

ਰੈਗਿੰਗ ਵਰਗੇ ਮਾਮਲੇ ਸਿਰਫ਼ ਕੁੱਝ-ਇੱਕ ਬੀਮਾਰ ਮਾਨਸਿਕਤਾ ਵਾਲ਼ੇ ਨੌਜਵਾਨਾਂ ਦੀ ਹੀ ਕਰਤੂਤ ਨਹੀਂ ਸਗੋਂ ਇਹ ਮੌਜੂਦਾ ਪੂੰਜੀਵਾਦੀ ਸਮਾਜ ਦੇ ਆਮ ਲੋਕਾਂ 'ਤੇ ਪੈ ਰਹੇ ਅਮਾਨਵੀ ਪ੍ਰਭਾਵ ਦਾ ਹੀ ਇੱਕ ਸਿੱਟਾ ਹੈ ਤੇ ਇਹ ਇੱਕ ਸੰਸਾਰ ਵਿਆਪੀ ਵਰਤਾਰਾ ਹੈ। ਸੰਸਾਰ ਪੱਧਰ 'ਤੇ ਵਿਦਿਅਕ ਖੇਤਰਾਂ 'ਚ ਇਸਦੇ ਵੱਖ-ਵੱਖ ਰੂਪ ਹੋ ਸਕਦੇ ਹਨ-ਇਹ ਅਮਰੀਕਾ ਦੀਆਂ ਯੂਨੀਵਰਸਿਟੀਆਂ 'ਚ ਸਮੇਂ-ਸਮੇਂ 'ਤੇ ਚੱਲਣ ਵਾਲ਼ੀਆਂ ਗੋਲੀਆਂ ਤੇ ਉੱਥੋਂ ਦੇ ਕੈਂਪਸਾਂ 'ਚ ਹੋ ਰਿਹਾ ਨਸਲੀ ਵਿਤਕਰਾ ਵੀ ਹੋ ਸਕਦਾ ਹੈ ਜਾਂ ਕਈ ਵਾਰੀ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਕੁੱਟ-ਕੁੱਟ ਕੇ ਬੇਹੋਸ਼ ਕਰ ਦੇਣਾਂ ਜਾਂ ਵਿਦਿਆਰਥੀਆਂ ਦੁਆਰਾ ਅਧਿਆਪਕਾਂ ਨੂੰ ਕੁੱਟਣਾ/ਕੁੱਟਵਾਉਣਾ ਜਾਂ ਕੈਂਪਸਾਂ ਦਾ ਨਸ਼ਿਆਂ ਦੇ ਅੱਡਿਆਂ 'ਚ ਤਬਦੀਲ ਹੋਣਾ ਤੇ ਜਾਂ ਫਿਰ ਰੈਗਿੰਗ। ਭਾਰਤ 'ਚ ਰੈਗਿੰਗ ਦੇ ਜੋ ਭੱਦੇ ਰੂਪ ਸਾਹਮਣੇ ਆ ਰਹੇ ਹਨ, ਉਹਨਾਂ ਦੇ ਪੈਦਾ ਹੋਣ ਤੇ ਫਿਰ ਵਧਣ-ਫੁੱਲਣ ਲਈ ਭਾਰਤ ਦਾ ਅਪਾਹਜ-ਬੁੱਢਾ ਪੂੰਜੀਵਾਦ ਪਦਾਰਥਕ ਅਧਾਰ ਦਾ ਕੰਮ ਕਰ ਰਿਹਾ ਹੈ ਤੇ ਇਸ ਅਪਾਹਜ-ਬੁੱਢੇ ਪੰਜੀਵਾਦ ਦੇ ਅਨੁਸਾਰ ਉੱਸਰਿਆ ਸੱਭਿਆਚਾਰ ਅਮਾਨਵੀਕਰਨ ਦੀ ਇਸ ਪ੍ਰਕਿਰਿਆ ਨੂੰ ਹੋਰ ਵੀ ਸਤੀ ਬਖਸ਼ਦਾ ਹੈ। ਇਸ ਵੱਡੇ ਪੱਧਰ 'ਤੇ ਹੋ ਰਹੇ ਅਮਾਨਵੀਕਰਨ ਨੂੰ ਖਤਮ ਕਰਨ ਲਈ ਜ਼ਰੂਰੀ ਹੈ ਇਸ ਅਮਾਨਵੀ ਸਮਾਜ ਦੇ 'ਡੀਹਿਊਮਨਾਇਜ਼ਿੰਗ ਇਫੈੱਕਟ' ਨੂੰ ਖਤਮ ਕਰਨਾ ਤੇ ਉਸਦੇ ਲਈ ਖੁਦ ਇਸ ਪੂੰਜੀਵਾਦੀ ਸਮਾਜ ਨੂੰ ਹੀ ਖਤਮ ਕਰਨ ਦੀ ਲੋੜ ਹੈ। ਸਖਤ ਤੋਂ ਸਖਤ ਕਨੂੰਨ ਵੀ ਰੈਗਿੰਗ ਨੂੰ ਬਾਹਰੋਂ ਰੋਕ ਸਕਦਾ ਹੈ ਪਰ ਅੰਦਰਖਾਤੇ ਇਹ ਹੋਰ ਵੀ ਭਿਆਨਕ ਰੂਪ 'ਚ ਜਾਰੀ ਰਹੇਗੀ ਤੇ ਜਾਂ ਫਿਰ ਇਹ ਭਿਆਨਕ ਰੂਪ 'ਚ ਜਾਰੀ ਰਹੇਗੀ ਤੇ ਜਾਂ ਫਿਰ ਇਹ ਭਿਆਨਕ ਅਮਾਨਵੀ ਕਾਰਾ ਕਿਸੇ ਹੋਰ ਰੂਪ 'ਚ ਜਾਰੀ ਰਹੇਗਾ। ਪੂੰਜੀ ਦੀ ਸੱਤਾ ਤੇ ਉਸਦੇ ਉੱਪਰ ਉੱਸਰਿਆ ਉੱਚ-ਉਸਾਰ, ਪੂੰਜੀ ਦੀ ਅੱਯਾਸ਼ੀ, ਬਜ਼ਾਰ ਦੀ ਚਕਾਚੌਂਧ, ਸਮਾਜ ਵਿੱਚ ਇੱਕ ਪਾਸੇ ਪੈਦਾ ਹੋ ਰਹੇ ਅੱਯਾਸ਼ੀ, ਵਿਲਾਸਤਾ ਤੇ ਅਮੀਰੀ ਦੇ ਟਾਪੂ ਤੇ ਦੂਜੇ ਪਾਸੇ ਗਰੀਬੀ ਦੀ ਭਿਆਨਕਤਾ, ਲਗਾਤਾਰ ਤਿੱਖੀ ਹੋ ਰਹੀ ਸਮਾਜਕ ਕਿਰਤ ਦੀ ਵੰਡ ਅਤੇ ਮਾਨਸਿਕ ਤੇ ਸਰੀਰਕ ਕਿਰਤ ਵਿੱਚ ਵਧ ਰਿਹਾ ਪਾੜਾ ਤੇ ਇਸ ਸਭ ਤੋਂ ਪੈਦਾ ਹੋਈ ਮਾਨਸਿਕਤਾ ਨੂੰ ਪੂੰਜੀ ਦੀ ਸੱਤਾ ਖ਼ਤਮ ਕੀਤੇ ਬਿਨਾ ਖ਼ਤਮ ਨਹੀਂ ਕੀਤਾ ਜਾ ਸਕਦਾ। ਰੈਗਿੰਗ ਜਾਂ ਪੂੰਜੀਵਾਦੀ ਸਮਾਜ ਦੇ ਹੋਰ ਅਮਾਨਵੀ ਰੂਪ ਇਸ ਅਮਾਨਵੀ ਸਮਾਜ ਦੇ ਖਤਮ ਹੋਣ ਨਾਲ਼ ਹੀ ਸਹੀ ਮਾਅਨਿਆਂ 'ਚ ਖਤਮ ਹੋਣਗੇ।

✵✵✵✵✵✵

(ਸਫਾ 14 ਦਾ ਬਾਕੀ ਹਿੱਸਾ)

ਉੱਪਰ ਬੜੀ ਮਜ਼ਬੂਤੀ ਨਾਲ਼ ਅਧਾਰਿਤ ਹੋ ਗਿਆ ਹੈ।"

ਇਸਤਰੀ-ਪੁਰਸ਼ ਸਬੰਧਾਂ ਸਮੇਤ ਅੱਜ ਸਾਰੇ ਮਨੁੱਖੀ ਸਬੰਧਾਂ ਦੇ ਆਪਸੀ ਪ੍ਰੇਮ, ਸਤਿਕਾਰ, ਭਰੋਸੇ 'ਤੇ ਅਧਾਰਿਤ ਹੋਣ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਨਿੱਜੀ ਸੰਪੱਤੀ ਅਧਾਰਿਤ, ਮੁਨਾਫ਼ੇ ਦੀ ਹਵਸ ਦੇ ਇਰਦ ਗਿਰਦ ਘੁੰਮਦਾ ਇਹ ਪੂੰਜੀਵਾਦੀ ਢਾਂਚਾ ਹੈ। ਇਸ ਢਾਂਚੇ ਨੇ ਇਨਸਾਨ ਤੋਂ ਇਨਸਾਨੀਅਤ ਖੋਹਕੇ ਉਸ ਨੂੰ ਪਸ਼ੂਪੁਣੇ ਦੀ ਪੱਧਰ 'ਤੇ ਡੇਗ ਦਿੱਤਾ ਹੈ। ਮਨੁੱਖੀ ਸਬੰਧਾਂ ਨੂੰ ਗੌਰਵਮਈ ਬਣਾਉਣ ਲਈ ਪੂੰਜੀਵਾਦੀ ਢਾਂਚੇ ਦਾ ਫਸਤਾ ਵੱਢਣਾ ਜ਼ਰੂਰੀ ਹੈ। ਇਸ ਲਈ ਆਓ ਪੂੰਜੀਵਾਦ ਨੂੰ ਨਫ਼ਰਤ ਕਰਨੀ ਸਿੱਖੀਏ ਸਿਰਫ ਆਰਥਿਕ-ਰਾਜਨੀਤਕ ਲੁੱਟ ਜ਼ਬਰ ਕਾਰਨ ਹੀ ਨਹੀਂ ਸਗੋਂ ਮਨੁੱਖੀ ਸੰਬੰਧਾਂ ਵਿੱਚ ਪ੍ਰਗਟ ਹੋਣ ਵਾਲ਼ੇ ਇਸਦੇ ਅਤਿ ਘਿਨੌਣੇ ਰੂਪਾਂ ਕਰਕੇ ਵੀ। ਅੱਜ ਦੇ ਸਮੇਂ ਵਿੱਚ ਤਾਂ ਇਸ ਢਾਂਚੇ ਨੂੰ ਢਹਿ ਢੇਰੀ ਕਰਨ ਦੀ ਪ੍ਰੀਕ੍ਰਿਆ ਵਿੱਚ ਮਨੁੱਖਾਂ ਦਰਮਿਆਨ ਮੁਕਾਬਲਤਨ ਬੇਹਤਰ, ਮਨੁੱਖੀ ਸਬੰਧ ਕਾਇਮ ਹੋ ਸਕਦੇ ਹਨ।

✵✵✵✵✵✵

ਇਹ ਹੈ ਦਰਦ ਕਹਾਣੀ ਮਿੱਲਾਂ ਦੇ ਮਜ਼ਦੂਰਾਂ ਦੀ

—ਰਾਜਵਿੰਦਰ

ਪੰਜਾਬ ਦੀ ਸਨਅਤੀ ਰਾਜਧਾਨੀ ਲੁਧਿਆਣਾ, ਜਿਸਨੂੰ ਪੰਜਾਬ ਦਾ ਮੈਨਚੈਸਟਰ ਵੀ ਕਿਹਾ ਜਾਂਦਾ ਹੈ, ਅੱਜ ਦੇਸ਼ ਦੇ ਸਭ ਤੋਂ ਵੱਡੇ ਸਨਅਤੀ ਕੇਂਦਰਾਂ ਵਿੱਚੋਂ ਇੱਕ ਹੈ। ਲੁਧਿਆਣਾ ਸਾਰੇ ਦੇਸ਼ ਵਿੱਚ ਆਪਣੇ ਹੌਜ਼ਰੀ ਉਦਯੋਗ ਕਰਕੇ ਮਸ਼ਹੂਰ ਹੈ। ਹੌਜ਼ਰੀ ਤੋਂ ਇਲਾਵਾ ਇੱਥੇ ਵੱਡੇ ਪੈਮਾਨੇ 'ਤੇ ਸਾਈਕਲ ਅਤੇ ਸਟੀਲ ਉਦਯੋਗ ਵੀ ਹਨ। ਪਿਛਲੇ ਇੱਕ ਦਹਾਕੇ ਤੋਂ ਲੁਧਿਆਣੇ ਦਾ ਉਦਯੋਗ ਹੋਰ ਵੀ ਵਧਿਆ ਫੁਲਿਆ ਹੈ। ਲੁਧਿਆਣਾ-ਚੰਡੀਗੜ੍ਹ ਅਤੇ ਲੁਧਿਆਣਾ-ਦਿੱਲੀ ਸੜਕ ਉੱਤੇ ਜੋ ਵੱਡੀਆਂ-ਵੱਡੀਆਂ ਫ਼ੈਕਟਰੀਆਂ ਨਜ਼ਰ ਆ ਰਹੀਆਂ ਹਨ, ਇਹਨਾਂ ਵਿੱਚੋਂ ਜਿਆਦਾਤਰ ਪਿਛਲੇ ਦਹਾਕੇ ਵਿੱਚ ਹੀ ਲੱਗੀਆਂ ਹਨ।

ਪੂੰਜੀਵਾਦੀ ਵਿਕਾਸ ਦੇ ਨਿਯਮਾਂ ਵਿੱਚੋਂ ਇੱਕ ਹੈ ਅਸਾਵਾਂ ਵਿਕਾਸ। ਪੂੰਜੀਵਾਦੀ ਵਿਕਾਸ ਦੇ ਇਸੇ ਨਿਯਮ ਦਾ ਦੂਜਾ ਪੱਖ ਹੈ ਕਿ ਜਿਵੇਂ-ਜਿਵੇਂ ਅਲੱਗ-ਅਲੱਗ ਥਾਂਵਾਂ 'ਤੇ ਪੂੰਜੀ ਦਾ ਕੇਂਦਰੀਕਰਨ ਵਧਦਾ ਹੈ, ਉਹਨਾਂ ਥਾਂਵਾਂ 'ਤੇ ਪੂੰਜੀ ਦੇ ਨਿਰਮਾਤਾ ਉਜ਼ਰਤੀ ਗੁਲਾਮਾਂ ਦਾ ਵੀ ਕੇਂਦਰੀਕਰਨ ਵੱਧਦਾ ਜਾਂਦਾ ਹੈ। ਲੁਧਿਆਣਾ ਵਿੱਚ ਵਧਦੇ ਸਨਅਤੀਕਰਨ ਨੇ ਲੱਖਾਂ ਮਜ਼ਦੂਰਾਂ ਨੂੰ ਦੇਸ਼ ਦੇ ਦੂਰੇਡੇ ਕੋਨਿਆਂ ਤੋਂ ਖਿੱਚ ਕੇ ਲੁਧਿਆਣਾ ਦੀਆਂ ਗੰਦੀਆਂ ਬਸਤੀਆਂ ਵਿੱਚ ਲਿਆ ਇਕੱਠਾ ਕਰ ਦਿੱਤਾ ਹੈ। ਇਹਨਾਂ ਕਿਰਤੀ ਹੱਥਾਂ ਦੀ ਬਦੌਲਤ ਹੀ ਲੁਧਿਆਣਾ ਵਿੱਚ ਉਦਯੋਗਾਂ ਦਾ ਜਾਲ ਫੈਲ਼ਿਆ ਹੈ, ਪੂੰਜੀਪਤੀਆਂ ਦੇ ਘਰਾਂ ਵਿੱਚ ਦੌਲ਼ਤ ਦੇ ਅੰਬਾਰ ਲੱਗੇ ਹਨ। ਇਹਨਾਂ ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਲੁਧਿਆਣਾ ਦੇ ਕਈ ਉਦਯੋਗਪਤੀਆਂ ਨੇ ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਵੀ ਆਪਣਾ ਸਾਮਰਾਜ ਸਥਾਪਿਤ ਕੀਤਾ ਹੈ। ਵਰਧਮਾਨ, ਓਸਵਾਲ਼, ਅਤੇ ਹੀਰੋ ਜਿਹੇ ਵੱਡੇ-ਵੱਡੇ ਸਨਅਤੀ ਘਰਾਣੇ ਬਣੇ ਹਨ। ਪਰ ਇਸ ਸਨਅਤੀ ਵਿਕਾਸ ਦਾ ਫ਼ਲ ਮਜ਼ਦੂਰਾਂ ਨੂੰ ਨਹੀਂ ਮਿਲਿਆ, ਮਜ਼ਦੂਰਾਂ ਨੂੰ ਜੇ ਕੁਝ ਮਿਲਿਆ ਹੈ ਤਾਂ ਬਸ ਲੁੱਟ,ਅਤਿਆਚਾਰ ਅਤੇ ਅਪਮਾਨ।

ਪੂਰੇ ਦੇਸ਼ ਦੇ ਜ਼ਿਆਦਾਤਰ ਸਨਅਤੀ ਕੇਂਦਰਾਂ ਦੀ ਤਰ੍ਹਾਂ ਲੁਧਿਆਣਾ ਦੇ ਉਦਯੋਗਾਂ ਵਿੱਚ ਕੰਮ ਕਰਨ ਵਾਲ਼ੇ ਜ਼ਿਆਦਾਤਰ ਮਜ਼ਦੂਰ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਆਉਂਦੇ ਹਨ। ਯੂ.ਪੀ. ਬਿਹਾਰ ਦੀ ਭਿਆਨਕ ਗਰੀਬੀ ਤੋਂ ਤੰਗ ਆ ਕੇ, ਅਕਾਲ ਅਤੇ ਹੜ੍ਹ ਦੇ ਸਤਾਏ ਹੋਏ ਲੱਖਾਂ ਮਜ਼ਦੂਰ ਇੱਕ ਚੰਗੀ ਜਿੰਦਗੀ ਦਾ ਸੁਪਨਾ ਲੈ ਕੇ ਦੇਸ਼ ਦੇ ਉਦਯੋਗਿਕ ਮਹਾਨਗਰਾਂ ਵੱਲ਼ ਭੱਜਦੇ ਹਨ। ਪਰ ਜਲ਼ਦੀ ਹੀ ਇਹਨਾਂ ਦੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ ਜਦੋਂ ਸ਼ਹਿਰੀ ਜਿੰਦਗੀ ਦੀ ਕੁਰੱਖਤ ਸੱਚਾਈ ਨਾਲ਼ ਇਹਨਾਂ ਦਾ ਸਾਹਮਣਾ ਹੁੰਦਾ ਹੈ। ਪਿੰਡਾਂ ਦੇ ਕਿਸਾਨੀ ਜੀਵਨ ਨੂੰ ਛੱਡ ਸ਼ਹਿਰਾਂ ਵਿੱਚ ਆਉਣ 'ਤੇ ਸ਼ਹਿਰੀ ਜੀਵਨ ਸ਼ੈਲੀ, ਪ੍ਰਦੂਸ਼ਿਤ ਵਾਤਾਵਰਨ ਅਤੇ ਫ਼ੈਕਟਰੀਆਂ ਦੇ ਦਮ ਘੋਟੂ ਮਾਹੌਲ ਅਨੁਕੂਲ ਖ਼ੁਦ ਨੂੰ ਢਾਲ਼ਣ ਵਿੱਚ ਇਹਨਾਂ ਨੂੰ ਕਾਫ਼ੀ ਪਰੇਸ਼ਾਨੀ ਝੱਲਣੀ ਪੈਂਦੀ ਹੈ।

ਲੁਧਿਆਣਾ ਦੀਆਂ ਲਗਭਗ ਸਾਰੀਆਂ ਫੈਕਟਰੀਆਂ ਵਿੱਚ ਕੰਮ ਦੀ ਕੋਈ ਗਰੰਟੀ ਨਹੀਂ ਹੈ। ਰੁਜ਼ਗਾਰ ਅਸੁਰੱਖਿਆ ਦੀ ਤਲ਼ਵਾਰ ਹਰ ਸਮੇਂ ਲਟਕਦੀ ਰਹਿੰਦੀ ਹੈ। ਕੁਝ ਵੱਡੀਆਂ ਮਿੱਲਾਂ ਨੂੰ ਛੱਡ ਕੇ ਬਾਕੀ ਸਾਰੇ ਮਿੱਲ ਮਾਲਕ ਮਜ਼ਦੂਰਾਂ ਨੂੰ ਨਾ ਤਾਂ ਕੋਈ ਪਹਿਚਾਣ ਪੱਤਰ ਦਿੰਦੇ ਹਨ ਨਾ ਹੀ ਹਾਜ਼ਰੀ ਕਾਰਡ ਅਤੇ ਨਾ ਹੀ ਵਰਦੀ। ਯਾਨੀ ਉਹ ਮਜ਼ਦੂਰ ਨੂੰ ਅਜਿਹਾ ਕੋਈ ਵੀ ਸਬੂਤ ਨਹੀਂ ਦਿੰਦੇ ਜਿਸ ਤੋਂ ਇਹ ਸਾਬਿਤ ਹੋ ਸਕੇ ਕਿ ਮਜ਼ਦੂਰ ਉਸਦੀ ਫ਼ੈਕਟਰੀ ਵਿੱਚ ਕੰਮ ਕਰਦਾ ਹੈ, ਇਸ ਗੱਲ ਦਾ ਮਾਲ਼ਕ ਬਹੁਤ ਹੀ ਨਜਾਇਜ ਫ਼ਾਇਦਾ ਉਠਾਉਂਦੇ ਹਨ। ਲੁਧਿਆਣਾ ਦੀਆਂ ਛੋਟੀਆਂ ਫੈਕਟਰੀਆਂ ਵਿੱਚ ਤਾਂ ਆਮ ਰਿਵਾਜ਼ ਹੈ ਕਿ ਕਈ-ਕਈ ਮਹੀਨੇ ਕੰਮ ਕਰਵਾ ਕੇ ਅਕਸਰ ਮਾਲ਼ਕ ਮਜ਼ਦੂਰਾਂ ਨੂੰ ਬਿਨਾਂ ਤਨਖ਼ਾਹ ਦਿੱਤੇ ਕਾਰਖ਼ਾਨੇ ਵਿੱਚੋਂ ਕੱਢ ਦਿੰਦੇ ਹਨ। ਅਜਿਹਾ ਹੋਣ 'ਤੇ ਜੇ ਮਜ਼ਦੂਰ ਲੇਬਰ ਕੋਰਟ ਜਾਣਾ ਚਾਹੇ ਤਾਂ ਉਸ ਕੋਲ਼ ਅਜਿਹਾ ਕੋਈ ਸਬੂਤ ਹੀ ਨਹੀਂ ਹੁੰਦਾ ਜਿਸ ਤੋਂ ਉਹ ਇਹ ਸਾਬਿਤ ਕਰ ਸਕੇ ਕਿ ਉਹ ਕਿਸ ਫ਼ੈਕਟਰੀ ਵਿੱਚ ਕੰਮ ਕਰਦਾ ਸੀ। ਅਦਾਲਤ ਜਾਣ 'ਤੇ ਵੀ ਬਹੁਤ ਘੱਟ ਮਜ਼ਦੂਰਾਂ ਨੂੰ ਹੀ ਕੋਈ ਫ਼ਾਇਦਾ ਹੁੰਦਾ ਹੈ। ਕੇਸ ਅਕਸਰ ਕਈ-ਕਈ ਵਰ੍ਹੇ ਤੱਕ ਚਲ਼ਦੇ ਹਨ ਜਿਨ੍ਹਾਂ ਵਿੱਚ ਤਾਰੀਕ ਪੈਣ ਉੱਤੇ ਮਜ਼ਦੂਰ ਨੂੰ ਆਪਣੀ ਦਿਹਾੜੀ ਤੋੜਨੀ ਪੈਂਦੀ ਹੈ। ਅਜਿਹੀ ਹਾਲਤ ਵਿੱਚ ਜਿਨਾਂ ਪੈਸਾ ਉਹਨੂੰ ਕੇਸ ਲੜ ਕੇ ਮਿਲਦਾ ਹੈ, ਓਨਾ ਤਾਂ ਉਸਦਾ ਨੁਕਸਾਨ ਹੀ ਹੋ ਜਾਂਦਾ ਹੈ। ਇਸ ਲਈ ਜਿਆਦਾਤਰ ਮਜ਼ਦੂਰ ਅਦਾਲਤ ਜਾਂਦੇ ਹੀ ਨਹੀਂ।

ਅੱਠ ਘੰਟੇ ਦੀ ਕੰਮ ਦਿਹਾੜੀ ਇੱਥੇ ਬੀਤੇ ਦੀ ਗੱਲ ਬਣਦੀ ਜਾ ਰਹੀ ਹੈ। ਤੇਜ਼ੀ ਦੇ ਦਿਨਾਂ ਵਿੱਚ ਮਜ਼ਦੂਰਾਂ ਤੋਂ ਜਬਰਦਸਤੀ 12 ਘੰਟੇ ਜਾਂ ਇਸਤੋਂ ਵੀ ਵੱਧ ਕੰਮ ਲਿਆ ਜਾਂਦਾ ਹੈ। ਵੱਡੀਆਂ ਸਟੀਲ਼ ਫ਼ੈਕਟਰੀਆਂ ਵਿੱਚ ਇਹ ਆਮ ਰਿਵਾਜ਼ ਹੋ ਗਿਆ ਹੈ ਕਿ ਜੋ 12 ਘੰਟੇ ਕੰਮ ਕਰਨ ਨੂੰ ਤਿਆਰ ਨਹੀਂ ਹੁੰਦਾ ਉਸਨੂੰ ਕੰਮ ਮਿਲਦਾ ਹੀ ਨਹੀਂ। ਭਾਵੇਂ ਮਜ਼ਦੂਰ ਤੋਂ ਅੱਠ ਘੰਟੇ ਤੋਂ ਵੱਧ ਜੋ ਕੰਮ ਲਿਆ ਜਾਂਦਾ ਹੈ ਉਸਨੂੰ ਮਾਲਕ ਓਵਰ ਟਾਈਮ ਦਾ ਨਾਂ ਦਿੰਦੇ ਹਨ। ਪਰ ਇਹ ਅਸਲ਼ ਵਿੱਚ ਇਹ ਨਾਂ ਦਾ ਹੀ ਓਵਰ ਟਾਈਮ ਹੁੰਦਾ ਹੈ ਕਿਉਂਕਿ ਇਸਦਾ ਦੁੱਗਣਾ ਮਿਹਨਤਾਨਾ ਨਹੀਂ ਦਿੱਤਾ ਜਾਂਦਾ। ਮੰਦੀ ਦੇ ਦਿਨਾਂ ਵਿੱਚ ਮਜ਼ਦੂਰਾਂ ਦਾ ਕੋਈ ਵਸੀਲਾ ਨਹੀਂ ਰਹਿ ਜਾਂਦਾ ਕਿਉਂਕਿ ਜਨਵਰੀ ਦਾ ਮਹੀਨਾ ਆਉਂਦੇ-ਆਉਂਦੇ ਸਾਰੀਆਂ ਹੌਜ਼ਰੀਆਂ ਬੰਦ ਹੋ ਜਾਂਦੀਆਂ ਹਨ ਅਤੇ ਮੁੜ ਮਾਰਚ ਵਿੱਚ ਹੀ ਚਾਲੂ ਹੁੰਦੀਆਂ ਹਨ। ਮੰਦੀ ਦੀ ਸਭ ਤੋਂ ਵੱਧ ਮਾਰ ਮਜ਼ਦੂਰ ਨੂੰ ਹੀ ਝੱਲਣੀ ਪੈਂਦੀ ਹੈ। ਇਹਨਾਂ ਦਿਨਾਂ ਵਿੱਚ ਮਜ਼ਦੂਰਾਂ ਨੂੰ ਕੋਈ ਕੰਮ ਮਿਲਦਾ ਹੀ ਨਹੀਂ, ਜਿਨ੍ਹਾਂ ਨੂੰ ਮਿਲਦਾ ਵੀ ਹੈ ਬਹੁਤ ਘੱਟ ਸਮੇਂ ਦਾ ਕੰਮ ਮਿਲਦਾ ਹੈ। ਇਸ ਨਾਲ਼ ਤਾਂ ਉਹ ਮਹੀਨੇ ਭਰ ਦਾ ਖ਼ਰਚਾ ਵੀ ਪੂਰਾ ਨਹੀਂ ਕਰ ਪਾਉਂਦੇ। ਲੁਧਿਆਣੇ ਵਿੱਚ ਸਾਲ਼ ਭਰ ਵਿੱਚ ਤੇਜ਼ੀ ਅਤੇ ਮੰਦੀ ਦਾ ਇੱਕ ਚੱਕਰ ਜ਼ਰੂਰ

ਪੂਰਾ ਹੁੰਦਾ ਹੈ।

ਤੇਜ਼ੀ ਦੇ ਦਿਨਾਂ ਵਿੱਚ ਜਦੋਂ ਮਾਲਕਾਂ ਨੂੰ ਜ਼ਰੂਰਤ ਹੁੰਦੀ ਹੈ ਉਹ ਮਜ਼ਦੂਰ ਨੂੰ ਵੱਧ ਤੋਂ ਵੱਧ ਨਿਚੋੜਨਾ ਚਾਹੁੰਦੇ ਹਨ। ਇਸ ਸਮੇਂ ਮਾਲਕ ਮਜ਼ਦੂਰਾਂ ਨੂੰ ਫ਼ੈਕਟਰੀਆਂ ਵਿੱਚ ਰਹਿਣ ਲਈ ਮਜ਼ਬੂਰ ਕਰਦੇ ਹਨ, ਚਾਰ-ਚਾਰ, ਪੰਜ-ਪੰਜ ਦਿਨ ਮਜ਼ਦੂਰਾਂ ਨੂੰ ਫੈਕਟਰੀਆਂ ਵਿੱਚ ਜਾਨਵਰਾਂ ਦੀ ਤਰ੍ਹਾਂ ਕੈਦ ਰੱਖਿਆ ਜਾਂਦਾ ਹੈ। ਰੋਟੀ ਲਈ ਮਾਲਕ ਉਹਨਾਂ ਨੂੰ ਪੈਸੇ ਦੇ ਦਿੰਦੇ ਹਨ। ਉਹਨਾਂ ਨੂੰ ਸੌਣ ਲਈ ਬਹੁਤ ਹੀ ਘੱਟ ਸਮਾਂ ਮਿਲ ਪਾਉਂਦਾ ਹੈ। ਉਹਨਾਂ ਤੋਂ ਲਗਾਤਾਰ ਵੱਧ ਤੋਂ ਵੱਧ ਕੰਮ ਲਿਆ ਜਾਂਦਾ ਹੈ। ਹੌਜ਼ਰੀ ਉਦਯੋਗ ਵਿੱਚ ਇਹ ਰਿਵਾਜ ਬਹੁਤ ਹੀ ਜਿਆਦਾ ਹੈ। ਰਾਤ ਨੂੰ ਮਾਲਕ ਘਰ ਜਾਂਦੇ ਸਮੇਂ ਫ਼ੈਕਟਰੀ ਗੇਟ ਨੂੰ ਤਾਲਾ ਲਾ ਦਿੰਦੇ ਹਨ ਕਿਉਂਕਿ ਉਹਨਾਂ ਨੂੰ ਡਰ ਹੁੰਦਾ ਹੈ ਕਿ ਉਸ ਦੀ ਗੈਰ-ਹਾਜ਼ਰੀ ਵਿੱਚ ਮਜ਼ਦੂਰ ਕੁਝ ਚੁਰਾ ਕੇ ਨਾ ਲੈ ਜਾਣ। ਜੇ ਰਾਤ ਦੇ ਸਮੇਂ ਤੁਸੀਂ ਹੌਜ਼ਰੀ ਉਦਯੋਗ ਦੇ ਇਲਾਕੇ ਵਿੱਚ ਜਾਓਂ ਤਾਂ ਇਹ ਦ੍ਰਿਸ਼ ਤੁਹਾਨੂੰ ਆਮ ਹੀ ਦੇਖਣ ਨੂੰ ਮਿਲੇਗਾ। ਅਜਿਹੀ ਹਾਲ਼ਤ ਵਿੱਚ ਜੇ ਕਿਸੇ ਮਜ਼ਦੂਰ ਨਾਲ਼ ਕੋਈ ਹਾਦਸਾ ਹੋ ਜਾਵੇ ਜਾਂ ਉਹ ਬਿਮਾਰ ਹੋ ਜਾਵੇ ਤਾਂ ਉਸਦੇ ਬਚਣ ਦੀ ਉਮੀਦ ਘੱਟ ਹੀ ਹੁੰਦੀ ਹੈ।

ਛੋਟੀਆਂ ਫ਼ੈਕਟਰੀਆਂ ਵਿੱਚ ਤਾਂ ਇਹ ਰੋਜ਼ ਹੀ ਹੁੰਦਾ ਹੈ ਕਿ ਮਾਲਕ ਫ਼ੈਕਟਰੀ ਨੂੰ ਬਾਹਰ ਤੋਂ ਤਾਲ਼ਾ ਲਾ ਕੇ ਘਰ ਚਲੇ ਜਾਂਦੇ ਹਨ ਜਦਕਿ ਅੰਦਰ ਕੰਮ ਹੁੰਦਾ ਰਹਿੰਦਾ ਹੈ। ਕਈ ਵਾਰ ਰਾਤ ਦੀ ਸ਼ਿਫਟ ਵਿੱਚ ਕੰਮ ਕਰਨ ਵਾਲ਼ੇ ਮਜ਼ਦੂਰਾਂ ਦਾ ਕੰਮ ਸਵੇਰੇ 5-6 ਵਜੇ ਤੱਕ ਖਤਮ ਹੋ ਜਾਂਦਾ ਹੈ ਪਰ ਫ਼ੈਕਟਰੀ ਦਾ ਤਾਲ਼ਾ 9-10 ਵਜੇ ਤੱਕ ਖੁਲ੍ਹਦਾ ਹੈ। ਅਜਿਹੀ ਹਾਲ਼ਤ ਵਿੱਚ ਕਈ-ਕਈ ਘੰਟੇ ਮਜ਼ਦੂਰਾਂ ਨੂੰ ਬਿਨਾਂ ਕਿਸੇ ਵਜ੍ਹਾ ਦੇ ਹੀ ਫ਼ੈਕਟਰੀ ਵਿਚ ਬੰਦ ਰਹਿਣਾ ਪੈਂਦਾ ਹੈ।

ਘੱਟੋ-ਘੱਟ ਤਨਖ਼ਾਹ ਜਿਹੀ ਇੱਥੇ ਕੋਈ ਚੀਜ਼ ਨਹੀਂ ਹੈ। ਇੱਥੇ ਹਰ ਮਾਲਕ ਦਾ ਆਪਣਾ ਕਾਨੂੰਨ ਹੈ। ਆਪਣੀ ਮਰਜ਼ੀ ਮੁਤਾਬਿਕ ਹੀ ਉਹ ਤਨਖ਼ਾਹ ਦਿੰਦਾ ਹੈ। ਇਹਨਾਂ ਦਿਨਾਂ ਵਿੱਚ ਵੱਡੀਆਂ-ਛੋਟੀਆਂ ਫ਼ੈਕਟਰੀਆਂ 'ਚ ਮਜ਼ਦੂਰਾਂ ਉੱਤੇ ਬੋਝ ਕਾਫ਼ੀ ਜਿਆਦਾ ਵੱਧ ਗਿਆ ਹੈ। ਇੱਕ-ਇੱਕ ਜਣੇ ਤੋਂ ਦੋ-ਦੋ ਤਿੰਨ-ਤਿੰਨ ਜਾਣਿਆ ਦਾ ਕੰਮ ਲਿਆ ਜਾ ਰਿਹਾ ਹੈ। ਜਦਕਿ ਤਨਖ਼ਾਹ ਲਗਾਤਾਰ ਘੱਟ ਕੀਤੀ ਜਾ ਰਹੀ ਹੈ।

ਹੌਜ਼ਰੀਆਂ ਵਿੱਚ ਤਾਂ ਜਿਆਦਾਤਰ ਪੀਸ ਰੇਟ ਉੱਤੇ ਹੀ ਕੰਮ ਹੁੰਦਾ ਹੈ। ਜੇ ਕੋਈ ਮਜ਼ਦੂਰ 12 ਘੰਟੇ ਜਾਨ ਮਾਰ ਕੇ ਕੰਮ ਕਰਦਾ ਹੈ ਤਾਂ ਇਹ ਮਾਲਕਾਂ ਤੋਂ ਬਰਦਾਸ਼ਤ ਨਹੀਂ ਹੁੰਦਾ। ਉਹ ਪ੍ਰਤੀ ਪੀਸ ਰੇਟ ਘੱਟ ਕਰ ਦਿੰਦੇ ਹਨ। ਉਹਨਾਂ ਨੂੰ ਓਨੀ ਹੀ ਦਿਹਾੜੀ ਬਣਾਉਣ ਲਈ ਹੋਰ ਵੱਧ ਮਿਹਨਤ ਕਰਨੀ ਪੈਂਦੀ ਹੈ। ਕਈ ਫ਼ੈਕਟਰੀਆਂ ਵਿੱਚ ਕੰਮ ਠੇਕੇਦਾਰਾਂ ਰਾਹੀਂ ਹੁੰਦਾ ਹੈ। ਮਜ਼ਦੂਰਾਂ ਵਿੱਚੋਂ ਹੀ ਕੋਈ ਇੱਕ ਠੇਕੇਦਾਰ ਬਣ ਕੇ ਮਜ਼ਦੂਰਾਂ ਦੀ ਲੁੱਟ ਦਾ ਹਿੱਸੇਦਾਰ ਬਣ ਜਾਂਦਾ ਹੈ। ਜਦ ਮਾਲਕ ਇਹ ਦੇਖਦਾ ਹੈ ਕਿ ਮਜ਼ਦੂਰ ਬਹੁਤ ਘੱਟ ਕੰਮ ਕਰ ਰਹੇ ਹਨ ਅਤੇ ਠੇਕੇਦਾਰ ਦੀ ਮੋਟੀ ਕਮਾਈ ਹੋ ਰਹੀ ਹੈ ਤਾਂ ਮਾਲਕ ਠੇਕੇਦਾਰ ਦੀ ਛੁੱਟੀ ਕਰ ਦਿੰਦੇ ਹਨ ਅਤੇ ਓਨੀ ਹੀ ਤਨਖ਼ਾਹ ਵਿੱਚ ਖ਼ੁਦ ਮਜ਼ਦੂਰਾਂ ਤੋਂ ਕੰਮ ਲੈਣ ਲੱਗ ਪੈਂਦੇ ਹਨ।

ਆਪਣਾ ਮੁਨਾਫ਼ਾ ਵਧਾਉਣ ਲਈ ਮਾਲਕ ਆਮ ਤੌਰ 'ਤੇ ਇੱਕ ਹੋਰ ਹੱਥਕੰਡਾ ਇਸਤੇਮਾਲ ਕਰਦੇ ਹਨ ਉਹ ਹੈ ਜਿਆਦਾ ਤਨਖ਼ਾਹ ਵਾਲ਼ੇ ਮਜ਼ਦੂਰਾਂ ਨੂੰ ਕੱਢ ਕੇ ਉਹਨਾਂ ਦੀ ਜਗ੍ਹਾ ਨਵੇਂ ਘੱਟ ਤਨਖ਼ਾਹ 'ਤੇ ਮਜ਼ਦੂਰਾਂ ਨੂੰ ਭਰਤੀ ਕਰ ਲੈਣਾ। ਇਸਤੋਂ ਇਲਾਵਾ ਬਹੁਤ ਸਾਰੀਆਂ ਫ਼ੈਕਟਰੀਆਂ ਵਿੱਚ ਤਾਂ ਬਹੁਤ ਹੀ ਘੱਟ ਤਨਖ਼ਾਹ 'ਤੇ ਕੰਮ ਕਰਨ ਵਾਲ਼ੇ ਬਾਲ਼ ਮਜ਼ਦੂਰ ਅਤੇ ਔਰਤਾਂ ਵੀ ਮਿਲ ਜਾਂਦੀਆਂ ਹਨ।

ਸੁਰੱਖਿਆ ਇੰਤਜ਼ਾਮਾਂ ਉੱਤੇ ਖ਼ਰਚ ਫ਼ੈਕਟਰੀ ਮਾਲ਼ਕ ਗੈਰਜ਼ਰੂਰੀ ਸਮਝਦੇ ਹਨ। ਇਸ ਕਰਕੇ ਅਕਸਰ ਫ਼ੈਕਟਰੀਆਂ ਵਿੱਚ ਹਾਦਸੇ ਹੁੰਦੇ ਰਹਿੰਦੇ ਹਨ। ਪਰ ਮਜ਼ਦੂਰਾਂ ਉੱਤੇ ਨਜ਼ਰ ਰੱਖਣ ਲਈ ਇਹਨੀ ਦਿਨੀਂ ਕੈਮਰਿਆਂ ਦਾ ਇਸਤੇਮਾਲ ਹੋ ਰਿਹਾ ਹੈ। ਆਪਣੇ ਦਫ਼ਤਰ ਵਿੱਚ ਬੈਠੇ ਹੀ ਮਾਲ਼ਕ ਮਜ਼ਦੂਰਾਂ ਉੱਤੇ ਨਜ਼ਰ ਰੱਖਦੇ ਹਨ।

ਇਸ ਸਾਰੇ ਕੁਝ ਦੇ ਇਲਾਵਾ ਕੰਮ ਵਿੱਚ ਮਜ਼ਦੂਰਾਂ ਤੋਂ ਛੋਟੀ ਜਿਹੀ ਵੀ ਗਲਤੀ ਹੋਣ 'ਤੇ ਮਾਂਵਾਂ-ਭੈਣਾਂ ਦੀਆਂ ਗਾਲ਼ਾਂ ਸੁਣਨੀਆਂ ਪੈਂਦੀਆਂ ਹਨ। ਕਈ ਵਾਰ ਤਾਂ ਮਾਲ਼ਕ ਅਤੇ ਉਸਦੇ ਚਮਚੇ ਉਹਨਾਂ ਨਾਲ਼ ਕੁੱਟਮਾਰ ਵੀ ਕਰਦੇ ਹਨ।

ਲੁਧਿਆਣਾ ਦੀਆਂ ਮਜ਼ਦੂਰ ਬਸਤੀਆਂ, ਜਿਵੇਂ ਕਿ ਸ਼ੇਰਪੁਰ, ਢੰਡਾਰੀ, ਗੋਬਿੰਦਗੜ੍ਹ, ਵਰਧਮਾਨ ਮਿੱਲ ਦੇ ਆਸੇ-ਪਾਸੇ ਦਰਜ਼ਨਾ ਮੁਹੱਲਿਆਂ ਅਤੇ ਹੋਰ ਵੀ ਕਈ ਇਲਾਕਿਆਂ ਵਿੱਚ ਲੱਖ਼ਾਂ ਮਜ਼ਦੂਰ ਅੱਜ ਅਣਮਨੁੱਖੀ ਜਿੰਦਗੀ ਜਿਉਣ ਲਈ ਮਜ਼ਬੂਰ ਹਨ। ਕਈ ਮਜ਼ਦੂਰ ਬਸਤੀਆਂ ਨੂੰ ਦੇਖਕੇ ਤਾਂ ਆਦਮੀ ਦੇ ਜ਼ਹਿਨ ਵਿੱਚ ਧਰਮ-ਸ਼ਾਸਤਰਾਂ ਵਾਲ਼ੇ ਨਰਕ ਦੀ ਤਸਵੀਰ ਉਭਰਦੀ ਹੈ। ਜਿਆਦਾਤਰ ਮਜ਼ਦੂਰ ਇਹਨਾਂ ਬਸਤੀਆਂ, ਮੁਹੱਲਿਆਂ ਵਿੱਚ ਮੁਰਗੀਖ਼ਾਨੇ ਦੀ ਤਰਜ਼ 'ਤੇ ਬਣੇ ਵਿਹੜਿਆਂ ਵਿੱਚ ਰਹਿੰਦੇ ਹਨ। ਕਈ-ਕਈ ਵਿਹੜਿਆਂ ਵਿੱਚ ਤਾਂ 100-150 ਕਮਰੇ ਵੀ ਹੁੰਦੇ ਹਨ। ਮਜ਼ਦੂਰਾਂ ਦੀਆਂ ਤਨਖ਼ਾਹਾਂ ਏਨੀਆਂ ਘੱਟ ਹਨ ਕਿ ਇਕੱਲੇ ਜਣੇ ਦੇ ਬਸ ਦੀ ਗੱਲ ਨਹੀਂ ਕਿ ਅਲੱਗ ਤੋਂ ਕਮਰਾ ਲੈ ਕੇ ਰਹਿ ਲਵੇ। ਇਸ ਲਈ ਇੱਕ-ਇੱਕ ਕਮਰੇ ਵਿੱਚ 4-5 ਜਣੇ ਰਹਿੰਦੇ ਹਨ। ਮਕਾਨ ਮਾਲਕ ਕਰਾਇਆ ਤਾਂ ਠੋਕ ਕੇ ਲੈਂਦੇ ਹਨ (400-600 ਰੁਪਏ) ਪਰ ਪਾਣੀ, ਲੈਟਰਿਨ ਅਤੇ ਬਾਥਰੂਮ ਦੀਆਂ ਬੁਨਿਆਦੀ ਸੁਵਿਧਾਵਾਂ ਵੀ ਨਹੀਂ ਦਿੰਦੇ। ਸੈਂਕੜੇ ਲੋਕਾਂ ਦੇ ਇਸਤੇਮਾਲ਼ ਲਈ ਇੱਕ ਹੀ ਲੈਟਰਿਨ-ਬਾਥਰੂਮ ਹੁੰਦਾ ਹੈ। ਜਿਆਦਾਤਰ ਵਿਹੜਿਆਂ ਵਿੱਚ ਬਾਥਰੂਮ ਤਾਂ ਹੁੰਦਾ ਹੀ ਨਹੀਂ। ਖੁੱਲ਼ੇ ਵਿੱਚ ਹੀ ਨਹਾਉਣਾ ਪੈਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਸਵੇਰੇ ਨਹਾਉਣ ਅਤੇ ਲੈਟਰਿਨ ਜਾਣ ਵੇਲ਼ੇ ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ।

ਇਸ ਲਈ ਖਾਣਾ ਬਣਾਉਣ ਅਤੇ ਤਿਆਰ ਹੋ ਕੇ ਫ਼ੈਕਟਰੀ ਪਹੁੰਚਣ ਲਈ ਮਜ਼ਦੂਰਾਂ ਨੂੰ ਸਵੇਰੇ ਕਾਫ਼ੀ ਜਲਦੀ ਹੀ ਉਠੱਣਾ ਪੈਂਦਾ ਹੈ। ਜਿਸ ਨਾਲ਼ ਇਹਨਾਂ ਦੀ ਨੀਂਦ ਵੀ ਪੂਰੀ ਨਹੀਂ

ਹੁੰਦੀ। ਵਿਹੜਿਆਂ, ਬਸਤੀਆਂ ਵਿੱਚ ਗੰਦਗੀ ਭਰਿਆ ਮਾਹੌਲ, ਨੀਂਦ ਨਾ ਪੂਰੀ ਹੋ ਸਕਣਾ, ਅਧੂਰੀ ਅਪੋਸ਼ਟਿਕ ਖ਼ੁਰਾਕ ਆਦਿ ਕਾਰਨਾਂ ਕਰਕੇ ਇਹਨਾਂ ਇਲਾਕਿਆਂ ਵਿੱਚ ਅਕਸਰ ਹੀ ਕੋਈ ਨਾ ਕੋਈ ਬਿਮਾਰੀ ਫ਼ੈਲੀ ਹੀ ਰਹਿੰਦੀ ਹੈ। ਅਜਿਹੇ ਸਮੇਂ ਇਹਨਾਂ ਇਲਾਕਿਆਂ ਵਿੱਚ ਦੁਕਾਨਾਂ ਖ਼ੋਹਲ ਕੇ ਬੈਠੇ ਡਾਕਟਰਾਂ ਦਾ ਸੀਜ਼ਨ ਹੁੰਦਾ ਹੈ। ਇਹ ਵੀ ਮਜ਼ਦੂਰਾਂ ਨੂੰ ਲੁੱਟਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ।

ਕਈ ਵਿਹੜਿਆਂ ਵਿੱਚ ਤਾਂ ਵਿਹੜਾ ਮਾਲਕਾਂ ਨੇ ਖ਼ੁਦ ਦੀਆਂ ਦੁਕਾਨਾਂ ਖੋਹਲ਼ ਰੱਖੀਆਂ ਹਨ। ਉਹ ਕਿਰਾਏਦਾਰ ਮਜ਼ਦੂਰਾਂ ਨੂੰ ਉਥੋਂ ਹੀ ਸਮਾਨ ਖਰੀਦਣ ਲਈ ਮਜ਼ਬੂਰ ਕਰਦੇ ਹਨ। ਸਮਾਨ ਵਿੱਚ ਹੇਰਾ ਫੇਰੀ ਰਾਹੀਂ ਉਹ ਮਜ਼ਦੂਰਾਂ ਦੀ ਦੂਹਰੀ ਲੁੱਟ ਕਰਦੇ ਹਨ। ਵਿਰੋਧ ਕਰਨ ਵਾਲ਼ਿਆਂ ਤੋਂ ਕਮਰਾ ਖਾਲੀ ਕਰਵਾ ਲਿਆ ਜਾਂਦਾ ਹੈ। ਅਜਿਹੀ ਹਾਲਤ ਵਿੱਚ ਪੰਜਾਬ ਸਰਕਾਰ ਦਾ ਕਿਰਾਏਦਾਰਾਂ ਲਈ ਬਣਾਇਆ ਗਿਆ ਕਾਨੂੰਨ ਮਜ਼ਦੂਰਾਂ ਦੇ ਕਿਸੇ ਕੰਮ ਨਹੀਂ ਆਉਂਦਾ।

ਵਿਹੜਿਆਂ ਵਿੱਚ ਹੋਣ ਵਾਲ਼ੀਆਂ ਚੋਰੀਆਂ ਮਜ਼ਦੂਰਾਂ ਲਈ ਇੱਕ ਹੋਰ ਵੱਡੀ ਮੁਸੀਬਤ ਹੈ। ਕੱਪੜੇ ਅਤੇ ਰੁਪਏ ਅਕਸਰ ਹੀ ਚੋਰੀ ਹੁੰਦੇ ਰਹਿੰਦੇ ਹਨ। ਕੱਪੜੇ ਧੋ ਕੇ ਜੇ ਧੁੱਪ ਵਿੱਚ ਸੁਕਾਉਣੇ ਹੋਣ ਤਾਂ ਕੋਲ਼ ਹੀ ਬਹਿਣਾ ਪੈਂਦਾ ਹੈ। ਨਹੀਂ ਤਾਂ ਕੱਪੜੇ ਵੀ ਕਮਰੇ ਦੇ ਅੰਦਰ ਹੀ ਸੁਕਾਉਣੇ ਪੈਂਦੇ ਹਨ। ਛੋਟੇ ਜਿਹੇ ਕਮਰੇ ਵਿੱਚ ਜਿੱਥੇ ਪਹਿਲਾਂ ਹੀ ਚਾਰ-ਪੰਜ ਜਣੇ ਰਹਿੰਦੇ ਹਨ ਉੱਥੇ ਇੱਕ ਸਾਈਡ ਤੇ ਬੰਨੀ ਹੋਈ ਰੱਸੀ 'ਤੇ ਟੰਗੇ ਕੱਪੜੇ ਵੀ ਦੇਖੇ ਜਾ ਸਕਦੇ ਹਨ।

ਪੈਸੇ ਦੀ ਚੋਰੀ ਤਾਂ ਮਜ਼ਦੂਰਾਂ ਲਈ ਅਸਹਿਣਯੋਗ ਹੁੰਦੀ ਹੈ। ਏਨੀਆਂ ਮੁਸੀਬਤਾਂ ਝੱਲ ਕੇ ਕਮਾਇਆ ਪੈਸਾ ਜਿਸਦੀ ਚੋਰੀ ਹੋ ਜਾਵੇ ਤਾਂ ਉਸਦੀ ਪ੍ਰੇਸ਼ਾਨੀ ਨੂੰ ਸਮਝਿਆ ਜਾ ਸਕਦਾ ਹੈ।

ਫ਼ੈਕਟਰੀ ਮਾਲਕਾਂ, ਉਹਨਾਂ ਦੇ ਚਮਚੇ, ਵਿਹੜੇ ਮਾਲਕ ਅਤੇ ਚੋਰਾਂ ਤੋਂ ਇਲਾਵਾ ਮਜ਼ਦੂਰਾਂ ਲਈ ਮੁਸੀਬਤ ਦੀ ਇੱਕ ਹੋਰ ਵਜ੍ਹਾ ਹੈ ਇੱਥੇ ਦੀ ਪੁਲੀਸ ਅਤੇ ਪ੍ਰਸ਼ਾਸਨ। ਪੁਲੀਸ ਥਾਣੇ ਅਤੇ ਪ੍ਰਸ਼ਾਸਨ ਵਿੱਚ ਪੂਰਬ ਤੋਂ ਆਏ ਮਜ਼ਦੂਰਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਕਿਉਂਕਿ ਪੁਲੀਸ ਅਤੇ ਪ੍ਰਸ਼ਾਸਨ ਵਿੱਚ ਪੰਜਾਬੀ ਹੀ ਭਰੇ ਪਏ ਹਨ ਜੋ ਹੋਰਨਾਂ ਕਾਰਨਾਂ ਤੋਂ ਇਲਾਵਾ ਨਸਲ਼ੀ ਨਫ਼ਰਤ ਨਾਲ਼ ਵੀ ਗ੍ਰਸਤ ਹੁੰਦੇ ਹਨ।

ਲੁਧਿਆਣਾ ਵਿੱਚ ਯੂ.ਪੀ. ਬਿਹਾਰ ਤੋਂ ਆਏ ਮਜ਼ਦੂਰਾਂ ਵਿੱਚ ਵੱਡੀ ਸੰਖਿਆ ਉਹਨਾਂ ਲੋਕਾਂ ਦੀ ਹੈ ਜੋ ਆਪਣੇ ਪਿੰਡ ਵਿੱਚ ਛੋਟੇ ਕਿਸਾਨ ਸਨ। ਹਾਲ਼ੇ ਵੀ ਬਹੁਤ ਸਾਰੇ ਮਜ਼ਦੂਰਾਂ ਦਾ ਕਿਸਾਨੀ ਜਿੰਦਗੀ ਨਾਲ਼ ਸੰਬੰਧ ਬਣਿਆ ਹੋਇਆ ਹੈ। ਇਸ ਲਈ ਉਹਨਾਂ ਦਾ ਪਿੰਡ ਆਉਣਾ ਜਾਣਾ ਲੱਗਿਆ ਹੀ ਰਹਿੰਦਾ ਹੈ। ਕਿਉਂਕਿ ਜਿਆਦਾਤਰ ਮਜ਼ਦੂਰ ਇਕੱਲੇ ਰਹਿੰਦੇ ਹਨ ਅਤੇ ਉਹਨਾਂ ਦਾ ਪਰਿਵਾਰ ਪਿੰਡ ਵਿੱਚ ਹੀ ਰਹਿੰਦਾ ਹੈ ਇਸਲਈ ਮੰਦੀ ਦੇ ਦਿਨਾਂ ਵਿੱਚ ਜਿਆਦਾਤਰ ਮਜ਼ਦੂਰ ਪਿੰਡ ਚਲੇ ਜਾਂਦੇ ਹਨ। ਮਜ਼ਦੂਰਾਂ ਦਾ ਇਹ ਆਉਣ-ਜਾਣ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਵਿੱਚ ਇੱਕ ਰੁਕਾਵਟ ਬਣਦਾ ਹੈ।

ਜਮੀਨ ਨਾਲ਼ ਜੁੜਾ ਕਾਰਨ ਵੀ ਹਾਲ਼ੇ ਕਿਸਾਨੀ ਮਾਨਸਿਕਤਾ ਦੀ ਜਕੜ੍ਹ ਉਹਨਾਂ ਵਿੱਚ ਟੁੱਟੀ ਨਹੀਂ ਹੈ। ਕਿਸਾਨੀ (ਜਗੀਰੂ) ਸਭਿਆਚਾਰ ਵੀ ਅਜੇ ਉਹਨਾਂ ਦੀ ਚੇਤਨਾ ਉੱਤੇ ਭਾਰੂ ਹੈ। ਪਰ ਇੱਥੇ ਦੇਖਣ ਨੂੰ ਆਇਆ ਹੈ ਕਿ ਮਜ਼ਦੂਰਾਂ ਦੀ ਸੰਖਿਆਂ ਲਗਾਤਾਰ ਵਧਦੀ ਜਾ ਰਹੀ ਹੈ। ਜੋ ਵੀ ਨਵੇਂ ਨਵੇਂ ਵਿਹੜੇ ਬਣਦੇ ਹਨ ਨਾਲ਼ ਦੀ ਨਾਲ਼ ਹੀ ਭਰ ਜਾਂਦੇ ਹਨ। ਨਵੀਂਆਂ-ਨਵੀਂਆਂ ਬਸਤੀਆਂ-ਮੁਹੱਲੇ, ਝੁੱਗੀਆਂ ਝੋਪੜੀਆਂ ਇੱਥੇ ਖੁੰਭਾਂ ਦੀ ਤਰ੍ਹਾਂ ਵੱਧ ਰਹੀਆਂ ਹਨ ਅਤੇ ਦੇਖਣ ਵਿੱਚ ਆਇਆ ਹੈ ਕਿ ਉਹਨਾਂ ਮਜ਼ਦੂਰਾਂ ਦੀ ਸੰਖਿਆਂ ਲਗਾਤਾਰ ਵੱਧ ਰਹੀ ਹੈ ਜਿਨ੍ਹਾਂ ਦਾ ਪਰਿਵਾਰ (ਪਤਨੀ ਅਤੇ ਬੱਚੇ) ਵੀ ਇੱਥੇ ਹੀ ਰਹਿੰਦਾ ਹੈ। ਕੁਝ ਮਜ਼ਦੂਰਾਂ ਨੇ ਤਾਂ ਆਪਣੀਆਂ ਪਤਨੀਆਂ ਨੂੰ ਕੰਮ ਉੱਤੇ ਭੇਜਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਇੱਥੇ ਮਜ਼ਦੂਰਾਂ ਵਿੱਚ ਸਥਾਈਪਣ ਆ ਰਿਹਾ ਹੈ। ਇਹ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਵਿੱਚ ਸਹਾਇਕ ਸਿੱਧ ਹੋਵੇਗਾ। ਇੱਕ ਹੋਰ ਜੋ ਮਹੱਤਵਪੂਰਨ ਪੱਖ ਨੋਟ ਕਰਨ ਵਾਲ਼ਾ ਹੈ ਉਹ ਇਹ ਹੈ ਕਿ ਜਿਆਦਾਤਰ ਮਜ਼ਦੂਰ ਨੌਜਵਾਨ ਹਨ ਅਤੇ ਇਹਨਾਂ ਵਿੱਚੋਂ ਵੀ ਜਿਆਦਾਤਰ ਪੜ੍ਹੇ-ਲਿਖੇ ਹਨ, ਬਿਲਕੁਲ ਹੀ ਅਨਪੜ੍ਹ ਬਹੁਤ ਹੀ ਘੱਟ ਮਿਲਦੇ ਹਨ। ਇਹ ਗੱਲ ਵੀ ਮਜ਼ਦੂਰਾਂ ਵਿੱਚ ਰਾਜਨੀਤਕ-ਵਿਚਾਰਧਾਰਕ ਪ੍ਰਚਾਰ-ਪ੍ਰਸਾਰ ਅਤੇ ਮਜ਼ਦੂਰਾਂ ਦੀ ਸਿੱਖਿਆ-ਟ੍ਰੇਨਿੰਗ ਵਿੱਚ ਸਹਾਇਕ ਸਿੱਧ ਹੋਵੇਗੀ।

✵ ✵ ✵ ✵ ✵ ✵ ✵ ✵ ✵

(ਸਫ਼ 16 ਦਾ ਬਾਕੀ ਹਿੱਸਾ)

ਕੋਸ਼ਿਸ਼ਾਂ ਦੀ ਹੀ ਇੱਕ ਕੜੀ ਹੈ। ਦੇਖਦੇ ਹਾਂ ਕਿ ਇਹਨਾਂ ਸਾਜਿਸ਼ਾਂ ਦੀ ਰੇਤ ਦਾ ਕਿਲ੍ਹਾ ਕਿੰਨੀ ਕੁ ਦੇਰ ਟਿਕਦਾ ਹੈ ।

ਭਾਰਤ ਵਿੱਚ ਪਿਛਲੇ ਡੇਢ ਵਰ੍ਹੇ ਦੌਰਾਨ ਵਧਿਆ-ਫੁਲਿਆ ਸੂਚਨਾ ਉਦਯੋਗ ਭਾਰਤੀ ਅਰਥਚਾਰੇ ਦੇ ਵਿਸ਼ਵ ਪੂੰਜੀਵਾਦੀ ਅਰਥਚਾਰੇ ਨਾਲ਼ ਏਕੀਕਰਨ ਨੂੰ ਦਰਸਾਉਂਦਾ ਹੈ। ਭਾਰਤੀ ਅਰਥਚਾਰੇ ਦੇ ਇਸ ਸੂਚਨਾ ਤਕਨੀਕ ਉਦਯੋਗ ਦਾ ਇਹ ਸੈਕਟਰ ਵਿਸ਼ਵ -ਪੂੰਜੀਵਾਦੀ ਵਿਵਸਥਾ ਨਾਲ਼ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਵਿਸ਼ਵ ਪੂੰਜੀਵਾਦੀ ਅਰਥਚਾਰੇ ਵਿੱਚ ਕਿਸੇ ਪ੍ਰਕਾਰ ਦਾ ਵੀ ਕੋਈ ਆਉਣ ਵਾਲ਼ਾ ਉਤਾਰ-ਚੜਾਅ ਇਸ ਖੇਤਰ ਨੂੰ ਸਿੱਧਾ ਪ੍ਰਭਾਵਿਤ ਕਰੇਗਾ। ਆਰਥਿਕ ਮੰਦੀ ਨਾਲ਼ ਜੂਝ ਰਹੇ ਸਾਮਰਾਜਵਾਦੀ ਦੇਸ਼ਾਂ ਉੱਤੇ ਪੂਰੀ ਤਰ੍ਹਾਂ ਨਿਰਭਰ ਭਾਰਤ ਦਾ ਸੂਚਨਾ ਤਕਨੀਕ ਉਦਯੋਗ ਇਕ ਪਾਣੀ ਦੇ ਬੁਲਬਲੇ ਦੀ ਤਰ੍ਹਾਂ ਹੈ ਜੋ ਸਾਮਰਾਜਵਾਦੀ ਦੇਸ਼ਾਂ ਦੇ ਗਹਿਰਾਉਂਦੇ ਆਰਥਿਕ ਸੰਕਟਾਂ, ਤਿੱਖੇ ਹੁੰਦੇ ਅੰਤਰ-ਸਾਮਰਾਜਵਾਦੀ ਅੰਤਰਵਿਰੋਧਾਂ ਵਜੋਂ ਕਦੇ ਵੀ ਫੁੱਟ ਸਕਦਾ ਹੈ।

✵✵✵✵✵

ਸਾਹਿਤ

ਨੰਨ੍ਹੀ ਬੇਸੀ

(ਕਹਾਣੀ)

—ਮਾਰਕ ਟਵੇਨ

ਅਲੋਚਨਾਤਮਕ ਯਥਾਰਥਵਾਦ ਦੀ ਧਾਰਾ ਦੇ ਪ੍ਰਗਟਾਵੇ ਉਂਨੇ ਹੀ ਕਿਸਮ ਦੇ ਸਨ ਜਿੰਨੇ ਕਿਸਮ ਦੇ ਅਲੋਚਨਾਤਮਕ ਯਥਾਰਥਵਾਦੀ । ਸਭ ਅਨੂਠੇ। ਪਰ ਇਹਨਾਂ ਵਿੱਚ ਵੀ ਮਾਰਕ ਟਵੇਨ ਦਾ ਨਾਂ ਅਦੁੱਤੀ ਹੈ। ਮਾਰਕ ਟਵੇਨ ਨੇ ਸੰਪਤੀ-ਕੇਂਦਰਤ ਸਮਾਜ ਦੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅੰਧਵਿਸ਼ਵਾਸ਼ਾਂ ਤੇ ਸੱਟ ਮਾਰੀ।

ਉਹ ਅਲੋਚਨਾਤਮਕ ਯਥਾਰਥਵਾਦ ਦੀ ਕੋਈ ਕੜੀ ਨਾ ਹੋ ਕੇ ਉਸਦੇ ਅਜਿਹੇ ਮੌਢੀ ਹਨ ਜੋ ਆਪ ਇਕ ਧਰੂ ਤਾਰੇ ਦੇ ਸਮਾਨ ਹਨ।

ਅੱਜ ਸਾਡੇ ਸਮਾਜ ਵਿਚ ਜਿਸ ਤਰ੍ਹਾਂ ਦੇ ਅੰਧ-ਵਿਸ਼ਵਾਸ਼ ਹਨ, ਉਸਦੇ ਮੱਦੇਨਜ਼ਰ ਅਸੀਂ ਮਹਿਸੂਸ ਕਰਦੇ ਹਾਂ ਕਿ ਮਾਰਕ ਟਵੇਨ ਜਿਸ ਤਿੱਖੀ ਅਤੇ ਮਾਰਕ ਸ਼ੈਲੀ ਵਿੱਚ ਅੰਧ-ਵਿਸ਼ਵਾਸ਼ਾ ਤੇ ਸੱਟ ਮਾਰਦੇ ਹਨ, ਉਹਨਾਂ ਨੂੰ ਪੜ੍ਹਨ ਦੀ ਇੱਕ ਖਾਸ ਮਹੱਤਤਾ ਹੈ। ਭਾਰਤੀ ਸਮਾਜ ਉਪਭੋਗਤਾ ਸਮਾਨਾਂ ਦੇ ਇਸਤੇਮਾਲ ਵਿਚ ਤਾਂ ਪਹਿਲੇ ਸਥਾਨ ਤੇ ਹੈ ਪਰ ਆਪਣੇ ਅੰਧ-ਵਿਸ਼ਵਾਸ਼ਾਂ ਅਤੇ ਦਕਿਆਨੂਸੀ ਵਿਚਾਰਾਂ ਵਿੱਚ ਵੀ ਪਹਿਲੇ ਸਥਾਨ ਤੇ ਕਿਹਾ ਜਾ ਸਕਦਾ ਹੈ। ਅਜਿਹੀ ਹਾਲਤ ਵਿਚ ਮਾਰਕ ਟਵੇਨ ਦੀ ਇਹ ਕਹਾਣੀ ਖਾਸ ਤੌਰ ਤੇ ਪ੍ਰਸੰਗਕ ਹੈ। ਇਸ ਕਹਾਣੀ ਵਿਚ ਨੈਤਿਕਤਾ ਦੇ ਆਦਰਸ਼ ਅਤੇ ਅਸਲੀ ਜ਼ਿੰਦਗੀ ਦੇ ਫ਼ਰਕ ਨੂੰ ਦਿਖਾ ਕੇ ਖੋਖ਼ਲੀਆਂ ਨੈਤਿਕ ਸਿੱਖਿਆਵਾਂ ਤੇ ਚੋਟ ਕੀਤੀ ਗਈ ਹੈ।

—ਸੰਪਾਦਕ

ਅਧਿਆਏ—1

ਨੰਨ੍ਹੀ ਬੇਸੀ ਈਸ਼ਵਰ ਦੀ ਸਹਾਇਤਾ ਕਰੇਗੀ

ਨੰਨ੍ਹੀ ਬੇਸੀ ਤਕਰੀਬਨ ਤਿੰਨ ਸਾਲਾਂ ਦੀ ਸੀ। ਉਹ ਇਕ ਚੰਗੀ ਬੱਚੀ ਸੀ। ਉਸ ਵਿੱਚ ਕੋਈ ਹਲਕਾਪਣ ਜਾਂ ਤੁੱਛਤਾ ਨਹੀਂ ਸੀ। ਉਹ ਚਿੰਤਨਸ਼ੀਲ ਅਤੇ ਵਿਚਾਰਸ਼ੀਲ ਸੀ ਅਤੇ ਚੀਜ਼ਾਂ ਦੇ ਪਿੱਛੇ ਦੇ ਕਾਰਨ ਲੱਭਣ ਵਿੱਚ ਅਤੇ ਉਨ੍ਹਾਂ ਵਿਚ ਤਾਲਮੇਲ ਕਾਇਮ ਕਰਨ ਲੱਗੀ ਰਹਿੰਦੀ ਸੀ। ਇੱਕ ਦਿਨ ਉਸਨੇ ਕਿਹਾ—

"ਅੰਮਾ, ਇੱਥੇ ਇੰਨੀਆਂ ਤਕਲੀਫਾਂ, ਦੁੱਖ ਅਤੇ ਪਰੇਸ਼ਾਨੀਆਂ ਕਿਉਂ ਹਨ ? ਆਖ਼ਰ ਇਨ੍ਹਾਂ ਦਾ ਕੀ ਕੰਮ ਹੈ ?"

ਇਹ ਇੱਕ ਅਸਾਨ ਜਿਹਾ ਸਵਾਲ ਸੀ, ਅਤੇ ਇਸਦਾ ਉੱਤਰ ਦੇਣ ਵਿਚ ਅੰਮਾ ਨੂੰ ਕੋਈ ਦਿਕੱਤ ਪੇਸ਼ ਨਹੀਂ ਆਈ।

"ਇਹ ਸਭ ਸਾਡੇ ਭਲੇ ਲਈ ਹੈ, ਮੇਰੀ ਬੱਚੀ। ਈਸ਼ਵਰ ਆਪਣੀ ਸਿਆਣਪ ਅਤੇ ਦਿਆਲੂ ਪ੍ਰਵਿਰਤੀ ਕਾਰਨ ਇਹ ਤਕਲੀਫ਼ਾਂ ਸਾਨੂੰ ਦਿੰਦਾ ਹੈ ਤਾਂ ਜੋ ਅਸੀਂ ਅਨੁਸ਼ਾਸ਼ਿਤ ਹੋ ਸਕੀਏ, ਅਤੇ ਚੰਗੇ ਬਣ ਸਕੀਏ।"

"ਕੀ ਇਨ੍ਹਾਂ ਤਕਲੀਫ਼ਾ ਨੂੰ ਉਹ ਭੇਜਦਾ ਹੈ ?"

"ਹਾਂ।"

"ਕੀ ਸਾਰੀਆਂ ਤਕਲੀਫ਼ਾਂ ਨੂੰ ਉਹ ਹੀ ਭੇਜਦਾ ਹੈ ?"

"ਹਾਂ, ਪਿਆਰੀ, ਸਾਰੀਆਂ ਤਕਲੀਫਾਂ ਨੂੰ। ਉਨ੍ਹਾਂ ਵਿਚੋਂ ਇੱਕ ਵੀ ਸੰਜੋਗ ਨਾਲ਼ ਨਹੀਂ ਆਉਂਦੀ। ਸਿਰਫ਼ ਉਹ ਹੀ ਉਨ੍ਹਾਂ ਨੂੰ ਭੇਜਦਾ ਹੈ, ਅਤੇ ਹਮੇਸ਼ਾਂ ਇਸੇ ਲਈ ਕਿ ਉਹ ਸਾਨੂੰ ਪਿਆਰ ਕਰਦਾ ਹੈ, ਅਤੇ ਸਾਨੂੰ ਚੰਗੇ ਬਣਾਉਂਦਾ ਹੈ।"

"ਇਹ ਅਜੀਬ ਨਹੀਂ ਹੈ ?"

"ਅਜੀਬ ? ਕਿਉਂ, ਨਹੀਂ ਮੈਂ ਇਸ ਤਰ੍ਹਾਂ ਕਦੇ ਨਹੀਂ ਸੋਚਿਆ। ਮੈਂ ਕਦੇ ਕਿਸੇ ਨੂੰ ਇਸਨੂੰ ਅਜੀਬ ਕਹਿੰਦੇ ਨਹੀਂ ਸੁਣਿਆ। ਮੈਨੂੰ ਤਾਂ ਇਹ ਹਮੇਸ਼ਾਂ ਕੁਦਰਤੀ, ਸਹੀ, ਸਿਆਣਪ ਵਾਲ਼ਾ ਅਤੇ ਸਭ ਤੋਂ ਦਿਆਲੂ ਤੇ ਤਰਸ ਕਰਨ ਵਾਲ਼ਾ ਲੱਗਿਆ ਹੈ।"

"ਇਸ ਤਰ੍ਹਾਂ ਸਭ ਤੋਂ ਪਹਿਲਾਂ ਕਿਸਨੇ ਸੋਚਿਆ ਸੀ, ਅੰਮਾ ? ਕੀ ਤੁਸੀਂ ?"

"ਉਹ, ਨਹੀਂ, ਬੇਟੀ, ਮੈਨੂੰ ਅਜਿਹਾ ਸਿਖਾਇਆ ਗਿਆ ਸੀ।"

"ਤਹਾਨੂੰ ਅਜਿਹਾ ਕਿਸਨੇ ਸਿਖਾਇਆ ਸੀ, ਅੰਮਾ ?"

"ਕਿਉਂ, ਅਸਲ ਵਿੱਚ, ਮੈਂ ਨਹੀਂ ਜਾਣਦੀ- ਮੈਨੂੰ ਯਾਦ ਨਹੀਂ ਆ ਰਿਹਾ। ਮੇਰੇ ਖ਼ਿਆਲ ਨਾਲ਼ ਮੇਰੀ ਮਾਂ ਨੇ, ਜਾਂ ਪ੍ਰਵਚਨਦਾਤਾ ਨੇ। ਪਰ ਇਹ ਤਾਂ ਅਜਿਹੀ ਚੀਜ਼ ਹੈ ਜਿਸਨੂੰ ਹਰ ਕੋਈ ਜਾਣਦਾ ਹੈ।"

"ਪਰ ਇਹ ਫ਼ਿਰ ਵੀ ਅਜੀਬ ਲੱਗਦਾ ਹੈ। ਕੀ ਈਸ਼ਵਰ ਨੇ ਹੀ ਨੌਰਿਸ ਨੂੰ ਟਾਇਫ਼ਸ ਦਿੱਤਾ ਸੀ ?"

"ਹਾਂ"

"ਕਿਸ ਲਈ ?"

"ਕਿਉਂ, ਉਸਨੂੰ ਅਨੁਸ਼ਾਸ਼ਿਤ ਕਰਨ ਅਤੇ ਚੰਗਾ ਬਣਾਉਣ ਲਈ।"

"ਪਰ ਉਹ ਤਾਂ ਮਰ ਗਿਆ ਅੰਮਾ, ਇਸ ਲਈ ਇਹ ਤਾਂ ਉਸਨੂੰ ਚੰਗਾ ਨਹੀਂ ਬਣਾ ਸਕਿਆ।"

"ਚੰਗਾ ਤਾਂ ਫਿਰ ਮੇਰੇ ਖ਼ਿਆਲ ਨਾਲ਼ ਇਹ ਕਿਸੇ ਹੋਰ ਕਾਰਨ ਹੋਵੇਗਾ। ਭਾਵੇਂ ਕੋਈ ਵੀ ਕਾਰਨ ਹੋਵੇ, ਅਸੀਂ ਇੰਨਾ ਜਾਣਦੇ ਹਾਂ ਕਿ ਉਹ ਕੋਈ ਵਾਜ਼ਬ ਕਾਰਨ ਹੋਵੇਗਾ।"

"ਤੁਹਾਡੇ ਵਿਚਾਰ ਤੋਂ ਇਹ ਕਾਰਨ ਕੀ ਸੀ, ਅੰਮਾ ?"

"ਉਹੋ, ਤੂੰ ਏਨੇ ਸਵਾਲ ਕਰਦੀ ਏ! ਮੇਰਾ ਖ਼ਿਆਲ ਹੈ ਇਹ ਉਸਦੇ ਮਾਤਾ-ਪਿਤਾ ਨੂੰ ਅਨੁਸ਼ਾਸਿਤ ਕਰਨ ਲਈ ਸੀ।"

"ਫਿਰ ਤਾਂ ਇਹ ਸਹੀ ਨਹੀਂ ਹੈ, ਅੰਮਾ। ਉਨ੍ਹਾਂ ਲੋਕਾਂ ਲਈ ਉਸਦੀ ਜ਼ਿੰਦਗੀ ਕਿਉਂ ਖੋਹ ਲਈ ਜਾਵੇ ਜਦਕਿ ਉਹ ਕੁਝ ਨਹੀਂ ਕਰ ਰਿਹਾ ਸੀ ?"

"ਉਹੋ, ਮੈਨੂੰ ਨਹੀਂ ਪਤਾ! ਮੈਨੂੰ ਬਸ ਏਨਾ ਪਤਾ ਹੈ ਕਿ ਉਹ ਕਿਸੇ ਚੰਗੇ ਅਤੇ ਸਿਆਣਪ ਭਰੇ ਅਤੇ ਦਇਆਵਾਨ ਕਾਰਨ ਕਰਕੇ ਹੋਇਆ।"

"ਕਿਹੜਾ ਕਾਰਨ, ਅੰਮਾ ?"

"ਮੇਰੇ ਖ਼ਿਆਲ ਨਾਲ਼-ਮੇਰੇ ਖ਼ਿਆਲ ਨਾਲ਼- ਦੇਖੋ, ਇਹ ਇੱਕ ਫੈਸਲਾ ਸੀ, ਇਹ ਉਨ੍ਹਾਂ ਨੂੰ ਉਨ੍ਹਾਂ ਦੇ ਕਿਸੇ ਪਾਪ ਦੀ ਸਜ਼ਾ ਦੇਣ ਲਈ ਸੀ।"

"ਪਰ ਸਜ਼ਾ ਜਿਸਨੂੰ ਮਿਲੀ ਉਹ ਤਾਂ ਬਿੱਲੀ ਸੀ, ਅੰਮਾ। ਕੀ ਇਹ ਸਹੀ ਹੈ ?"

"ਬਿਲਕੁਲ, ਬਿਲਕੁਲ। ਈਸ਼ਵਰ ਅਜਿਹਾ ਕੁਝ ਨਹੀਂ ਕਰਦਾ ਜੋ ਸਹੀ, ਸਿਆਣਪ ਭਰਪੂਰ ਅਤੇ ਦਇਆਵਾਨ ਨਾ ਹੋਵੇ। ਪਿਆਰੀ ਬੱਚੀ, ਤੂੰ ਹਾਲੇ ਇਹ ਗੱਲਾਂ ਨਹੀਂ ਸਮਝ ਸਕਦੀ, ਪਰ ਜਦੋਂ ਤੂੰ ਵੱਡੀ ਹੋ ਜਾਵੇਂਗੀ ਤਾਂ ਸਮਝ ਜਾਵੇਂਗੀ, ਅਤੇ ਜਾਣ ਜਾਵੇਂਗੀ ਕਿ ਇਹ ਨਿਆਂਪੂਰਨ ਅਤੇ ਸਿਆਣਪ ਭਰਪੂਰ ਹੈ।"

ਪਲ ਭਰ ਰੁਕਣ ਤੋ ਬਾਅਦ-

"ਕੀ ਈਸ਼ਵਰ ਨੇ ਹੀ ਉਸ ਅਜਨਬੀ ਉੱਤੇ ਘਰ ਦੀ ਛਤ ਸੁੱਟ ਦਿੱਤੀ ਸੀ ਜੋ ਅੱਗ ਵਿਚੋਂ ਅਪਾਹਜ ਬੁੱਢੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ?"

"ਹਾਂ, ਮੇਰੀ ਬੱਚੀ। *ਰੁਕ*! ਇਹ ਨਾ ਪੁੱਛੀਂ ਕਿ ਕਿਉਂ, ਕਿਉਂਕਿ ਮੈਂ ਨਹੀਂ ਜਾਣਦੀ। ਮੈਂ ਬਸ ਇੰਨਾ ਜਾਣਦੀ ਹਾਂ ਕਿ ਇਹ ਕਿਸੇ ਨਾ ਕਿਸੇ ਨੂੰ ਅਨੁਸ਼ਾਸ਼ਿਤ ਕਰਨ ਲਈ ਸੀ, ਕਿਸੇ 'ਤੇ ਫੈਸਲਾ ਸੀ, ਜਾਂ ਈਸ਼ਵਰ ਨੇ ਆਪਣੀ ਤਾਕਤ ਦਿਖਾਉਣ ਲਈ ਅਜਿਹਾ ਕੀਤਾ ਸੀ।"

"ਉਹ ਸ਼ਰਾਬੀ ਜਿਸਨੇ ਮਿਸੇਜ ਵੈਲਥ ਦੇ ਬੱਚੇ ਨੂੰ ਕੰਢਾ ਖੋਭ ਦਿੱਤਾ ਸੀ ਜਦੋਂ....."

"ਉਸਤੇ ਧਿਆਨ ਨਾ ਦੇ, ਤੈਨੂੰ ਵੇਰਵਿਆਂ ਵਿੱਚ ਜਾਣ ਦੀ ਲੋੜ ਨਹੀਂ ਹੈ। ਏਨਾ ਤਾਂ ਪੱਕਾ ਹੈ ਕਿ ਇਹ ਉਸ ਬੱਚੇ ਨੂੰ ਅਨੁਸ਼ਾਸ਼ਿਤ ਕਰਨ ਲਈ ਸੀ। ਖੈਰ।"

"ਅੰਮਾ, ਮਿ. ਬਰਗੇਸ ਨੇ ਆਪਣੇ ਪ੍ਰਵਚਨ ਵਿੱਚ ਕਿਹਾ ਸੀ ਕਿ ਸਾਨੂੰ ਕੌਲਰਾ, ਟਾਈਫ਼ਾਈਡ ਅਤੇ ਲੌਕਜਾ ਵਰਗੀਆਂ ਹਜ਼ਾਰਾਂ ਬੀਮਾਰੀਆਂ ਦੇਣ ਲਈ ਕਰੋੜਾਂ ਸੂਖਮ ਜੀਵ ਸਾਡੇ ਅੰਦਰ ਭੇਜੇ ਜਾਂਦੇ ਹਨ- ਅੰਮਾ, ਕੀ ਈਸ਼ਵਰ ਉਨ੍ਹਾਂ ਨੂੰ ਭੇਜਦਾ ਹੈ ?"

"ਓਹੋ, ਬਿਲਕੁਲ ਮੇਰੀ ਬੱਚੀ, ਨਿਸ਼ਚਿਤ ਰੂਪ ਨਾਲ। ਜ਼ਹਿਰਾ ਤੌਰ 'ਤੇ।"

"ਕਿਸ ਲਈ ?"

"ਓਹੋ, ਸਾਨੂੰ ਅਨੁਸ਼ਾਸਿਤ ਕਰਨ ਲਈ। ਕੀ ਮੈਂ ਵਾਰ-ਵਾਰ ਤੈਨੂੰ ਇਹ ਦੱਸ ਨਹੀਂ ਚੁੱਕੀ ਹਾਂ ?"

"ਇਹ ਤਾਂ ਭਿਆਨਕ ਕਰੂਰਤਾ ਹੈ, ਅੰਮਾ! ਅਤੇ ਮਰੂਖਤਾ ਵੀ! ਜੇ ਮੈਂ..."

"ਹਸ਼, ਉਹੋ, *ਹਸ਼*! ਕੀ ਤੂੰ ਕਹਿਰ ਵਰ੍ਹਾਉਣਾ ਚਾਹੁੰਦੀ ਏਂ ?"

"ਅੰਮਾ ਤੈਨੂੰ ਪਤਾ ਹੈ, ਪਿਛਲੇ ਹਫ਼ਤੇ ਬਿਜਲੀ ਡਿੱਗੀ ਤੇ ਉਸਨੇ ਨਵੇਂ ਚਰਚ ਨੂੰ ਸਾੜ ਦਿੱਤਾ। ਕੀ ਇਹ ਚਰਚ ਨੂੰ ਅਨੁਸ਼ਾਸਿਤ ਕਰਨ ਲਈ ਸੀ ?"

(ਥੱਕ ਕੇ) "ਉਹੋ, ਮੇਰੇ ਖ਼ਿਆਲ ਨਾਲ਼, ਹਾਂ।"

"ਪਰ ਇਸ ਨਾਲ਼ ਇਕ ਸੂਰ ਮਰ ਗਿਆ ਜੋ ਕੁਝ ਨਹੀਂ ਕਰ ਰਿਹਾ ਸੀ। ਕੀ ਇਹ ਸਭ ਸੂਰ ਨੂੰ ਅਨੁਸ਼ਾਸਿਤ ਕਰਨ ਲਈ ਸੀ, ਅੰਮਾ ?"

"ਪਿਆਰੀ ਬੱਚੀ, ਕੀ ਤੂੰ ਥੋੜੀ ਦੇਰ ਬਾਹਰ ਜਾ ਕੇ ਖੇਡਣਾ ਨਹੀਂ ਚਾਹੇਂਗੀ ? ਜੇ ਤੂੰ ਚਾਹੇ ਤਾਂ......"

"ਅੰਮਾ, ਥੋੜਾ ਸੋਚੋ! ਮਿ. ਹੋਲਿਸਟਰ ਕਹਿੰਦੇ ਹਨ ਕਿ ਇੱਕ ਵੀ ਚਿੜੀ ਜਾਂ ਸੱਪ ਜਾਂ ਕਿਸੇ ਵੀ ਦੂਜੇ ਜੀਵ ਦੀ ਕਿਸੇ ਨਾਲ਼ ਦੁਸ਼ਮਣੀ ਨਹੀਂ ਹੈ, ਕਿ ਈਸ਼ਵਰ ਨੇ ਉਨ੍ਹਾਂ ਨੂੰ ਵੱਢਣ ਜਾਂ ਭੱਜਣ ਅਤੇ ਸਤਾਉਣ, ਅਤੇ ਮਾਰ ਦੇਣ ਅਤੇ ਖ਼ੂਨ ਚੂਸਣ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਅਨੁਸ਼ਾਸਿਤ ਕਰਨ ਅਤੇ ਚੰਗਾ ਅਤੇ ਧਾਰਮਿਕ ਬਣਾਉਣ ਲਈ ਉਨ੍ਹਾਂ ਨੂੰ ਭੇਜਿਆ ਹੈ। ਮਾਂ, ਕੀ ਇਹ ਸੱਚ ਹੈ- ਕਿਉਂਕਿ ਜੇ ਇਹ ਸੱਚ ਹੈ, ਤਾਂ ਮਿ. ਹੋਲਿਸਟਰ ਇਸ ਉੱਤੇ ਹੱਸਦੇ ਕਿਉਂ ਹਨ ?"

"ਉਹ ਹੋਲਿਸਟਰ ਇੱਕ ਬਦਨਾਮ ਆਦਮੀ ਹੈ, ਅਤੇ ਮੈਂ ਚਾਹੁੰਦੀ ਹਾਂ ਕਿ ਤੂੰ ਉਸਦੀਆਂ ਗੱਲਾਂ ਨਾ ਸੁਣਿਆ ਕਰ।"

"ਕਿਉਂ ਅੰਮਾ, ਉਹ ਬਹੁਤ ਦਿਲਚਸਪ ਹਨ ਅਤੇ ਚੰਗਾ ਬਨਣ ਦੀ ਕੋਸ਼ਿਸ਼ ਕਰਦੇ ਹਨ। ਉਹ ਕਹਿੰਦੇ ਹਨ ਕਿ ਭਰਿੰਡ ਮਕੜੀਆਂ ਨੂੰ ਫੜਕੇ ਉਹਨਾਂ ਦੇ ਜਾਲ਼ਿਆਂ ਵਿੱਚ ਵਾੜ ਦਿੰਦੀਆਂ ਹਨ- *ਜਿਉਂਦੇ,* ਅੰਮਾ!- ਅਤੇ ਉਹ ਦਿਨੋਂ ਦਿਨ ਉੱਥੇ ਰਹਿੰਦੀਆਂ ਹਨ ਅਤੇ ਤੜਫ਼ਦੀਆਂ ਹਨ, ਅਤੇ ਭੁੱਖੀਆਂ ਭਰਿੰਡਾਂ ਸਾਰਾ ਸਮਾਂ ਉਨ੍ਹਾਂ ਦੀਆਂ ਲੱਤਾਂ ਚੱਬਦੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਦੇ ਢਿੱਡ ਕੁਤਰਦੀਆਂ ਰਹਿੰਦੀਆਂ ਹਨ, ਤਾਂ ਜੋ ਉਹ ਉਨ੍ਹਾਂ ਨੂੰ ਧਾਰਮਿਕ ਅਤੇ ਚੰਗਾ ਬਣਾ ਸਕਣ ਅਤੇ ਉਹ ਈਸ਼ਵਰ ਦੀ ਉਸਦੀਆਂ ਅਨੰਤ ਦਇਆਵਾਂ ਲਈ ਪ੍ਰਸ਼ੰਸ਼ਾ ਕਰਨ। ਮੈਨੂੰ ਲਗਦਾ ਹੈ ਮਿ. ਹੋਲਿਸਟਰ ਬਹੁਤ ਪਿਆਰੇ ਹਨ ਤੇ ਹਮੇਸ਼ਾਂ ਇੰਨੇ ਉਦਾਰ ਰਹਿੰਦੇ ਹਨ, ਕਿਉਂਕਿ ਜਦ ਮੈਂ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਹ ਕਦੇ ਕਿਸੇ ਮਕੜੀ ਨਾਲ਼ ਅਜਿਹਾ ਵਰਤਾਓ ਕਰਨਗੇ, ਤਾਂ ਉਨ੍ਹਾਂ ਨੇ ਕਿਹਾ ਕਿ ਜੇਕਰ ਉਨ੍ਹਾਂ ਨੇ ਅਜਿਹਾ ਕੀਤਾ ਤਾਂ ਉਨ੍ਹਾਂ ਨੂੰ ਨਰਕ ਨਸੀਬ ਹੋਵੇਗਾ, ਅਤੇ ਫਿਰ ਉਹ..."

"ਮੇਰੀ ਬੱਚੀ! ਓਹ, ਈਸ਼ਵਰ ਵਾਸਤੇ......"

"ਅਤੇ ਅੰਮਾ, ਉਹ ਕਹਿੰਦੇ ਹਨ ਕਿ ਮਕੜੀ ਨੂੰ ਮੱਖੀ

ਨੂੰ ਫੜ੍ਹਨ ਅਤੇ ਆਪਣੇ ਜ਼ਹਿਰੀਲੇ ਦੰਦ ਉਸਦੀਆਂ ਅੰਤੜੀਆਂ ਵਿੱਚ ਖੁਭੋ ਦੇਣ ਅਤੇ ਉਸਦਾ ਲਹੂ ਚੂਸਦੇ ਜਾਣ ਲਈ ਨਿਯੁਕਤ ਕੀਤਾ ਗਿਆ ਹੈ, ਤਾਂ ਜੋ ਉਸਨੂੰ ਅਨੁਸ਼ਾਸਿਤ ਕਰਕੇ ਈਸਾਈ ਬਣਾਇਆ ਜਾ ਸਕੇ, ਅਤੇ ਜਦੋਂ ਇਸ ਤਕਲੀਫ਼ ਤੇ ਦਰਦ ਨਾਲ਼ ਮੱਖੀ ਆਪਣੇ ਖੰਭ ਫੜਫੜਾਉਂਦੀ ਹੈ, ਤਾਂ ਤੂੰ ਉਸਦੀਆਂ ਅਹਿਸਾਨਮੰਦ ਅੱਖਾਂ ਵਿੱਚ ਵੇਖ ਸਕਦੀ ਏਂ ਕਿ ਉਹ ਸਾਰੀਆਂ ਚੰਗਿਆਈਆਂ ਦੇ ਦਾਤਾ ਨੂੰ ਧੰਨਵਾਦ ਦੇ ਰਹੀ ਹੈ- ਵੇਲ, ਮਿ. ਹੋਲਿਸਟਰ ਕਹਿੰਦੇ ਹਨ ਕਿ ਉਹ ਬਸ ਆਪਣੀ ਇੱਜਤ ਬਚਾਉਂਦੀ ਹੈ, ਅਤੇ ਉਹ ਇਹ ਵੀ..."

"ਉਫ਼, ਕੀ ਤੂੰ ਗੱਲਾਂ ਕਰਨ ਤੋਂ ਥੱਕੇਗੀਂ ਨਹੀਂ ! ਜੇ ਤੂੰ ਬਾਹਰ ਜਾ ਕੇ ਖੇਡਣਾ ਚਾਹੁੰਦੀ ਏਂ ਤਾਂ..."

"ਅੰਮਾ, ਉਹ ਤਾਂ ਆਪ ਕਹਿੰਦੇ ਹਨ ਕਿ ਸਾਰੀਆਂ ਔਕੜਾਂ ਅਤੇ ਤਕਲੀਫ਼ਾਂ ਅਤੇ ਦੁਰਗਤੀਆ ਅਤੇ ਸੜੇ ਹੋਏ ਰੋਗ ਅਤੇ ਭਿਆਨਕ ਚੀਜ਼ਾਂ ਅਤੇ ਬੁਰੀਆਂ ਚੀਜ਼ਾਂ ਸਾਨੂੰ ਅਨੁਸ਼ਾਸਿਤ ਕਰਨ ਲਈ ਦਇਆ ਅਤੇ ਉਦਾਰਤਾ ਵਜੋਂ ਭੇਜੀਆਂ ਜਾਂਦੀਆਂ ਹਨ, ਅਤੇ ਉਹ ਕਹਿੰਦੇ ਹਨ ਕਿ ਈਸ਼ਵਰ ਦੀ ਹਰ ਸੰਭਵ ਤਰੀਕੇ ਨਾਲ *ਮੱਦਦ ਕਰਨਾ* ਹਰ ਮਾਂ-ਪਿਉ ਦਾ ਫ਼ਰਜ ਹੈ। ਉਹ ਕਹਿੰਦੇ ਹਨ ਸਿਰਫ਼ ਝਿੜਕਾਂ ਮਾਰਨ ਤੇ ਕੋੜੇ ਮਾਰਨ ਨਾਲ਼ ਉਹ ਇਹ ਕੰਮ ਨਹੀਂ ਕਰ ਸਕਦੇ, ਕਿਉਂਕਿ ਇਸ ਨਾਲ਼ ਗੱਲ ਨਹੀਂ ਬਣੇਗੀ, ਇਹ ਕਮਜ਼ੋਰ ਕਦਮ ਹਨ ਅਤੇ ਕਿਸੇ ਕੰਮ ਦੇ ਨਹੀਂ ਹਨ- ਈਸ਼ਵਰ ਦਾ ਤਰੀਕਾ ਸਭ ਤੋਂ ਚੰਗਾ ਹੈ, - ਹਰ ਕਿਸੇ ਨੂੰ ਅਨੁਸ਼ਾਸਿਤ ਕਰਨਾ, ਉਸਨੂੰ ਅਪਾਹਿਜ ਬਣਾ ਦੇਣਾ ਅਤੇ ਮਾਰ ਦੇਣਾ, ਹਰ ਮਾਂ-ਪਿਉ ਦਾ ਫਰਜ਼ ਸਗੋਂ ਹਰ *ਵਿਅਕਤੀ* ਦਾ ਫਰਜ਼ ਹੈ, ਉਨ੍ਹਾਂ ਨੂੰ ਹਰ ਕਿਸੇ ਨੂੰ ਭੁੱਖ ਨਾਲ਼ ਤੜਫਾਉਣਾ ਚਾਹੀਦਾ ਹੈ, ਅਤੇ ਉਨ੍ਹਾਂ ਨੂੰ ਜਮਾ ਦੇਣਾ ਚਾਹਿਦਾ ਹੈ, ਰੋਗਾਂ ਨਾਲ਼ ਸੜਾ ਦੇਣਾ ਚਾਹਿਦਾ ਹੈ, ਅਤੇ ਉਨ੍ਹਾਂ ਨੂੰ ਕਤਲ ਅਤੇ ਚੋਰੀ ਕਰਨ ਅਤੇ ਬੇਇੱਜ਼ਤ ਅਤੇ ਬਦਨਾਮ ਹੋਣ ਤੇ ਮਜ਼ਬੂਰ ਕਰ ਦੇਣਾ ਚਾਹਿਦਾ ਹੈ। ਉਹ ਕਹਿੰਦੇ ਹਨ ਕਿ ਸਾਨੂੰ ਅਤੇ ਜਾਨਵਰਾਂ ਨੂੰ ਅਨੁਸ਼ਾਸਿਤ ਕਰਨ ਲਈ ਈਸ਼ਵਰ ਦੁਆਰਾ ਦਿੱਤੀ ਗਈ ਖੋਜ ਹੁਣ ਤੱਕ ਦੀ ਸਭ ਤੋਂ ਸ਼ਾਨਦਾਰ ਤਰਕੀਬ ਹੈ, ਅਤੇ ਕੋਈ ਮੂਰਖ ਵੀ ਇਸ ਤੋਂ ਚੰਗੀ ਤਰਕੀਬ ਨਹੀਂ ਲੱਭ ਸਕਦਾ। ਅੰਮਾ, ਏਡੀ ਵੀਰੇ ਨੂੰ ਇਸੇ ਤਰ੍ਹਾ ਅਨੁਸ਼ਾਸਿਤ ਕੀਤੇ ਜਾਣ ਦੀ ਲੋੜ ਹੈ, ਅਤੇ ਮੈਂ ਜਾਣਦੀ ਹਾਂ ਕਿ ਉਸਦੇ ਲਈ ਚੇਚਕ, ਖੁਜਲੀ, ਡਿਪਥੀਰਿਆ, ਹੱਡੀ-ਕੈਂਸਰ, ਦਿਲ ਦਾ ਰੋਗ ਅਤੇ ਕੈਂਸਰ ਜਿਹੀਆ ਬੀਮਾਰੀਆ ਕਿਥੋਂ ਲਿਆ ਸਕਦੀ ਏਂ, ਅਤੇ— ਓ ਪਿਆਰੀ ਅੰਮਾਂ ਤੂੰ ਬੇਹੋਸ਼ ਹੋ ਗਈ! ਮੈਂ ਭੱਜ ਕੇ ਸਹਾਇਤਾ ਲਈ ਜਾਂਦੀ ਹਾਂ। ਹੁਣ ਇਸ ਗਰਮ ਮੌਸਮ ਵਿੱਚ ਸ਼ਹਿਰ ਵਿਚ ਰਹਿਣ ਦਾ ਇਹ ਫ਼ਲ ਮਿਲਿਆ।"

ਅਧਿਆਏ-2
ਮਨੁੱਖ ਦੀ ਰਚਨਾ

ਅੰਮਾ- ਢੀਠ ਬੱਚੀ, ਕੀ ਤੂੰ ਅਜੇ ਵੀ ਉਸ ਬੁਰੇ ਨੀਚ ਹੋਲਿਸਟਰ ਨੂੰ ਮਿਲਦੀ ਰਹਿੰਦੀ ਏਂ ?

ਬੇਸੀ- ਅੰਮਾ, ਉਹ ਬਹੁਤ ਦਿਲਚਸਪ ਹਨ, ਭਾਵੇਂ ਥੋੜੇ ਜਿਹੇ ਬਦਮਾਸ਼ ਹਨ, ਅਤੇ ਮੈਂ ਦਿਲਚਸਪ ਲੋਕਾਂ ਨੂੰ ਪਸੰਦ ਕਰਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਪਾਉਂਦੀ। ਸਾਡੇ ਵਿੱਚ ਇਹ ਗੱਲਬਾਤ ਹੋਈ—

ਹੋਲਿਸਟਰ- ਬੇਸੀ, ਮਨ ਲੈ ਕਿ ਤੂੰ ਥੋੜਾ ਮਾਸ, ਥੋੜੀ ਹੱਡੀ ਅਤੇ ਰੋਏਂ ਲਏ, ਅਤੇ ਉਸ ਨਾਲ਼ ਇੱਕ ਬਿੱਲੀ ਬਣਾਈ ਅਤੇ ਉਸਨੂੰ ਕਿਹਾ ਕਿ ਹੁਣ ਤੂੰ ਕਿਸੇ ਜੀਵ ਦੇ ਪ੍ਰਤੀ ਬੇਰਹਿਮ ਨਹੀਂ ਰਹੇਂਗੀ, ਨਹੀਂ ਤਾਂ ਤੈਨੂੰ ਸਜ਼ਾ ਅਤੇ ਮੌਤ ਦਿੱਤੀ ਜਾਵੇਗੀ ਅਤੇ ਮੰਨ ਲੈ ਕਿ ਬਿੱਲੀ ਨੇ ਇਸ ਹੁਕਮ ਦੀ ਪਾਲਣਾ ਨਹੀਂ ਕੀਤੀ, ਇੱਕ ਚੂਹੇ ਨੂੰ ਫੜ੍ਹਕੇ ਤੜਫਾਇਆ ਅਤੇ ਉਸਨੂੰ ਮਾਰ ਦਿੱਤਾ। ਤੂੰ ਉਸ ਬਿੱਲੀ ਨਾਲ਼ ਕੀ ਕਰੇਂਗੀ ?

ਬੇਸੀ - ਕੁਝ ਨਹੀਂ।

ਹੋਲਿਸਟਰ- ਕਿਉਂ ?

ਬੇਸੀ- ਕਿਉਂਕਿ ਮੈਂ ਜਾਣਦੀ ਹਾਂ ਕਿ ਬਿੱਲੀ ਕੀ ਕਹੇਗੀ, ਉਹ ਕਹੇਗੀ ਕਿ ਇਹ ਤਾਂ ਉਸਦਾ ਸੁਭਾਅ ਹੈ। ਉਹ ਇਸ ਵਿੱਚ ਕੁਝ ਨਹੀਂ ਕਰ ਸਕਦੀ, ਉਹਨੇ ਆਪਣਾ ਸੁਭਾਅ ਨਹੀਂ ਬਣਾਇਆ ਹੈ, ਮੈਂ ਬਣਾਇਆ ਹੈ। ਇਸ ਲਈ ਉਸਨੇ ਜੋ ਕੀਤਾ ਹੈ ਉਸ ਲਈ ਮੈਂ ਜਿੰਮੇਵਾਰ ਹਾਂ- ਉਹ ਨਹੀਂ। ਮੈਂ ਇਸਦਾ ਜੁਆਬ ਨਹੀਂ ਦੇ ਸਕਦੀ, ਮਿ. ਹੋਲਿਸਟਰ।

ਹੋਲਿਸਟਰ- ਫਰੈਂਕੇਸਟਾਈਨ ਅਤੇ ਉਸਦੇ ਦੈਂਤ ਨਾਲ਼ ਵੀ ਇਹ ਹੀ ਮਾਮਲਾ ਹੈ।

ਬੇਸੀ- ਉਹ ਕੀ ਹੈ ?

ਹੋਲਿਸਟਰ-ਫਰੈਂਕੇਸਟਾਈਨ ਨੇ ਥੋੜਾ ਮਾਸ, ਹੱਡੀ ਅਤੇ ਲਹੂ ਲਿਆ ਅਤੇ ਉਸ ਤੋਂ ਇੱਕ ਆਦਮੀ ਬਣਾ ਦਿੱਤਾ, ਉਹ ਆਦਮੀ ਭੱਜ ਗਿਆ ਅਤੇ ਹਰ ਥਾਂ ਬਲਾਤਕਾਰ, ਡਕੈਤੀ ਅਤੇ ਕਤਲ ਕਰਦਾ ਘੁੰਮਣ ਲੱਗਿਆ। ਫਰੈਂਕੇਸਟਾਈਨ ਡਰ ਗਿਆ ਤੇ ਉਸਨੇ ਨਿਰਾਸ਼ਾ ਵਿਚ ਕਿਹਾ, ਮੈਂ ਉਸਨੂੰ ਬਣਾਇਆ, ਬਿਨਾਂ ਉਸਦੀ ਮਰਜੀ ਤੋਂ, ਅਤੇ ਇਸ ਤਰ੍ਹਾਂ ਉਹ ਜੋ ਵੀ ਜੁਰਮ ਕਰਦਾ ਹੈ ਉਸਦਾ ਜਿੰਮੇਵਾਰ ਮੈਂ ਹਾਂ। ਮੁਜਰਮ ਮੈਂ ਹਾਂ, ਉਹ ਬੇਕਸੂਰ ਹੈ।

ਬੇਸੀ- ਨਿਸ਼ਚਿਤ ਰੂਪ ਨਾਲ਼ ਉਹ ਸਹੀ ਸੀ।

ਹੋਲਿਸਟਰ-ਮੇਰਾ ਨਤੀਜਾ ਵੀ ਇਹ ਹੀ ਹੈ। ਇਹੀ ਗੱਲ ਈਸ਼ਵਰ ਅਤੇ ਮਨੁੱਖ ਲਈ ਅਤੇ ਤੇਰੇ ਤੇ ਬਿੱਲੀ ਲਈ ਵੀ ਸਹੀ ਹੈ।

ਬੇਸੀ- ਅਜਿਹਾ ਕਿਵੇਂ ?

ਹੋਲਿਸਟਰ-ਈਸ਼ਵਰ ਨੇ ਮਨੁੱਖ ਨੂੰ ਬਿਨਾਂ ਉਸਦੀ ਸਹਿਮਤੀ ਦੇ ਬਣਾਇਆ ਅਤੇ ਉਸਦਾ ਸਭਾਅ ਵੀ ਬਣਾਇਆ, ਉਸਨੂੰ ਫ਼ਰਿਸ਼ਤਿਆਂ ਵਰਗਾ ਬਣਾਉਣ ਦੀ ਬਜਾਏ ਦੁਸ਼ਟ ਬਣਾਇਆ ਅਤੇ ਫਿਰ ਕਿਹਾ,"ਫ਼ਰਿਸ਼ਤਿਆਂ ਵਰਗਾ ਬਣ ਨਹੀਂ ਤਾਂ ਮੈਂ ਤੈਨੂੰ ਸਜ਼ਾ ਦੇਵਾਂਗਾ ਅਤੇ ਤਬਾਹ ਕਰ ਦੇਵਾਂਗਾ।" ਪਰ ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ, ਭਾਵੇਂ ਜੋ ਹੋਵੇ, ਆਦਮੀ ਜੋ ਵੀ ਕਰਦਾ ਹੈ, ਉਸਦਾ ਜਿੰਮੇਵਾਰ ਈਸ਼ਵਰ ਹੁੰਦਾ ਹੈ। ਸਿਰਫ਼ ਇੱਕ ਹੀ ਦੋਸ਼ੀ ਹੈ ਅਤੇ ਉਹ ਮਨੁੱਖ ਨਹੀਂ ਹੈ।

ਅੰਮਾ- ਇਹ ਭਿਆਨਕ ਹੈ! ਇਹ ਦੁਸ਼ਟਤਾਪੂਰਨ, ਈਸ਼ਵਰ ਦੀ ਅਲੋਚਨਾ, ਅਧਾਰਮਿਕ ਅਤੇ ਭਿਆਨਕ ਹੈ।

ਬੇਸੀ- ਹਾਂ ਅੰਮਾ, ਪਰ ਇਹ ਸੱਚ ਹੈ। ਮੈਂ ਤਾਂ ਬਿੱਲੀ ਬਣਾਉਣ ਨਹੀਂ ਜਾ ਰਹੀ। ਜੇ ਮੈਂ ਇੱਕ ਚੰਗੀ ਬਿੱਲੀ ਨਹੀਂ ਬਣਾ ਸਕਦੀ ਤਾਂ ਨਹੀਂ ਬਣਾਵਾਂਗੀ।

ਅਧਿਆਏ-3

ਅੰਮਾ, ਜੇਕਰ ਜੋਂਸ ਨਾਮ ਦਾ ਕੋਈ ਆਦਮੀ ਸਮਿਥ ਨਾਮ ਦੇ ਕਿਸੇ ਆਦਮੀ ਨੂੰ ਸਿਰਫ਼ ਮਨੋਰੰਜਨ ਲਈ ਮਾਰ ਦਿੰਦਾ ਹੈ, ਤਾਂ ਉਹ ਹੱਤਿਆ ਹੋਵੇਗੀ, ਹੈ ਨਾ, ਅਤੇ ਜੋਂਸ ਹੱਤਿਆਰਾ ਹੋਵੇਗਾ?

ਹਾਂ, ਮੇਰੀ ਬੱਚੀ।

ਅਤੇ ਇਸ ਲਈ ਜੋਂਸ ਸਜ਼ਾ ਦੇ ਕਾਬਿਲ ਹੈ?

ਹਾਂ, ਮੇਰੀ ਬੱਚੀ।

ਕਿਉਂ, ਅੰਮਾ?

ਕਿਉਂ? ਕਿਉਂਕਿ ਦੱਸ ਹੁਕਮਾਂ ਵਿਚ ਈਸ਼ਵਰ ਨੇ ਮਨੁੱਖ ਦੀ ਹੱਤਿਆ ਦੀ ਮਨਾਹੀ ਕੀਤੀ ਹੈ, ਅਤੇ ਇਸ ਲਈ ਜੋ ਕੋਈ ਵੀ ਕਿਸੇ ਵਿਅਕਤੀ ਨੂੰ ਮਾਰਦਾ ਹੈ, ਉਹ ਜੁਰਮ ਕਰਦਾ ਹੈ ਅਤੇ ਉਸਨੂੰ ਇਸਦਾ ਫ਼ਲ ਭੁਗਤਣਾ ਹੋਵੇਗਾ।

ਪਰ ਅੰਮਾ, ਮੰਨ ਲਓ ਕਿ ਜਨਮ ਤੋਂ ਹੀ ਜੋਂਸ ਦਾ ਅਜਿਹਾ ਹਿੰਸਕ ਸੁਭਾਅ ਹੈ ਅਤੇ ਉਹ ਉਸਨੂੰ ਕਾਬੂ ਨਹੀਂ ਕਰ ਸਕਦਾ, ਤਾਂ?

ਉਸਨੂੰ ਆਪਣੇ ਆਪ ਨੂੰ ਕਾਬੂ ਕਰਨਾ ਹੋਵੇਗਾ? ਈਸ਼ਵਰ ਨੂੰ ਇਸਦੀ ਲੋੜ ਹੈ।

ਪਰ ਉਸਨੇ ਆਪਣਾ ਸੁਭਾਅ ਨਹੀਂ ਬਣਾਇਆ, ਅੰਮਾ, ਉਹ ਉਸ ਤਰ੍ਹਾਂ ਦੇ ਸੁਭਾਅ ਨਾਲ਼ ਹੀ ਜੰਮਿਆ ਹੈ, ਜਿਵੇਂ ਖਰਗੋਸ਼ ਅਤੇ ਸ਼ੇਰ, ਅਤੇ ਇਸੇ ਲਈ, ਉਹ ਕਿਵੇਂ ਜਿੰਮੇਵਾਰ ਹੋਇਆ?

ਕਿਉਂਕਿ ਈਸ਼ਵਰ ਕਹਿੰਦਾ ਹੈ ਕਿ ਉਹ ਜਿੰਮੇਵਾਰ ਹੈ, ਅਤੇ ਉਸਨੂੰ ਆਪਣੇ ਸੁਭਾਅ 'ਤੇ ਕਾਬੂ ਕਰਨਾ ਪਵੇਗਾ।

ਪਰ ਉਹ ਨਹੀਂ ਕਰ ਸਕਦਾ, ਅੰਮਾ, ਅਤੇ ਇਸ ਲਈ ਤੁਹਾਨੂੰ ਨਹੀਂ ਲੱਗਦਾ ਕਿ ਹੱਤਿਆ ਈਸ਼ਵਰ ਕਰ ਰਿਹਾ ਹੈ ਅਤੇ ਜਿੰਮੇਵਾਰ ਵੀ ਉਹ ਹੈ, ਕਿਉਂਕਿ ਉਸੇ ਨੇ ਤਾਂ ਜੋਂਸ ਨੂੰ ਉਹ ਸੁਭਾਅ ਦਿੱਤਾ ਜਿਸ 'ਤੇ ਉਹ ਕਾਬੂ ਨਹੀਂ ਕਰ ਸਕਦਾ?

ਸ਼ਾਂਤੀ, ਮੇਰੀ ਬੱਚੀ! ਉਸਨੂੰ ਕਾਬੂ ਕਰਨਾ ਹੀ ਪਵੇਗਾ, ਕਿਉਂਕਿ ਈਸ਼ਵਰ ਨੂੰ ਇਸਦੀ ਜਰੂਰਤ ਹੈ ਅਤੇ ਇੱਥੇ ਹੀ ਗੱਲ ਖ਼ਤਮ ਹੋ ਜਾਂਦੀ ਹੈ। ਇਹ ਗੱਲ ਨੂੰ ਖ਼ਤਮ ਕਰ ਦਿੰਦਾ ਹੈ, ਅਤੇ ਇਸਦੇ ਅੱਗੇ ਬਹਿਸ ਦੀ ਕੋਈ ਗੁੰਜਾਇਸ ਨਹੀਂ ਹੈ।

(ਚਿੰਤਨਸ਼ੀਲ ਵਿਰਾਮ ਤੋਂ ਬਾਅਦ) ਮੈਨੂੰ ਨਹੀਂ ਲੱਗਦਾ ਕਿ ਇਸ ਨਾਲ਼ ਗੱਲ ਖ਼ਤਮ ਹੋ ਜਾਂਦੀ ਹੈ। ਅੰਮਾ, ਹੱਤਿਆ ਹੱਤਿਆ ਹੈ, ਹੈ ਨਾ? ਅਤੇ ਜੋ ਵੀ ਇਸਨੂੰ ਕਰਦਾ ਹੈ, ਉਹ ਹੱਤਿਆਰਾ ਹੈ। ਇਹ ਇੱਕ ਸਿੱਧੀ, ਸਰਲ ਸੱਚਾਈ ਹੈ, ਹੈ ਨਾ?

(ਸ਼ੱਕ ਨਾਲ) ਹੁਣ ਤੂੰ ਕੀ ਨਤੀਜਾ ਕੱਢ ਰਹੀ ਏਂ, ਮੇਰੀ ਬੱਚੀ?

ਅੰਮਾ, ਜਦ ਈਸ਼ਵਰ ਨੇ ਜੋਂਸ ਨੂੰ ਤਿਆਰ ਕੀਤਾ ਤਾਂ ਉਹ ਉਸਨੂੰ ਇਕ ਖਰਗੋਸ਼ ਦਾ ਸੁਭਾਅ ਵੀ ਦੇ ਸਕਦਾ ਸੀ, ਜੇ ਉਹ ਚਾਹੁੰਦਾ, ਨਹੀਂ?

ਹਾਂ।

ਫਿਰ ਜੋਂਸ ਕਿਸੇ ਨੂੰ ਨਾ ਮਾਰਦਾ ਅਤੇ ਉਸਨੂੰ ਫ਼ਾਸੀ ਨਾ ਚੜ੍ਹਨਾ ਪੈਂਦਾ?

ਸੱਚ ਹੈ।

ਪਰ ਉਸਨੇ ਜੋਂਸ ਨੂੰ ਅਜਿਹਾ ਸੁਭਾਅ ਦੇਣਾ ਚੁਣਿਆ ਜੋ ਉਸਨੂੰ ਸਮਿੱਥ ਨੂੰ ਮਾਰਨ ਤੇ ਮਜ਼ਬੂਰ ਕਰ ਦੇਵੇਗਾ। ਕਿਉਂ, ਫਿਰ, ਉਹ ਜਿੰਮੇਵਾਰ ਨਹੀਂ ਹੈ?

ਕਿਉਂਕਿ ਉਸਨੇ ਜੋਂਸ ਨੂੰ ਇੱਕ ਬਾਈਬਲ ਵੀ ਦਿੱਤੀ। ਬਾਈਬਲ ਜੋਂਸ ਨੂੰ ਹੱਤਿਆ ਨਾ ਕਰਨ ਦੀ ਲੋੜੀਂਦੀ ਚੇਤਾਵਨੀ ਦਿੰਦੀ ਹੈ। ਇਸ ਲਈ ਜੋਂਸ ਜੇਕਰ ਅਜਿਹਾ ਕਰਦਾ ਹੈ ਤਾਂ ਇਸਦੇ ਲਈ ਸਿਰਫ਼ ਉਹੀ ਜਿੰਮੇਵਾਰ ਹੈ।

(ਇੱਕ ਹੋਰ ਵਿਰਾਮ) ਅੰਮਾ, ਕੀ ਈਸ਼ਵਰ ਨੇ ਮੱਖੀ ਨੂੰ ਬਣਾਇਆ?

ਨਿਸ਼ਚਿਤ ਰੂਪ ਨਾਲ਼, ਮੇਰੀ ਪਿਆਰੀ।

ਕਿਸ ਲਈ? ਕਿਸੇ ਮਹਾਨ ਅਤੇ ਚੰਗੇ ਉਦੇਸ਼ ਲਈ, ਅੰਮਾ?

ਅਸੀਂ ਨਹੀਂ ਜਾਣਦੇ ਮੇਰੀ ਬੱਚੀ। ਅਸੀਂ ਬੱਸ ਏਨਾ ਜਾਣਦੇ ਹਾਂ ਕਿ ਉਹ ਹਰ ਚੀਜ਼ ਕਿਸੇ ਮਹਾਨ ਅਤੇ ਚੰਗੇ ਉਦੇਸ਼ ਲਈ ਬਣਾਉਂਦਾ ਹੈ। ਪਰ ਇਹ ਤਿੰਨ ਸਾਲ ਤੋਂ ਥੋੜ੍ਹੀ ਜਿਹੀ ਵੱਡੀ, ਪਿਆਰੀ ਨੰਨ੍ਹੀ ਬੇਸੀ ਲਈ ਬਹੁਤ ਹੀ ਵੱਡਾ ਵਿਸ਼ਾ ਹੈ।

ਸ਼ਾਇਦ ਅੰਮਾ, ਪਰ ਇਸ ਵਿਚ ਮੈਨੂੰ ਬੜੀ ਦਿਲਚਸਪੀ ਹੈ। ਮੈਂ ਸਭ ਤੋਂ ਨਵੀਂ ਵਾਲ਼ੀ ਵਿਗਿਆਨ ਦੀ ਕਿਤਾਬ ਵਿੱਚ ਮੱਖੀਆਂ ਬਾਰੇ ਪੜ੍ਹ ਰਹੀ ਸੀ। ਉਸਨੂੰ "ਧਰਤੀ ਤੇ ਰਹਿਣ ਵਾਲ਼ੇ ਜੀਵਾਂ ਵਿੱਚ ਸਭ ਤੋਂ ਖ਼ਤਰਨਾਕ ਅਤੇ ਹੱਤਿਆਰਾ ਜੀਵ ਦੱਸਿਆ ਗਿਆ ਹੈ ਜੋ ਹਰ ਸਾਲ ਇਸਤਰੀਆਂ, ਪੁਰਸ਼ਾਂ ਅਤੇ ਬੱਚਿਆਂ ਵਿੱਚ ਜਾਨਲੇਵਾ ਰੋਗ ਫੈਲਾ ਕੇ ਹਜ਼ਾਰਾਂ ਦੀ ਸੰਖਿਆ ਵਿੱਚ ਉਨ੍ਹਾਂ ਦੀ ਜਾਨ ਲੈਂਦੀ ਹੈ।" ਜ਼ਰਾ ਸੋਚੋ ਅੰਮਾ, ਸਾਰਿਆਂ ਜੀਵਾਂ ਵਿਚੋਂ ਸਭ ਤੋਂ ਜ਼ਿਆਦਾ ਖਤਰਨਾਕ! ਹਰ ਤਰ੍ਹਾਂ ਨਾਲ਼ ਉਹ ਈਸ਼ਵਰ ਦੁਆਰਾ ਬਣਾਏ ਗਏ ਜੀਵਾਂ ਵਿਚੋਂ ਸਭ ਤੋਂ ਵੱਡਾ ਹੱਤਿਆਰਾ ਹੈ। ਇਸ ਕਿਤਾਬ ਵਿੱਚ ਵੇਖੋ ਕੀ ਲਿਖਿਆ ਹੈ—

ਮੱਖੀ ਕਿਸੇ ਵੀ ਤਰ੍ਹਾਂ ਦੀ ਗੰਦਗੀ ਦੀ ਬਦਬੂ ਪ੍ਰਤੀ ਅਤਿਸੰਵੇਦਸ਼ੀਲ ਹੁੰਦੀ ਹੈ। ਜਦ ਵੀ ਅਜਿਹੀ ਕੋਈ ਗੰਦਗੀ ਸੌ ਗਜ਼ ਦੇ ਦਾਇਰੇ ਵਿੱਚ ਹੁੰਦੀ ਹੈ ਤਾਂ ਉਹ ਜਾਂਦੀ ਹੈ ਅਤੇ ਆਪਣਾ ਮੂੰਹ ਅਤੇ ਆਪਣੇ ਛੇ ਪੈਰਾਂ ਦੇ ਚਿਪਚਿਪੇ ਵਾਲਾਂ ਨੂੰ ਉਸ ਵਿੱਚ ਲਪੇਟ ਲੈਂਦੀ ਹੈ। ਇੱਕ ਜਾਂ ਦੋ ਸੈਕਿੰਡ ਹੀ ਰੋਗ ਦੇ ਇਨ੍ਹਾਂ ਕੀਟਾਣੂਆਂ ਨੂੰ ਹਜ਼ਾਰਾਂ ਦੀ ਸੰਖਿਆ ਵਿੱਚ ਇਕੱਠਾ ਕਰਨ ਲਈ ਕਾਫ਼ੀ ਹੁੰਦੇ ਹਨ, ਅਤੇ ਫਿਰ ਮੱਖੀ ਸਭ ਤੋਂ ਨੇੜਲੀ ਰਸੋਈ ਜਾਂ ਭੋਜਨ ਦੇ ਕਮਰੇ ਵਿੱਚ ਜਾਂਦੀ ਹੈ। ਉੱਥੇ ਮੱਖੀ ਮੀਟ, ਮੱਖਣ, ਬਰੈਡ, ਕੇਕ ਅਤੇ ਜੋ ਵੀ ਉਸਨੂੰ ਮਿਲਦਾ ਹੈ ਉਸਤੇ ਰੀਂਘਦੀ ਹੈ ਅਤੇ ਦੁੱਧ ਦੇ ਮਟਕੇ ਵਿੱਚ ਵੀ ਵੜ ਜਾਂਦੀ ਹੈ, ਅਤੇ ਆਪਣੇ ਹਰ ਕਦਮ ਤੇ ਰੋਗਾਣੂਆਂ ਨੂੰ ਛੱਡਦੀ ਜਾਂਦੀ ਹੈ। ਮੱਖੀ ਜਿੰਨੀ ਭੈੜੀ ਹੈ ਓਨੀ ਹੀ ਖਤਰਨਾਕ ਵੀ।

ਇਹ ਭਿਆਨਕ ਹੈ, ਅੰਮਾ! ਇਕ ਮੱਖੀ ਜੂਨ ਅਤੇ ਜੁਲਾਈ ਦੇ 60 ਦਿਨਾਂ ਵਿਚ 52 ਅਰਬ ਬੱਚੇ ਪੈਦਾ ਕਰਦੀ ਹੈ, ਅਤੇ ਉਹ ਬੀਮਾਰਾਂ 'ਤੇ ਰੀਂਘਦੀਆ ਹਨ ਅਤੇ ਮਵਾਦ, ਬਲਗਮ ਅਤੇ ਫੋੜਿਆਂ ਤੋਂ ਨਿਕਲਣ ਵਾਲੀ ਗੰਦਗੀ ਵਿਚ ਖੇਡਦੀਆਂ ਹਨ ਅਤੇ ਹਰ ਤਰ੍ਹਾਂ ਦੇ ਰੋਗਾਣੂਆਂ ਨਾਲ਼ ਆਪਣੇ ਆਪ ਨੂੰ ਲਪੇਟ ਲੈਂਦੀਆਂ ਹਨ ; ਫਿਰ ਉਹ ਹਰ ਕਿਸੇ ਦੇ ਖਾਣੇ ਦੀ ਟੇਬਲ 'ਤੇ

ਜਾਂਦੀਆਂ ਹਨ ਅਤੇ ਇਨ੍ਹਾਂ ਰੋਗਾਣੂਆਂ ਨੂੰ ਮੱਖਣ ਅਤੇ ਦੂਜੀਆਂ ਖਾਣ ਵਾਲੀਆਂ ਚੀਜ਼ਾਂ ਤੇ ਝਾੜ ਦਿੰਦੀਆਂ ਹਨ ; ਅਤੇ ਇਸ ਘਿਣੌਣੀ ਪ੍ਰਕਿਰਿਆ ਰਾਹੀਂ ਕਈ ਤਕਲੀਫ਼ ਦੇਣ ਵਾਲੀਆਂ ਬੀਮਾਰੀਆਂ ਹੁੰਦੀਆਂ ਹਨ ਅਤੇ ਮੌਤ ਵੀ ਹੋ ਜਾਂਦੀ ਹੈ। ਅੰਮਾ ਸਿਰਫ਼ ਨਿਊਯਾਰਕ ਸ਼ਹਿਰ ਵਿੱਚ ਉਹ ਹਰ ਸਾਲ ਸੱਤ ਹਜ਼ਾਰ ਲੋਕਾਂ ਦੀ ਜਾਨ ਲੈਂਦੀਆਂ ਹਨ – ਉਹ ਲੋਕ ਜਿਨ੍ਹਾਂ ਨਾਲ਼, ਉਨ੍ਹਾਂ ਦਾ ਕੋਈ ਝਗੜਾ ਨਹੀਂ ਹੈ। ਬਿਨਾਂ ਕਾਰਨ ਦੇ ਜਾਨ ਲੈਣਾ ਹੱਤਿਆ ਹੈ– ਕੋਈ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ। ਅੰਮਾ ?

ਹਾਂ ?

ਕੀ ਮੱਖੀਆਂ ਕੋਲ਼ ਬਾਈਬਲ ਹੈ ?

ਜ਼ਾਹਿਰ ਤੌਰ ਤੇ ਨਹੀਂ ਹੈ।

ਤੁਸੀਂ ਕਿਹਾ ਸੀ ਕਿ ਇਹ ਬਾਈਬਲ ਹੈ ਜੋ ਆਦਮੀ ਨੂੰ ਜਿੰਮੇਵਾਰ ਬਣਾਉਂਦੀ ਹੈ। ਜੇਕਰ ਈਸ਼ਵਰ ਨੇ ਮੱਖੀ ਨੂੰ ਉਸ ਸੁਭਾਅ ’ਤੇ ਕਾਬੂ ਕਰਨ ਲਈ ਬਾਈਬਲ ਨਹੀਂ ਦਿੱਤੀ, ਜੋ ਸੁਭਾਅ ਆਪ ਉਸਨੇ ਬਣਾਇਆ ਹੈ, ਤਾਂ ਈਸ਼ਵਰ ਹੀ ਜਿੰਮੇਵਾਰ ਹੋਇਆ। ਉਸੇ ਨੇ ਮੱਖੀ ਨੂੰ ਇਹ ਹੱਤਿਆਰਾ ਸੁਭਾਅ ਦਿੱਤਾ ਅਤੇ ਫਿਰ ਉਸਨੂੰ ਬਾਈਬਲ ਜਾਂ ਕਿਸੇ ਹੋਰ ਰੁਕਾਵਟ ਨਾਲ਼ ਰੋਕੇ ਬਿਨਾਂ ਥੋਕ ਵਿੱਚ ਹੱਤਿਆਵਾਂ ਕਰਨ ਲਈ ਭੇਜ ਦਿੱਤਾ। ਇਸ ਤਰ੍ਹਾਂ ਈਸ਼ਵਰ ਆਪ ਜਿੰਮੇਵਾਰ ਹੈ । ਈਸ਼ਵਰ ਇੱਕ ਹੱਤਿਆਰਾ ਹੈ। ਮਿ. ਹੋਲਿਸਟਰ ਅਜਿਹਾ ਕਹਿੰਦੇ ਹਨ। ਮਿ. ਹੋਲਿਸਟਰ ਕਹਿੰਦੇ ਹਨ ਕਿ ਈਸ਼ਵਰ ਮਨੁੱਖ ਲਈ ਇੱਕ ਅਤੇ ਆਪਣੇ ਲਈ ਦੂਜਾ ਨੈਤਿਕ ਨਿਯਮ ਨਹੀਂ ਬਣਾ ਸਕਦਾ। ਉਹ ਕਹਿੰਦੇ ਹਨ ਕਿ ਇਹ ਹਾਸੋਹੀਣਾ ਹੋਵੇਗਾ।

ਚੁੱਪ ਹੋ ਜਾਓ! ਕਾਸ਼ ਉਹ ਨਰਕ ਵਿੱਚ ਹੁੰਦਾ: ਉਹ ਇੱਕ ਬੁਰਾ, ਅਤਾਰਕਿਕ, ਬੇਤੁਕਾ ਖੋਤਾ ਹੈ, ਅਤੇ ਮੈਂ ਵਾਰ ਵਾਰ ਤੈਨੂੰ ਦੱਸ ਚੁੱਕੀ ਹਾਂ ਉਸਦੀ ਜ਼ਹਰੀਲੀ ਸੰਗਤ ਤੋਂ ਦੂਰ ਰਿਹਾ ਕਰੋ।

ਅਧਿਆਏ-4

“ਅੰਮਾ, ਕੁਆਰੀ ਕੀ ਹੁੰਦੀ ਹੈ ?”

“ਇੱਕ ਅਣਵਿਆਹੀ। ”

“ਅਣਵਿਆਹੀ ਕੀ ਹੁੰਦੀ ਹੈ ?”

“ਕੋਈ ਲੜਕੀ ਜਾਂ ਔਰਤ ਜਿਸਦਾ ਵਿਆਹ ਨਾ ਹੋਇਆ ਹੋਵੇ।”

“ਜੋਨਾਸ ਚਾਚਾ ਕਹਿੰਦੇ ਹਨ ਕਿ ਕਦੀ-ਕਦੀ ਕੋਈ ਕੁਆਰੀ ਜਿਸਦਾ ਬੱਚਾ ਹੋਵੇ.......”

“ਬਕਵਾਸ! ਕਿਸੇ ਕੁਆਰੀ ਨੂੰ ਬੱਚਾ ਨਹੀਂ ਹੋ ਸਕਦਾ।”

“ਕਿਉਂ ਨਹੀਂ ਹੋ ਸਕਦਾ, ਅੰਮਾ ?”

“ਕੁਝ ਕਾਰਨ ਹਨ ਜਿਨ੍ਹਾਂ ਕਰਕੇ ਅਜਿਹਾ ਨਹੀਂ ਹੋ ਸਕਦਾ।”

“ਕਿਹੜੇ ਕਾਰਨ ਅੰਮਾ ?”

“ਸ਼ਰੀਰਕ। ਬੱਚਾ ਪੈਦਾ ਕਰਨ ਤੋਂ ਪਹਿਲਾਂ ਉਸਨੂੰ ਆਪਣਾ ਕੁਆਰਾਪਨ ਭੰਗ ਕਰਨਾ ਹੋਵੇਗਾ।”

“ਕੀ ਮਤਲਬ, ਅੰਮਾ ?”

“ਚਲੋ, ਵੇਖਦੇ ਹਾਂ। ਇਹ ਕੁਝ ਅਜਿਹਾ ਹੈ: ਕੋਈ ਯਹੂਦੀ ਈਸਾਈ ਬਨਣ ਤੋਂ ਬਾਅਦ ਯਹੂਦੀ ਨਹੀਂ ਰਹਿ ਸਕਦਾ ; ਉਹ ਇਕੱਠੇ ਹੀ ਈਸਾਈ ਅਤੇ ਯਹੂਦੀ ਦੋਨੋਂ ਨਹੀਂ ਹੋ ਸਕਦਾ। ਬਸ ਉਵੇਂ ਹੀ, ਕੋਈ ਔਰਤ ਇਕੱਠੇ ਮਾਂ ਅਤੇ ਕੁਆਰੀ ਦੋਵੇਂ ਨਹੀਂ ਹੋ ਸਕਦੀ।”

“ਕਿਉਂ ਅੰਮਾ, ਸੈਲੀ ਬੁਰਕਸ ਦਾ ਇੱਕ ਬੱਚਾ ਹੈ; ਅਤੇ ਉਹ ਕੁਆਰੀ ਹੈ।”

“ਵਾਕਈ ? ਕੌਣ ਕਹਿੰਦਾ ਹੈ ?”

“ਉਹ ਆਪ ਅਜਿਹਾ ਕਹਿੰਦੀ ਹੈ।”

“ਓਹ। ਬੇਸ਼ੱਕ ! ਕੀ ਕੋਈ ਹੋਰ ਗਵਾਹ ਹੈ ?”

“ਹਾਂ-ਇੱਕ ਸੁਪਨਾ ਆਇਆ ਸੀ। ਉਹ ਕਹਿੰਦੀ ਹੈ ਕਿ ਗਵਰਨਰ ਦਾ ਨਿੱਜੀ ਸਕੱਤਰ ਸੁਪਨੇ ਵਿਚ ਆਇਆ ਅਤੇ ਉਸਨੇ ਉਸਨੂੰ ਦੱਸਿਆ ਕਿ ਉਸਨੂੰ ਬੱਚਾ ਹੋਣ ਜਾ ਰਿਹਾ ਹੈ ; ਅਤੇ ਬਿਲਕੁਲ ਅਜਿਹਾ ਹੀ ਹੋਇਆ।”

“ਕੋਈ ਤਾਜ਼ੁਬ ਨਹੀਂ ! ਕੀ ਉਸ ਸਕੱਤਰ ਨੇ ਇਹ ਵੀ ਕਿਹਾ ਕਿ ਜੁਰਮ ਵਿੱਚ ਬਰਾਬਰ ਦਾ ਜਿੰਮੇਵਾਰ ਗਵਰਨਰ ਸੀ ?”

ਅਧਿਆਏ-5

ਬੇਸੀ-ਅੰਮਾ, ਤੂੰ ਮੈਨੂੰ ਦੱਸਿਆ ਸੀ ਨਾ ਕਿ ਕੋਈ ਸਾਬਕਾ-ਗਵਰਨਰ, ਜਿਵੇਂ ਕਿ ਮਿ. ਬਰਲਪ, ਉਹ ਹੁੰਦਾ ਹੈ ਜੋ ਗਵਰਨਰ ਰਿਹਾ ਹੋਵੇਂ : ਪਰ ਹੁਣ ਗਵਰਨਰ ਨਾ ਹੋਵੇ ?

ਅੰਮਾ– ਹਾਂ, ਪਿਆਰੀ।

ਬੇਸੀ– ਅਤੇ ਮਿ. ਵਿਲੀਅਮਜ਼ ਕਹਿੰਦੇ ਹਨ ਕਿ “ਸਾਬਕਾ” ਦਾ ਮਤਲਬ ਹਮੇਸ਼ਾ ‘ਰਿਹਾ ਹੈ’ ਹੁੰਦਾ ਹੈ, ਹੈ ਨਾ ?

ਅੰਮਾ– ਹਾਂ, ਬੱਚੀ। ਇਹ ਇੱਕ ਘਟੀਆ ਤਰੀਕਾ ਹੈ ; ਪਰ ਇਸ ਨਾਲ਼ ਮਤਲਬ ਨਿਕਲ ਜਾਂਦਾ ਹੈ।

ਬੇਸੀ(ਉਤਾਵਲੀ ਹੋ ਕੇ)-ਇਸਦਾ ਮਤਲਬ, ਅਖ਼ੀਰ ਮਿ. ਹੋਲਿਸਟਰ ਸਹੀ ਸਨ। ਉਹ ਕਹਿੰਦੇ ਹਨ ਕਿ ਕੁਆਰੀ ਮੈਰੀ ਹੁਣ ਕੁਆਰੀ ਨਹੀਂ ਹੈ। ਉਹ ਕਦੇ ਸੀ। ਉਹ ਕਹਿੰਦੇ ਹਨ–

ਅੰਮਾ– ਇਹ ਝੂਠ ਹੈ! ਉਹ, ਉਹ ਨਾਸਤਕ ਪਾਪੀ ਇੱਕ ਮਸੂਮ ਬੱਚੀ ਦੀਆਂ ਪਵਿੱਤਰ ਆਸਥਾਵਾਂ ਨੂੰ ਆਪਣੇ ਮੂਰਖਤਾਪੂਰਨ ਝੂਠਾਂ ਨਾਲ ਨਸ਼ਟ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਜੇਕਰ ਮੇਰਾ ਵੱਸ ਚਲਦਾ, ਤਾਂ ਮੈਂ—

ਬੇਸੀ— ਪਰ ਅੰਮਾ,—ਇਮਾਨਦਾਰੀ ਤੇ ਸੱਚਾਈ ਨਾਲ਼ ਦੱਸੋ– ਕੀ ਉਹ ਹੁਣ ਵੀ ਕੁਆਰੀ ਹੈ– ਇਕ ਅਸਲੀ ਕੁਆਰੀ, ਕਿਉਂ ?

ਅੰਮਾ– ਬਿਲਕੁਲ, ਉਹ ਹੈ : ਅਤੇ ਉਹ ਕੁਆਰੀ ਤੋਂ ਇਲਾਵਾ ਹੋਰ ਕੁਝ ਨਹੀਂ ਰਹੀ ਹੈ– ਉਹ, ਉਹ ਸਲਾਹੁਣਯੋਗ, ਸ਼ੁੱਧ, ਬੇਦਾਗ਼ ਅਤੇ ਸਾਫ਼ !

ਬੇਸੀ– ਅੰਮਾ, ਮਿ. ਹੋਲਿਸਟਰ ਕਿਉਂ ਕਹਿੰਦੇ ਹਨ ਕਿ ਉਹ *ਨਹੀਂ ਹੋ ਸਕਦੀ*। ਇਹੀ ਤਾਂ ਉਹ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਉਹ ਬੱਚਾ ਪੈਦਾ ਹੋਣ ਤੋਂ ਬਾਅਦ ਉਸਦੇ ਪੰਜ ਬੱਚੇ ਹੋਏ ਜੋ ਗੈਰ ਹਾਜ਼ਰ ਤਰੀਕੇ ਨਾਲ਼ ਪੈਦਾ ਹੋਇਆ ਸੀ ਜਿਸਨੇ ਕੁਝ ਨਹੀਂ ਤੋੜਿਆ ਅਤੇ ਮਿ. ਹੋਲਿਸਟਰ ਸੋਚਦੇ ਹਨ ਕਿ ਸਾਲਾਂ-ਸਾਲ ਦੌਰਾਨ ਇੰਨੇ ਬੱਚੇ ਪੈਦਾ ਕਰਨ ਨਾਲ਼ ਕਿਸੇ ਵੀ ਕੁਆਰੀ ਦਾ ਕੁਆਰਾਪਨ ਇੰਨਾ ਢਿੱਲਾ ਹੋ ਜਾਵੇਗਾ ਕਿ ਵਾਲ ਸਟਰੀਟ ਵੀ ਇਸ ਸਟਾਕ ਨੂੰ ਬੇਹੱਦ ਕਮਜ਼ੋਰ ਮੰਨੇਗਾ ਅਤੇ ਤੁਸੀਂ ਉਸਨੂੰ ਕਿਸੇ ਵੀ ਡਿਸਕਾਊਂਟ

ਤੇ ਉੱਥੇ ਨਹੀਂ ਰੱਖ ਸਕੋਗੇ ; ਕਿਉਂਕਿ ਬੋਰਡ ਕਹੇਗਾ ਕਿ ਇਹ ਤਾਂ ਵਾਈਲਡਕੈਟ ਹੈ, ਅਤੇ ਉਸਨੂੰ ਸੂਚੀਬੱਧ ਨਹੀਂ ਕਰੇਗਾ। ਉਹ ਅਜਿਹਾ ਕਹਿੰਦੇ ਹਨ। ਅਤੇ ਇਸ ਤੋਂ ਇਲਾਵਾ–

ਅੰਮਾ– ਫੌਰਨ ਨਰਸਰੀ ਜਾਓ ! ਜਾਓ !

ਅਧਿਆਏ-6

"ਅੰਮਾ, ਕੀ ਈਸਾ ਈਸ਼ਵਰ ਹੈ ?"

"ਹਾਂ ਮੇਰੀ ਬੱਚੀ।"

"ਅੰਮਾ, ਉਹ ਇਕੱਠੇ ਹੀ ਖੁਦ ਅਤੇ ਕੋਈ ਹੋਰ ਕਿਵੇਂ ਹੋ ਸਕਦੇ ਹਨ ?"

"ਮੇਰੀ ਪਿਆਰੀ, ਅਜਿਹਾ ਨਹੀਂ ਹੈ। ਉਹ ਸਿਆਮੀ ਜੌੜੇ ਬੱਚੇ ਵਾਂਗ ਹਨ—ਦੋ ਵਿਅਕਤੀ, ਇੱਕ ਦੂਜੇ ਤੋਂ ਬਾਅਦ ਪੈਦਾ ਹੋਏ ; ਪਰ ਪਦਵੀ ਵਿੱਚ ਬਰਾਬਰ, ਤਾਕਤ ਵਿੱਚ ਬਰਾਬਰ।"

"ਹੁਣ ਮੇਰੀ ਸਮਝ ਵਿੱਚ ਆਇਆ, ਅੰਮਾ ਅਤੇ ਇਹ ਇਕਦਮ ਅਸਾਨ ਹੈ। ਇੱਕ ਜੁੜਵਾ ਬੱਚੇ ਨੇ ਆਪਣੀ ਮਾਂ ਨਾਲ਼ ਸੰਭੋਗ ਕੀਤਾ ਅਤੇ ਆਪਣੇ ਆਪ ਨੂੰ ਅਤੇ ਆਪਣੇ ਭਰਾ ਨੂੰ ਪੈਦਾ ਕੀਤਾ, ਇਸਤੋਂ ਬਾਅਦ ਉਸਨੇ ਆਪਣੀ ਦਾਦੀ ਨਾਲ਼ ਸੰਭੋਗ ਕੀਤਾ ਅਤੇ ਆਪਣੀ ਮਾਂ ਨੂੰ ਪੈਦਾ ਕੀਤਾ। ਮੇਰੇ ਖਿਆਲ ਨਾਲ਼ ਇਹ ਮੁਸ਼ਕਲ ਰਿਹਾ ਹੋਵੇਗਾ ; ਅੰਮਾ, ਪਰ ਦਿਲਚਸਪ ਵੀ। ਉਹ, ਕਿੰਨਾ ਮੁਸ਼ਕਿਲ। ਮੇਰੇ ਵਿਚਾਰ ਨਾਲ ਸਹਿ–ਅਪਰਾਧੀ..."

"ਈਸ਼ਵਰ ਦੇ ਮਾਮਲੇ ਵਿੱਚ ਸਭ ਕੁਝ ਸੰਭਵ ਹੈ, ਮੇਰੀ ਬੱਚੀ।"

"ਹਾਂ, ਸ਼ਾਇਦ। ਪਰ ਕਿਸੇ ਹੋਰ ਸਿਆਮੀ ਜੌੜੇ ਬੱਚੇ ਦੇ ਨਾਲ਼ ਨਹੀਂ, ਮੇਰੇ ਖਿਆਲ ਨਾਲ਼। ਤੈਨੂੰ ਤਾਂ ਨਹੀਂ ਲਗਦਾ ਨਾ ਅੰਮਾ ਕਿ ਕੋਈ ਸਾਧਾਰਨ ਸਿਆਮੀ ਜੁੜਵਾ ਬੱਚਾ ਆਪਣੀ ਮਾਂ ਨਾਲ ਸੰਭੋਗ ਕਰਕੇ ਆਪਣੇ ਆਪ ਨੂੰ ਅਤੇ ਆਪਣੇ ਭਰਾ ਨੂੰ ਪੈਦਾ ਕਰ ਸਕਦਾ ਹੈ, ਅਤੇ ਫਿਰ ਆਪਣੀ ਦਾਦੀ ਨਾਲ ਸੰਭੋਗ ਕਰਕੇ, ਆਪਣੀ ਮਾਂ ਨੂੰ ਵੀ ਪੈਦਾ ਕਰ ਸਕਦਾ ਹੈ, ਕਿਉਂ ਅੰਮਾ ?"

"ਨਿਸ਼ਚਿਤ ਤੌਰ ਤੇ ਨਹੀਂ, ਮੇਰੀ ਬੱਚੀ। ਅਤੇ ਕੋਈ ਨਹੀਂ, ਸਿਰਫ ਈਸ਼ਵਰ ਹੀ ਇਨਾਂ ਹੈਰਾਨੀਜਨਕ ਅਤੇ ਪਵਿੱਤਰ ਚਮਤਕਾਰਾਂ ਨੂੰ ਅੰਜਾਮ ਦੇ ਸਕਦਾ ਹੈ।"

"ਅਤੇ ਉਨ੍ਹਾਂ ਦਾ ਅਨੰਦ ਲੈ ਸਕਦਾ ਹੈ। ਨਿਸ਼ਚਿਤ ਰੂਪ ਨਾਲ਼ ਉਹ ਇਸਦਾ ਅਨੰਦ ਲੈਂਦਾ ਹੈ, ਨਹੀਂ ਤਾਂ ਉਹ ਇਸ ਤਰ੍ਹਾਂ ਪਰਿਵਾਰ ਵਿੱਚ ਸ਼ਿਕਾਰ ਕਰਦਾ ਨਾ ਫ਼ਿਰਦਾ, ਹੈ ਨਾ, ਅੰਮਾ ?—ਜਿਸ ਨਾਲ਼ ਪਿੰਡ ਵਿਚ ਉਨ੍ਹਾਂ ਦੀ ਇਜੱਤ ਤੇ ਵੱਟਾ ਲਗਦਾ ਹੈ ਅਤੇ ਤਰ੍ਹਾਂ–ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ। ਮਿ. ਹੋਲਿਸਟਰ ਕਹਿੰਦੇ ਹਨ ਕਿ ਉਨ੍ਹਾਂ ਦਿਨਾਂ ਵਿੱਚ ਇਹ ਹੈਰਾਨੀਜਨਕ ਤੇ ਮਹਿਮਾਪੂਰਣ ਸੀ, ਪਰ ਅੱਜ ਕਾਰਗਰ ਨਹੀਂ ਹੈ। ਉਹ ਕਹਿੰਦੇ ਹਨ ਕਿ ਜੇ ਮਾਂ ਮੈਰੀ ਅੱਜ ਸ਼ਿਕਾਗੋ ਵਿੱਚ ਹੁੰਦੀ ; ਅਤੇ ਗਰਭਵਤੀ ਹੋ ਜਾਂਦੀ ਅਤੇ ਉਹ ਅਖ਼ਬਾਰ ਵਾਲਿਆਂ ਨੂੰ ਦਸੱਦੀ ਕਿ ਈਸ਼ਵਰ ਸਹਿ–ਅਪਰਾਧੀ ਹੈ, ਤਾਂ ਉਹ ਦੱਸ ਵਿਚੋਂ ਦੋ ਨੂੰ ਵੀ ਯਕੀਨ ਨਾ ਦਵਾ ਪਾਉਂਦੀ। ਉਹ ਕਹਿੰਦੇ ਹਨ ਕਿ ਅਜਿਹੇ ਬਹੁਤ ਸਾਰੇ ਲੋਕ ਹਨ।"

"ਮੇਰੀ ਬੱਚੀ !"

"ਖੈਰ, ਉਹ ਅਜਿਹਾ ਕਹਿੰਦੇ ਹਨ।"

"ਉਹ, ਮੈਂ ਚਾਹੁੰਦੀ ਹਾਂ ਕਿ ਤੂੰ ਉਸ ਦੁਸ਼ਟ, ਪਾਪੀ ਆਦਮੀ ਤੋਂ ਦੂਰ ਰਹੇਂ।"

"ਉਹ ਦੁਸ਼ਟ ਬਨਣ ਦਾ ਇਰਾਦਾ ਨਹੀਂ ਰੱਖਦੇ, ਅੰਮਾ ਅਤੇ ਉਹ ਈਸ਼ਵਰ ਨੂੰ ਦੋਸ਼ ਨਹੀਂ ਦਿੰਦੇ। ਨਹੀਂ, ਉਹ ਈਸ਼ਵਰ ਨੂੰ ਬਿਲਕੁਲ ਦੋਸ਼ ਨਹੀਂ ਦਿੰਦੇ ; ਉਹ ਕਹਿੰਦੇ ਹਨ ਕਿ ਉਹ ਸਭ ਸਾਰੇ ਈਸ਼ਵਰ– ਅਜਿਹਾ ਹੀ ਕਰਦੇ ਹਨ। ਇਹ ਉਨ੍ਹਾਂ ਦੀ ਆਦਤ ਹੈ, ਉਹ ਹਮੇਸ਼ਾ ਤੋਂ ਹੀ ਅਜਿਹੇ ਰਹੇ ਹਨ।"

"ਕਿਹੋ ਜਿਹੇ ਰਹੇ ਹਨ, ਪਿਆਰੀ ?"

"ਕੁਆਰੀਆਂ ਦਾ ਕੁਆਰਾਪਨ ਭੰਗ ਕਰਦੇ ਫਿਰਦੇ ਹਨ। ਉਹ ਕਹਿੰਦੇ ਹਨ ਕਿ ਇਸ ਵਿਚਾਰ ਦੀ ਕਾਢ ਈਸ਼ਵਰ ਨੇ ਨਹੀਂ ਕੀਤੀ ਉਸਦੇ ਜੰਮਣ ਤੋਂ ਪਹਿਲਾ ਹੀ ਇਹ ਪੁਰਾਣਾ ਅਤੇ ਅਕਾ ਦੇਣ ਵਾਲਾ ਬਣ ਚੁੱਕਿਆ ਸੀ। ਮਿ. ਹੋਲਿਸਟਰ ਕਹਿੰਦੇ ਹਨ ਕਿ ਉਸਨੇ ਕਿਸੇ ਚੀਜ਼ ਦੀ ਕਾਢ ਨਹੀਂ ਕੀਤੀ, ਸਗੋਂ ਉਸਨੂੰ ਆਪਣੀ ਬਾਈਬਲ ਅਤੇ ਆਪਣੇ ਵਿਨਾਸ਼ ਅਤੇ ਆਪਣੀ ਨੈਤਿਕਤਾ ਅਤੇ ਆਪਣੇ ਵਿਚਾਰ ਪਹਿਲਾਂ ਦੇ ਈਸ਼ਵਰਾਂ ਤੋਂ ਮਿਲੇ, ਅਤੇ ਉਨ੍ਹਾਂ ਈਸ਼ਵਰਾਂ ਨੂੰ ਇਹ ਸਭ ਹੋਰ ਪਹਿਲਾਂ ਦੇ ਈਸ਼ਵਰਾਂ ਤੋਂ ਮਿਲਿਆ। ਉਹ ਕਹਿੰਦੇ ਹਨ ਕਿ ਹੁਣ ਤਕ ਕੋਈ ਅਜਿਹਾ ਈਸ਼ਵਰ ਨਹੀਂ ਆਇਆ ਹੈ ਜੋ ਕਿਸੇ ਕੁਆਰੀ ਦੇ ਗਰਭ ਤੋਂ ਨਾ ਜੰਮਿਆ ਹੋਵੇ। ਮਿ. ਹੋਲਿਸਟਰ ਕਹਿੰਦੇ ਹਨ ਕਿ ਜਿੱਥੇ ਈਸ਼ਵਰ ਹੈ ਉੱਥੇ ਕੋਈ ਕੁਆਰੀ ਸੁਰੱਖਿਅਤ ਨਹੀਂ ਹੈ। ਉਹ ਕਹਿੰਦੇ ਹਨ ਕਿ ਕਾਸ਼ ਉਹ ਈਸ਼ਵਰ ਹੁੰਦੇ ; ਉਹ ਕਹਿੰਦੇ ਹਨ ਕਿ ਉਹ ਕੁਆਰੇਪਨ ਨੂੰ ਇੰਨਾ ਦੁਰਲੱਭ ਬਣਾ ਦਿੰਦੇ ਕਿ–"

"ਸ਼ਾਂਤ, ਸ਼ਾਂਤ ! ਇੰਨੀ ਤੇਜ਼ੀ ਨਾਲ਼ *ਨਾ ਭੱਜ*, ਮੇਰੀ ਬੱਚੀ। ਜੇ ਤੂੰ—"

"—ਅਤੇ ਉਨ੍ਹਾਂ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਰਾਤ ਨੂੰ ਆਪਣੇ ਦਰਵਾਜੇ ਬੰਦ ਕਰ ਲਿਆ ਕਰਾਂ, ਕਿਉਂਕਿ"

"ਹਸ਼, ਹਸ਼, ਚੁੱਪ ਹੋ ਜਾ !"

"—ਕਿਉਂਕਿ, ਭਾਵੇਂ ਮੈਂ ਅਜੇ ਸਾਢੇ ਤਿੰਨ ਸਾਲ ਦੀ ਹਾਂ ਅਤੇ ਆਦਮੀਆਂ ਤੋਂ ਬਿਲਕੁਲ ਸੁਰੱਖਿਅਤ ਹਾਂ—"

"ਮੇਰੀ ਐਨ, ਆਓ ਅਤੇ ਇਸ ਬੱਚੀ ਨੂੰ ਲੈ ਜਾਓ ! ਹੁਣ ਤੂੰ ਜਾ, ਅਤੇ ਉਦੋਂ ਤੱਕ ਮੇਰੇ ਕੋਲ਼ ਨਾ ਆਵੀਂ ਜਦੋਂ ਤੱਕ ਤੈਨੂੰ ਧਰਮ ਸ਼ਾਸਤਰ ਤੋਂ ਨੀਚੇ ਦੇ ਪੱਧਰ ਦੇ ਹੋਰ ਕਿਸੇ ਘੱਟ ਭਿਆਨਕ ਵਿਸ਼ੇ ਵਿਚ ਦਿਲਚਸਪੀ ਪੈਦਾ ਨਹੀਂ ਹੁੰਦੀ।"

"ਬੇਸੀ (ਜਾਂਦੇ ਹੋਏ)– ਮਿ. ਹੋਲਿਸਟਰ ਕਹਿੰਦੇ ਹਨ ਕਿ ਅਜੇਹਾ *ਕੋਈ ਵਿਸ਼ਾ ਨਹੀਂ*"

(1908)

ਅਨੁਵਾਦ— ਵਰੁਣ

ਪਾਠਕਾਂ ਦੇ ਖਤ

■ ਸ਼ਹੀਦਾਂ ਦੀ ਸੋਚ ਨੂੰ ਘਰ-ਘਰ ਤੱਕ ਪਹੁੰਚਾਉਣਾ ਹੋਵੇਗਾ...

ਸਤਿਕਾਰਯੋਗ ਸੰਪਾਦਕ 'ਲਲਕਾਰ'

ਪ੍ਰਣਾਮ!

ਜੁਲਾਈ-ਸਤੰਬਰ ਦਾ 'ਲਲਕਾਰ' ਮੈਗਜ਼ੀਨ ਕਿਸੇ ਅਜ਼ੀਜ਼ ਮਿੱਤਰ ਦੁਆਰਾ ਪ੍ਰਾਪਤ ਹੋਇਆ। ਪੜ੍ਹਕੇ ਬਹੁਤ ਹੀ ਚੰਗਾ ਲੱਗਿਆ। ਇਸ ਲਈ ਸਭ ਤੋਂ ਪਹਿਲਾਂ ਤਾਂ ਉੱਦਮੀ ਸਾਥੀਆਂ ਦੇ ਇਸ ਸ਼ਲਾਘਾਯੋਗ ਕਦਮ ਦੀ ਸਾਰੇ ਸਾਥੀਆਂ ਤੇ ਸੰਪਾਦਕੀ ਮੰਡਲ ਨੂੰ ਮੁਬਾਰਕਬਾਦ!

ਅੱਜ ਜਦੋਂ ਸਾਡਾ ਦੇਸ਼ ਪੂੰਜੀਵਾਦੀਆਂ ਦੀਆਂ ਕੂਟਨੀਤੀਆਂ ਦਾ ਸ਼ਿਕਾਰ ਹੋ ਕੇ ਹਰ ਇੱਕ ਖੇਤਰ ਵਿੱਚ ਫਾਡੀ ਰਹਿ ਗਿਆ ਹੈ, ਲਹੂ ਪੀਣੀਆਂ ਜੋਕਾਂ ਸਾਡੇ ਦੇਸ਼ ਨੂੰ ਚਿੰਬੜੀਆਂ ਹੋਈਆਂ ਹਨ, ਦੇਸ਼ ਦੀ ਸ਼ਕਤੀ 'ਨੌਜਵਾਨ' ਦਿਸ਼ਾਹੀਣ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਧਸ ਰਹੀ ਹੈ। ਅਜਿਹੇ ਨਾਜ਼ੁਕ ਸਮੇਂ ਵਿੱਚ ਸਮੁੱਚੇ ਸਮਾਜਕ ਢਾਂਚੇ ਨੂੰ ਬਦਲਣ ਅਤੇ ਨੌਜਵਾਨਾਂ ਨੂੰ ਚੰਗੀ ਸੇਧ ਦੇਣ ਲਈ 'ਲਲਕਾਰ' ਵਧੀਆ ਉਪਰਾਲਾ ਹੈ।

ਇਸ ਅੰਕ ਵਿਚਲੇ ਸਾਰੇ ਹੀ ਲੇਖ ਉੱਚ ਪਾਏ ਦੇ ਸਨ ਜੋ ਬਹੁਤ ਵਧੀਆ ਲੱਗੇ ਖਾਸਕਰ ਅਜੈਪਾਲ ਦੀ ਰਚਨਾ 'ਫਿਲਮਾਂ ਅਤੇ ਪੋਸਟਰਾਂ ਵਿੱਚ ਭਗਤ ਸਿੰਘ', ਲਖਵਿੰਦਰ ਦੀ ਰਚਨਾ 'ਕੀ ਵੱਧ ਅਬਾਦੀ ਹੀ ਗਰੀਬੀ-ਬੇਰੁਜ਼ਗਾਰੀ ਦਾ ਕਾਰਨ ਹੈ?' ਵਿਸ਼ਵ-ਮੰਚ, ਬਹਿਸ, ਵਿਰਾਸਤ ਅਤੇ ਵਿਅੰਗ ਬੀੜਾ ਬਹੁਤ ਹੀ ਵਧੀਆ ਲਿਖਤਾਂ ਸਨ। ਮਾਂ ਪੁਸਤਕ ਬਾਰੇ ਵੀ ਵਧੀਆ ਜਾਨਣ ਤੇ ਪੜ੍ਹਨ ਨੂੰ ਮਿਲਿਆ; ਸਾਰਾ ਮੈਟਰ ਹੀ ਕਾਬਿਲ-ਏ-ਤਾਰੀਫ਼ ਸੀ। ਸਾਨੂੰ ਪੂਰਾ ਯਕੀਨ ਹੈ ਕਿ ਇਹ ਮੈਗਜ਼ੀਨ ਸਾਮਰਾਜਵਾਦੀਆਂ ਅਤੇ ਭਾਰਤ ਦੇ ਪਿੰਡੇ ਨੂੰ ਚਿੰਬੜੀਆਂ ਜੋਕਾਂ ਲਈ ਜ਼ਰੂਰ ਹੀ 'ਲਲਕਾਰ' ਦਾ ਕੰਮ ਕਰੇਗਾ, ਜਿਸ ਨੂੰ ਸੁਣਕੇ ਸਮਾਜ ਤੇ ਦੇਸ਼ ਦੇ ਦੁਸ਼ਮਣਾਂ ਨੂੰ ਹੱਥਾਂ-ਪੈਰਾਂ ਦੀਆਂ ਪੈ ਜਾਣਗੀਆਂ, ਨੌਜਵਾਨਾਂ ਨੂੰ ਭਗਤ ਸਿੰਘ ਤੇ ਸਮੁੱਚੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਸ਼ਹੀਦਾਂ ਦੀ ਸੋਚ ਨੂੰ ਘਰ-ਘਰ ਪਹੁੰਚਾਉਣਾ ਚਾਹੀਦਾ ਹੈ। ਇਹੋ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਸਾਡੀ ਭਾਰਤ ਦੇ ਸ਼ਹੀਦਾਂ ਨੂੰ!

—ਸੁਖਵਿੰਦਰ ਅਠਵਾਲ
ਮਲੇਰਕੋਟਲਾ।

■ ਜਿੰਦਾ ਲੋਕਾਂ ਨੂੰ ਲਲਕਾਰ ਦੀ ਅਵਾਜ਼ ਜ਼ਰੂਰ ਸੁਣਾਈ ਦੇਵੇਗੀ...

ਅਜੋਕੇ ਸਮੇਂ ਵਿੱਚ, ਜਦੋਂ ਹਰ ਬੰਦੇ ਨੂੰ ਆਪਣਾ ਹੀ ਢਿੱਡ ਭਰਨ ਦੀ ਪਈ ਹੋਈ ਹੈ। ਆਲ਼ੇ ਦੁਆਲ਼ੇ ਤੇ ਸਮਾਜ ਬਾਰੇ ਸੋਚਣ ਦਾ ਉਸ ਕੋਲ਼ ਨਾ ਤਾਂ ਸਮਾਂ ਹੀ ਹੈ ਅਤੇ ਨਾ ਹੀ ਦਿਮਾਗ। ਆਪਣਾ ਭਵਿੱਖ ਸੁਰੱਖਿਅਤ ਬਣਾਉਣ ਲਈ ਹਰ ਬੰਦਾ ਸਭ ਉੱਪਰ-ਥੱਲੇ, ਊਚ-ਨੀਚ ਕਰ ਰਿਹਾ ਹੈ ਤੇ ਉਸ ਕੋਲ਼ ਕੁੱਝ ਵੀ ਸਿਰਜਣਾਤਮਕ ਪੜਨ, ਲਿਖਣ, ਵੇਖਣ, ਸੁਣਨ ਦਾ ਸਮਾਂ ਹੀ ਨਹੀਂ ਹੈ (ਭਾਵੇਂ ਉਹ ਲਚਰ ਪੰਜਾਬੀ ਗੀਤ ਸ਼ੋ, ਡਾਂਸ ਪ੍ਰੋਗਰਾਮਾਂ, ਮਿਸ ਪੰਜਾਬੀ, ਕ੍ਰਿਕਟ ਆਦਿ ਵੇਖਣ ਲਈ ਹਰ ਸਮੇਂ ਤਿਆਰ ਰਹਿੰਦੇ ਹਨ)। ਕੋਝੇ ਸਭਿਆਚਾਰ ਦਾ ਬੁਖ਼ਾਰ ਲਗਭਗ ਹਰੇਕ ਬੱਚੇ, ਜਵਾਨ, ਬੁੱਢੇ ਦੇ ਦਿਮਾਗ ਨੂੰ ਚੜ੍ਹਿਆ ਹੋਇਆ ਹੈ। ਉਹ ਦਿਮਾਗੀ ਗੁਲਾਮ ਹਨ। ਇਹ ਸਭ ਕੁਝ ਹੋਣ ਦੇ ਬਾਵਜੂਦ ਲਲਕਾਰ ਦਾ ਕਦਮ ਬਹੁਤ ਛੋਟਾ ਹੁੰਦਾ ਹੋਏ ਵੀ ਬਹੁਤ ਮਹੱਤਵਪੂਰਨ ਹੈ ਅਤੇ ਬਿਹਤਰ ਭਵਿੱਖ ਦੇ ਲਈ ਇੱਕ ਉਮੀਦ ਦੀ ਕਿਰਨ ਹੈ। ਅੱਜ ਵੀ ਸਾਡੇ ਸਮਾਜ ਵਿੱਚ ਤਬਦੀਲੀ ਪਸੰਦ ਵਿਦਿਆਰਥੀ, ਨੌਜਵਾਨ ਤੇ ਹੋਰ ਬੁੱਧੀਜੀਵੀ ਜ਼ਰੂਰ ਹਨ ਜੋ ਵਾਤਾਵਰਣ ਅਤੇ ਸਮਾਜ ਪ੍ਰਤੀ ਸਰੋਕਾਰ ਰੱਖਦੇ ਹਨ ਅਤੇ ਇਸਨੂੰ ਬਦਲਣ ਦੀ ਸੋਚ ਰੱਖਦੇ ਹਨ ਪਰ ਉਹ ਅਧੂਰੀ ਜਾਣਕਾਰੀ, ਆਰਥਿਕ-ਸਮਾਜਿਕ ਸ਼ੋਸ਼ਣ, ਪਾਰਿਵਾਰਿਕ-ਸਮਾਜਿਕ ਉਲਝਣਾਂ ਦੇ ਸ਼ਿਕਾਰ ਹਨ। ਲਲਕਾਰ ਪੰਜਾਬ ਦੀ ਜਵਾਨੀ ਨੂੰ ਆਰਥਿਕ ਸਮਾਜਿਕ ਤੇ ਰਾਜਨੀਤਿਕ ਪੱਧਰ 'ਤੇ ਚੇਤੰਨ ਕਰਕੇ ਮਸ਼ਾਲ ਦੀ ਤਰਾਂ ਰਾਹ ਦਿਖਾ ਸਕਦੀ ਹੈ। ਤਾਜ਼ਾ ਘਟਨਾਵਾਂ, ਸਰਕਾਰੀ ਨੀਤੀਆਂ ਅਤੇ ਸਮਾਜਿਕ ਸਮੱਸਿਆਵਾਂ ਦਾ ਵਿਗਿਆਨਕ ਵਿਸ਼ਲੇਸ਼ਣ ਲਲਕਾਰ ਵਿੱਚ ਪੜਕੇ ਜੋ ਨਵੀਂ ਸਮਾਜਿਕ-ਸਮਝ ਬਣਦੀ ਹੈ, ਉਹ ਬਹੁਤ ਮਹੱਤਵਪੂਰਨ ਹੈ। ਜਿੰਦਾ ਲੋਕਾਂ ਨੂੰ ਲਲਕਾਰ ਦੀ ਆਵਾਜ਼ ਜ਼ਰੂਰ ਸੁਣਾਈ ਦੇਵੇਗੀ ਅਤੇ ਇਹੀ ਉਹ ਲੋਕ ਹੋਣਗੇ ਜੋ ਇਸ 'ਲਲਕਾਰ' ਨੂੰ ਅੱਗੇ ਹੋਰ ਅੱਗੇ ਅਤੇ ਜਨ-ਜਨ ਤੱਕ ਲੈ ਜਾਣਗੇ ਕਿ ਲੁੱਟ ਅਤੇ ਸ਼ੋਸ਼ਣ 'ਤੇ ਅਧਾਰਤ ਵਰਤਮਾਨ ਢਾਂਚੇ ਨੂੰ ਤਬਾਹ ਕਰਕੇ ਬਰਾਬਰੀ, ਨਿਆਂ 'ਤੇ ਅਧਾਰਤ (ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ) ਸਮਾਜ ਦਾ ਸੁਪਨਾ ਵੇਖਿਆ ਜਾ ਰਿਹਾ ਹੈ। 'ਲਲਕਾਰ' ਅਤੇ ਲਲਕਾਰ ਸੁਣਨ ਵਾਲ਼ੇ ਲੋਕ ਹੀ ਤਾਂ ਇਸਦੀ ਨੀਂਹ ਹੋਣਗੇ। ਐਸੇ ਸਮਾਜ ਦੀ ਨੀਂਹ ਜਿਸ ਵਿੱਚ ਮਨੁੱਖ ਦਿਮਾਗੀ ਗੁਲਾਮੀ ਤੋਂ ਮੁਕਤੀ ਪਾ ਲਵੇਗਾ, ਉਸਦੀ ਚੇਤਨਾ ਦਾ ਧਰਾਤਲ ਬਹੁਤ ਉੱਚਾ ਹੇਵਗਾ। ਵਿਗਿਆਨਕ ਸੋਚ ਅਤੇ ਉੱਚ ਆਦਰਸ਼ ਹੋਣਗੇ ਜਿਸ ਵਿੱਚ ਮਨੁੱਖ 'ਮਨੁੱਖ' ਦੀ ਤਰਾਂ ਰਹੇਗਾ....। ਪਿਛਲੇ ਅੰਕ ਦੇ ਸੰਪਾਦਕੀ ਲੇਖ...ਕੁੱਝ ਮਹੱਤਵ ਪੂਰਨ ਜ਼ਿੰਮੇਵਾਰੀਆਂ ਪੜ੍ਹਕੇ ਸਮਾਜਿਕ ਬਣਤਰ ਵਿਗਿਆਨਕ ਤਰੀਕੇ ਨਾਲ਼ ਸਮਝ ਆਈ। ਤਬਦੀਲੀ ਪਸੰਦ ਵਿਦਿਆਰਥੀਆਂ, ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਦੀ ਸਾਂਝ ਤੋਂ ਬਿਨਾਂ ਮੌਜੂਦਾ ਢਾਂਚੇ ਦੀ ਤਬਦੀਲੀ ਦੀ ਗੱਲ ਕਰਨਾ ਅਰਥਹੀਣ ਹੈ, ਬਹੁਤ ਹੀ ਮਹੱਤਵਪੂਰਣ ਲੱਗਾ। .....

'ਵੱਧਦੀ ਨਾ ਬਰਾਬਰੀ ਇੱਕ ਸੰਸਾਰ ਵਿਆਪੀ ਵਰਤਾਰਾ' ਪੜ੍ਹਕੇ ਭਾਰਤ ਹੀ ਨਹੀਂ ਸਗੋਂ ਸੰਸਾਰ ਪੱਧਰ 'ਤੇ ਜੋ ਸਮਾਜਿਕ ਨਾ ਬਰਾਬਰੀ ਦਾ ਰੂਪ ਸਾਹਮਣੇ ਆਉਂਦਾ ਹੈ ਕਿ ਦੁਨੀਆਂ ਭਰ ਦੇ ਮਿਹਨਤਕਸ਼ਾਂ ਦੀ ਹਾਲਤ ਇੱਕ ਹੀ ਹੈ ਅਤੇ ਸ਼ੋਸ਼ਣ, ਭ੍ਰਿਸ਼ਟਾਚਾਰ ਰਾਹੀਂ ਕੁੱਝ ਮੁੱਠੀ ਭਰ ਲੋਕਾਂ ਦਾ ਹੀ ਏਕਾਧਿਕਾਰ ਕਾਇਮ ਹੈ!

ਕਰਤਾਰ ਸਿੰਘ ਸਰਾਭਾ ਸਬੰਧੀ ਲੇਖ ਦੀਆਂ ਸਤਰਾਂ —'ਕਰਤਾਰ ਸਿੰਘ ਚਾਹੁੰਦੇ ਤਾਂ ਵਿਦੇਸ਼ ਵਿੱਚ ਹੀ ਚੰਗਾ ਧਨ ਕਮਾ ਕੇ ਐਸ਼ ਦੀ ਜ਼ਿੰਦਗੀ ਜੀ ਸਕਦੇ ਸਨ ਪਰ ਉਹ ਆਪਣੇ ਦੇਸ਼ ਦੀ ਆਜ਼ਾਦੀ 'ਤੇ ਦੇਸ਼ਵਾਸੀਆਂ ਲਈ ਦੇਸ਼ ਵਾਪਸ ਆਏ ਤੇ ਆਜ਼ਾਦੀ ਦੇ ਸੰਘਰਸ਼ ਵਿੱਚ ਹੱਸ ਕੇ

ਫਾਂਸੀ ਦਾ ਰੱਸਾ ਚੁੰਮਿਆ'—ਹਰ ਨੌਜਵਾਨ ਲਈ ਇੱਕ ਪ੍ਰੇਰਨਾ ਹਨ, ਐਸ਼ਪ੍ਰਸਤੀ 'ਚ ਪਈ ਨੌਜਵਾਨ ਪੀੜੀ ਨੂੰ ਯਾਦ ਕਰਾਉਂਦੀਆਂ ਹਨ ਕਿ ਅੱਜ ਵੀ ਸਰਾਭੇ, ਭਗਤ ਸਿੰਘ ਹੋਰਾਂ ਦੇ ਸੁਪਨਿਆਂ ਦੇ ਭਾਰਤ ਦਾ ਨਿਰਮਾਣ ਨਹੀਂ ਹੋਇਆ ਅਤੇ ਅੱਜ ਵੀ ਉਹਨਾਂ ਦਾ ਕਾਰਜ ਅਧੂਰਾ ਹੈ ਜਿਸ ਲਈ ਉਹਨਾਂ ਨੂੰ ਇੱਕ ਕੁਰਬਾਨੀ ਭਰਿਆ ਸੰਘਰਸ਼ਪੂਰਨ, ਅਨੁਸ਼ਾਸਿਤ ਤੇ ਸਾਦਾ ਜੀਵਨ ਜੀਣ ਦੀ ਲੋੜ ਹੈ। ਆਪਣੇ ਦੇਸ਼ ਦੇ ਲੋਕਾਂ ਲਈ ਜੀਣ ਅਤੇ ਮਰਨ ਦੀ ਲੋੜ ਹੈ, ਅੱਜ ਕੁਝ ਕਰਨ ਦੀ ਲੋੜ ਹੈ... ਬਾਕੀ ਲਖਵਿੰਦਰ ਦੀਆਂ ਕਵਿਤਾਵਾਂ ਬਹੁਤ ਚੰਗੀਆਂ ਲੱਗੀਆਂ...ਇਸ ਤਰ੍ਹਾਂ ਵੀ ਜੀ ਰਹੇ ਨੇ ਕੁੱਝ ਲੋਕ ਅਤੇ ਕੁੱਝ ਪੜੀਏ, ਲਿਖੀਏ, ਕਹੀਏ ਅਤੇ ਕਰੀਏ ਕੁੱਝ ਬਦਲਣ ਲਈ, ਸ਼ਲਾਘਾਯੋਗ ਸਨ।

—ਗੁਲਸ਼ਨ ਕੁਮਾਰ
ਮੰਡੀ ਗੋਬਿੰਦਗੜ੍ਹ

■ 'ਲਲਕਾਰ' ਸੁਤਿਆਂ ਨੂੰ ਜਗਾਉਂਦੀ ਰਹੇਗੀ

ਨੌਜਵਾਨ ਤਬਦੀਲੀ ਤਾਂ ਚਾਹੁੰਦੇ ਹੁੰਦੇ ਹਨ। ਉਹਨਾਂ ਵਿੱਚੋਂ ਕਈ ਤਾਂ ਇਹ ਵੀ ਜਾਣਦੇ ਹਨ ਕਿ ਉਹਨਾਂ ਦੇ ਹੱਥਾਂ ਵਿੱਚ ਕਿੰਨੀ ਤਾਕਤ ਹੈ। ਪਰ ਉਹ ਉਸ ਤਾਕਤ ਨੂੰ ਇਸਤੇਮਾਲ ਕਰਨ ਦੀ ਸ਼ੁਰੂਆਤ ਤੋਂ ਝਿਜਕਦੇ ਹਨ। ਉਹਨਾਂ ਨੂੰ ਕੁੱਝ ਨਵਾਂ ਸ਼ੁਰੂ ਕਰਨ ਤੋਂ ਪਹਿਲਾਂ ਕੋਈ ਉਦਾਹਰਨ ਜ਼ਰੂਰੀ ਚਾਹੀਦੀ ਹੁੰਦੀ ਹੈ। ਆਪ ਦੇ ਲੇਖ "ਕਿਰਤੀ ਲੋਕਾਂ ਨਾਲ਼ ਏਕਤਾ ਬਣਾਉਣ ਲਈ ਇਨਕਲਾਬੀ ਨੌਜਵਾਨਾਂ-ਵਿਦਿਆਰਥੀਆਂ ਨੂੰ ਕੁੱਝ ਠੋਸ ਕਦਮ ਚੁੱਕਣੇ ਹੋਣਗੇ" ਵਿੱਚ ਕਿਹੜੇ-ਕਿਹੜੇ ਕਦਮ ਚੁੱਕਣੇ ਹੋਣਗੇ ਤੇ "ਕਿਵੇਂ" ਬਾਰੇ ਵਿਚਾਰ ਬਹੁਤ ਖੋਹਲ ਕੇ ਪੇਸ਼ ਕੀਤੇ ਹਨ। ਜਿਵੇਂ ਅਜੋਕੇ ਨੌਜਵਾਨ ਆਪਣੀ ਤਾਕਤ ਅਜਾਈਂ ਗੁਆ ਰਹੇ ਹਨ ਉਹਨਾਂ ਦੀ ਤਾਕਤ ਨੂੰ ਸੇਧਤ ਕਰਨ ਲਈ ਇਹ ਸਰਾਹੁਣਯੋਗ ਉਪਰਾਲਾ ਹੈ। ਇਨਕਲਾਬ ਦੇ ਰਾਹ ਨੂੰ ਪਤਝੜੀ ਰਾਹ ਸਮਝਣ ਵਾਲਿਆਂ ਵਾਸਤੇ ਇਹ ਲੇਖ ਇੱਕ ਝਿੜੀ ਦਾ ਕੰਮ ਕਰੇਗਾ। ਇਨਕਲਾਬ ਦੇ ਰਾਹ ਨੂੰ ਦਮਘੋਟੂ ਮੰਨਣ ਵਾਲ਼ੇ ਖੁਦ ਹਿਰਾਵਲ ਦਸਤੇ ਬਣ ਦੂਸਰਿਆਂ ਨੂੰ ਸਾਹ ਦਵਾ ਸਕਣਗੇ।

ਸਿੱਖਿਆ ਸੰਬੰਧੀ ਲੇਖ, ਸਿਫਾਰਿਸ਼ਾਂ ਨੂੰ ਅਧਾਰ ਬਣਾ ਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਗੱਲ ਕਹਿਣ ਵਾਲਿਆਂ ਵੱਲੋਂ ਜੋ ਦੇਸ਼ ਦਾ ਭਵਿੱਖ ਤਿਆਰ ਕੀਤਾ ਜਾ ਰਿਹਾ ਹੈ, ਨੂੰ ਬੇਨਕਾਬ ਕਰ ਰਿਹਾ ਹੈ। ਆਪ ਨੇ ਦੱਸਿਆ ਹੈ ਕਿਵੇਂ ਅੱਜ ਦੀ ਸਿੱਖਿਆ 'ਤੇ ਪੂਰੀ ਤਰ੍ਹਾਂ ਪੂੰਜੀਪਤੀਆਂ ਦਾ ਕਬਜ਼ਾ ਹੈ ਉਹ ਜਿਵੇਂ ਦਾ ਚਾਹੁੰਦੇ ਹਨ ਉਵੇਂ ਦਾ ਹੀ ਦੇਸ਼ ਦਾ ਭਵਿੱਖ ਤਿਆਰ ਕਰ ਰਹੇ ਹਨ। ਭਾਵ ਕਿ ਸਿੱਖਿਆ ਦਾ ਪੱਧਰ ਹੀ ਦਿਮਾਗ ਨੂੰ ਖੁੰਢਾ ਕਰਨ ਵਾਲ਼ਾ ਬਣਾ ਦਿੱਤਾ ਗਿਆ ਹੈ। ਸਿੱਖਿਆ ਹੀ ਅਜਿਹਾ ਅਧਾਰ ਹੈ ਜਿਸ ਉੱਪਰ ਪੂਰਾ ਦੇਸ਼ ਉਸਰਿਆ ਹੁੰਦਾ ਹੈ। ਦੇਸ਼ ਦੇ ਧਨਾਢ ਆਪਣੀ ਮਨਮਰਜ਼ੀ ਨਾਲ਼ ਇਸ ਅਧਾਰ ਵਿੱਚ ਮਿਲਾਵਟ ਕਰ ਰਹੇ ਹਨ। ਅੱਜ ਗਰੀਬ ਲਈ ਨਾ ਉੱਚ ਦਰਜੇ ਦੀ ਸਿੱਖਿਆ ਹੈ ਨਾ ਕਿਸੇ ਵੀ ਦਰਜੇ ਦੀ ਨੌਕਰੀ।

"ਵਧਦੀ ਨਾ ਬਰਾਬਰੀ" ਨੂੰ ਮੁੱਖ ਰੱਖ ਕੇ ਲਿਖਿਆ ਲੇਖ ਗਰੀਬੀ ਤੇ ਅਮੀਰੀ ਦੇ ਪਾੜੇ ਵਿੱਚ ਫਸੀ ਨੌਜਵਾਨ ਪੀੜ੍ਹੀ ਨੂੰ ਖਤਮ ਕਰਨ ਦੀ ਜ਼ਰੂਰਤ 'ਤੇ ਜ਼ੋਰ ਦੇ ਰਿਹਾ ਹੈ। ਜਿਵੇਂ ਆਪਾਂ ਸਾਰੇ ਸਮੁੱਚੇ ਢਾਂਚੇ ਨੂੰ ਬਦਲਣਾ ਚਾਹੁੰਦੇ ਹਾਂ ਪਰ ਪਹਿਲਾਂ ਉਸ ਢਾਂਚੇ ਦੀ ਸਮਝ ਹੋਣੀ ਜ਼ਰੂਰੀ ਹੈ। ਆਪਣੇ ਨਾਲ਼ ਹੁੰਦੇ ਪੱਖਪਾਤ ਨੂੰ ਲੈ ਕੇ ਸਾਡੀ ਸੋਚ ਡੂੰਘੀ ਨਹੀਂ ਹੈ। ਇਸ ਪੱਖਪਾਤ ਵਾਸਤੇ ਅਸੀਂ ਕਿਸੇ ਇਨਸਾਨ ਨੂੰ ਨਹੀਂ ਸਗੋਂ ਆਪਣੀ ਕਿਸਮਤ ਨੂੰ ਕੋਸਦੇ ਹਾਂ। ਅਜਿਹੀ ਸਥਿਤੀ ਸਾਡੀ ਖੜੋਤ ਦੀ ਹੱਦ ਹੈ। ਦੇਸ਼ ਦੇ ਹਾਕਮਾਂ ਦੀਆਂ ਅਜਿਹੀਆਂ ਸਾਜ਼ਿਸ਼ਾਂ ਦੀ ਜਿੱਤ ਆਮ ਇਨਸਾਨ ਦੀਆਂ ਅੱਖਾਂ ਵਿੱਚ ਦੇਖੀ ਜਾ ਸਕਦੀ ਹੈ-ਅੱਖਾਂ ਜੋ ਉਦਾਸੀ ਦੀ ਹੱਦ ਤੱਕ ਉਦਾਸ ਹਨ। ਪੱਖਪਾਤ ਦਾ ਅਜਿਹਾ ਖੁਲਾਸਾ ਸਾਨੂੰ ਕਿਸੇ ਵੀ ਸੰਚਾਰ ਦੇ ਸਾਧਨਾਂ ਵੱਲੋਂ (ਜੋ ਪੂੰਜੀਪਤੀਆਂ ਦੇ ਕਬਜੇ ਵਿੱਚ ਹਨ) ਪ੍ਰਾਪਤ ਨਹੀਂ ਹੋਇਆ ਅਤੇ ਕੀ ਅਸੀਂ ਉਹਨਾਂ ਤੋਂ ਅਜਿਹੇ ਖੁਲਾਸੇ ਦੀ ਉਮੀਦ ਕਰ ਸਕਦੇ ਹਾਂ ? ਖੜੋਤ ਦੇ ਕਾਰਨ ਦਿਮਾਗ ਨੂੰ ਜੰਗਾਲ ਜਿਹਾ ਲੱਗਿਆ ਰਿਹਾ ਹੈ ਜਿਸ ਵਿੱਚ ਸੋਚਣ ਸ਼ਕਤੀ ਲਈ ਕੋਈ ਹਿੱਲ-ਜੁੱਲ ਨਹੀਂ ਹੋਈ। ਜਿਵੇਂ ਕਿ ਜੰਗਾਲ ਲੱਗੀ ਚੀਜ਼ ਨੂੰ ਪਹਿਲਾਂ ਸੱਟਾਂ ਮਾਰੀਆਂ ਜਾਂਦੀਆਂ ਹਨ ਫਿਰ ਤੇਲ ਦਿੱਤਾ ਜਾਂਦਾ ਹੈ। ਸੁਖਦੇਵ ਦੁਆਰਾ ਲਿਖਿਆ ਲੇਖ ਜੰਗਾਲੇ ਦਿਮਾਗ ਤੇ ਪਹਿਲੀ ਸੱਟ ਮਾਰਨ ਦਾ ਦਮ ਰੱਖਦਾ ਹੈ। ਜਿਸ ਦਿਮਾਗ ਤੇ ਸੱਟ ਵੱਜੀ ਹੈ ਉਹ ਦਿਮਾਗ ਮੇਰਾ ਹੈ।

ਅਜੇ ਪਾਲ ਵਲੋਂ ਅੰਕੜਿਆਂ ਸਮੇਤ ਲਿਖਿਆ ਲੇਖ 'ਮੈਡੀਕਲ ਕੋਰਸਾਂ ਦੀਆਂ ਫੀਸਾਂ ਵਿੱਚ ਵਾਧਾ' ਆਪਣੇ ਆਪ ਵਿੱਚ ਹੀ ਸਬੂਤ ਹੈ। ਆਪ ਨੇ ਦੱਸਿਆ ਹੈ ਕਿ ਕਿਵੇਂ ਸਰਕਾਰ ਖੁਦ ਸਿੱਖਿਆ ਨੂੰ ਦੇਸੀ ਵਿਦੇਸ਼ੀ ਪੂੰਜੀਪਤੀਆਂ ਦੇ ਹੱਥਾਂ ਦੀ ਕੱਠਪੁਤਲੀ ਬਣਾਈ ਜਾ ਰਹੀ ਹੈ। ਨਿੱਜੀਕਰਨ ਕੀ ਹੈ ? ਇਸ ਬਾਰੇ ਪਤਾ ਸੀ ਪਰ ਇਸਦੇ ਲਾਗੂ ਹੋਣ ਦੇ ਕਾਰਨ ਬਾਰੇ ਮੈਨੂੰ ਆਪ ਦਾ ਲੇਖ ਪੜ੍ਹ ਕੇ ਪਤਾ ਚਲਿਆ। ਆਪ ਨੇ ਦੱਸਿਆ ਹੈ ਕਿ ਅੱਜ ਦੇ ਦੌਰ ਵਿੱਚ ਵਿਦਿਆਰਥੀਆਂ ਦੇ ਪੜ੍ਹਾਈ ਸੰਬੰਧੀ ਸ਼ੌਂਕ ਵੱਧ ਰਹੀਆਂ ਫੀਸਾਂ ਹੇਠਾ ਪਿਸ ਕੇ ਦਮ ਤੋੜ ਰਹੇ ਹਨ। ਕਲ੍ਹ ਨੂੰ ਨੌਕਰੀ ਪਾਉਣ ਵਾਸਤੇ ਮਨ-ਮਾਰ ਕੇ ਪੜ੍ਹਾਈ ਕਰਦੇ ਹਨ। ਜਿਸ ਸਿੱਖਿਆ ਨਾਲ਼ ਸਾਡਾ ਭਵਿੱਖ ਬਣਦਾ ਹੈ ਹੁਣ ਉਸਦਾ ਹੀ ਵਪਾਰੀਕਰਨ ਹੋ ਰਿਹਾ ਹੈ।

ਅਮਰੀਕੀ ਚੋਣਾਂ ਸੰਬੰਧੀ ਲਖਵਿੰਦਰ ਦੇ ਲੇਖ ਵਿੱਚ ਉਹਨਾਂ ਨੇ ਆਪਣੇ ਆਪ ਨੂੰ ਸੁਪਰ ਪਾਵਰ ਸਮਝਣ ਵਾਲ਼ੇ ਅਮਰੀਕਾ ਦੀ ਬੜੀ ਹਾਸੋ-ਹੀਣੀ ਤਸਵੀਰ ਪੇਸ਼ ਕੀਤੀ ਹੈ। ਆਪਦਾ ਲੇਖ ਪੜ੍ਹਨ ਤੋਂ ਪਹਿਲਾਂ ਮੈਨੂੰ ਉਥੋਂ ਦੀ ਚੋਣ ਪ੍ਰਣਾਲੀ ਬਾਰੇ ਬਿਲਕੁਲ ਵੀ ਪਤਾ ਨਹੀਂ ਸੀ ਮੈਂ ਕਦੇ ਵੀ ਸੋਚਿਆ ਨਹੀਂ ਸੀ ਕਿ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਆਪਣੇ ਇਸ਼ਾਰਿਆਂ ਦੇ ਨਚਾਉਣ ਦਾ ਇਛੁੱਕ ਖੁਦ ਆਪਣੇ ਦੇਸ਼ ਦੇ ਧਨਾਢਾਂ ਦੀਆਂ ਉਗਲਾਂ ਤੇ ਨੱਚਦਾ ਹੈ ਜਿਹੜਾ ਰਾਜਨੀਤਿਕ ਉਮੀਦਵਾਰ ਜਿੰਨਾ ਵਧੀਆ ਨੱਚਿਆ ਉਸਨੂੰ ਓਨੇ ਹੀ ਫੰਡ ਰੂਪੀ ਟੁਕੜੇ ਮਿਲਦੇ ਹਨ। ਆਪ ਨੇ ਸਹੀ ਕਿਹਾ ਹੈ ਕਿ ਧਾਰਾ ਦੇ ਉਲਟ ਤੈਰਨ ਵਾਲ਼ੇ ਖੁਦ ਭਾਵੇਂ ਹਨ੍ਹੇਰੇ ਸੰਘਣੇ ਜੰਗਲਾਂ ਵਿੱਚ ਦੀਵੇ ਦੀ ਤਰ੍ਹਾਂ ਹੀ ਹਨ ਪਰ ਰੋਸ਼ਨੀ ਦੀ ਕਿਰਨ ਤਾਂ ਦੇ ਹੀ ਰਹੇ ਹਨ। ਮੈਂ ਕਹੂੰਗੀ ਅਜਿਹੀ ਜਾਗਰੂਕਤਾ ਹੀ ਉਸ ਦੀਵੇ ਵਿੱਚ ਤੇਲ ਦਾ ਕੰਮ ਕਰੇਗੀ।

ਮੈਂ ਲਖਵਿੰਦਰ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਪਹਿਲੀ ਵਾਰ 'ਦਿਸਹੱਦੇ ਤੋਂ ਅੱਗੇ ਦੀ ਦੁਨੀਆਂ' ਦੇਖੀ ਹੈ ਇਹਨਾਂ ਕਵਿਤਾਵਾਂ ਦੀਆਂ ਅੱਖਾਂ ਰਾਹੀਂ। ਇਹ ਕਵਿਤਾਵਾਂ ਜਿੰਦਾ ਹਨ-ਮਹਿਸੂਸ ਕਰਦੀਆਂ ਹਨ, ਬੋਲਦੀਆਂ ਹਨ, ਸੋਚਦੀਆਂ ਹਨ। ਤਬਦੀਲੀ ਦੀ ਖੁਸ਼ਬੋ

ਬਿਖੇਰਦੀਆਂ ਬਹੁਗਿਣਤੀ ਨਾਲ਼ ਖਲੋਣ ਦੀ ਤਾਕਤ ਰੱਖਦੀਆਂ ਹਨ। ਮੇਰਾ ਹੱਥ ਫੜ ਕੇ ਮੈਨੂੰ ਆਪਣੇ ਨਾਲ਼-ਨਾਲ਼ ਚਲਾ ਰਹੀਆਂ ਹਨ। ਇਹ ਮਹਿਜ ਕਵਿਤਾਵਾਂ ਨਹੀਂ-ਸੱਚਾਈ ਹਨ ਜੋ ਆਪ ਬੀਤੀ ਹੈ।

'ਲਲਕਾਰ' ਸੁੱਤਿਆਂ ਨੂੰ ਜਗਾਉਂਦੀ ਰਹੇਗੀ।

ਕਮਲ,
ਲੁਧਿਆਣਾ

■ ਲਲਕਾਰ-ਹਾਲਤਾਂ ਨੂੰ ਨਵੇਂ ਪੱਖ ਤੋਂ ਵੇਖਣ ਦਾ ਅਧਾਰ ਬਣੇਗਾ।

'ਲਲਕਾਰ' ਮੈਗਜ਼ੀਨ ਦਾ ਤਿਮਾਹੀ (ਜੁਲਾਈ-ਸਤੰਬਰ 07) ਅੰਕ ਪੜ੍ਹਿਆ। ਲਲਕਾਰ ਦੀ ਜਿੰਨੀ ਤਾਰੀਫ ਕੀਤੀ ਜਾਵੇ ਘੱਟ ਹੈ। ਇਹ ਨੌਜਵਾਨਾਂ, ਵਿਦਿਆਰਥੀਆਂ ਵਿੱਚ ਨਵੀਂ ਚੇਤਨਾ ਪੈਦਾ ਕਰੇਗਾ ਅਤੇ ਅੱਜ ਦੇ ਹਾਲਤਾਂ ਬਾਰੇ ਨਵੇਂ ਪੱਖ ਤੋਂ ਦੇਖਣ ਦਾ ਅਧਾਰ ਬਣੇਗਾ। ਨੌਜਵਾਨ ਤਬਕਾ ਜਿਹੜਾ ਬਹੁਗਿਣਤੀ ਵਿੱਚ ਹੈ ਉਸ ਨੂੰ ਸੋਚਣ ਉੱਤੇ ਮਜਬੂਰ ਕਰੇਗਾ। ਜੋ ਕਿ ਸਾਡੇ ਸਿਆਸਤਦਾਨਾ ਦੇ ਹੱਥ ਚੜ੍ਹਦੇ ਰਹਿੰਦੇ ਹਨ।

ਲਲਕਾਰ ਦੇ ਪਹਿਲੇ ਅੰਕ ਵਿੱਚ ਅਜੇ ਪਾਲ ਦਾ ਲੇਖ 'ਫਿਲਮਾਂ 'ਤੇ ਪੋਸਟਰਾਂ ਵਿੱਚ ਭਗਤ ਸਿੰਘ' ਬਹੁਤ ਹੀ ਵਧੀਆ ਸੀ। ਇਸ ਲੇਖ ਨੂੰ ਪੜ੍ਹਕੇ ਹਾਕਮਾਂ ਦੀ ਸਾਜ਼ਿਸ਼ ਦਾ ਪਤਾ ਲਗਦਾ ਹੈ ਕਿ ਕਿਵੇਂ ਉਹ ਮਹਾਨ ਸ਼ਹੀਦ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ। ਸਾਨੂੰ ਭਗਤ ਸਿੰਘ ਨੂੰ ਜਾਣਨ ਲਈ ਉਹਨਾਂ ਦੇ ਆਪਣੇ ਲਿਖੇ ਹੋਏ ਲੇਖ ਪੜ੍ਹਨੇ ਚਾਹੀਦੇ ਹਨ ਤਾਂ ਜੋ ਅਸੀਂ ਮਹਾਨ ਸ਼ਹੀਦ ਦੀ ਵਿਚਾਰਧਾਰਾ ਤੋਂ ਜਾਣੂ ਹੋ ਸਕੀਏ। ਫਿਲਮਾਂ ਵਿੱਚ ਹੁਣ ਤੱਕ ਉਹਨਾਂ ਦਾ ਕੇਵਲ ਦਹਿਸ਼ਤਗਰਦ ਇਨਕਲਾਬੀ ਪੱਖ ਪੇਸ਼ ਕੀਤਾ ਜਾਂਦਾ ਰਿਹਾ ਹੈ।

'ਕੀ ਵੱਧ ਅਬਾਦੀ ਹੀ ਗਰੀਬੀ-ਬੇਰੁਜ਼ਗਾਰੀ ਦਾ ਕਾਰਣ ਹੈ" ? ਲਖਵਿੰਦਰ ਦੇ ਲਿਖੇ ਇਸ ਲੇਖ ਨੇ ਅੱਖਾਂ ਖੋਲਕੇ ਰੱਖ ਦਿੱਤੀਆਂ ਅਤੇ ਦੱਸਿਆ ਕਿ ਕਿਵੇਂ ਹਾਕਮ ਜਮਾਤਾਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦਾ ਕੰਮ ਰਹੀਆਂ ਹਨ। ਲੇਖਕ ਨੇ ਮਾਲਥਸ ਦੇ ਸਿਧਾਂਤ ਨੂੰ ਸਹੀ ਤਰੀਕੇ ਨਾਲ਼ ਤੱਥਾਂ ਸਹਿਤ ਪੇਸ਼ ਕਰ ਕੇ ਉਸ ਪੂੰਜੀਵਾਦੀ ਸਿਧਾਂਤਕਾਰ ਦੀ ਪੋਲ ਖੋਲ ਕੇ ਰੱਖ ਦਿੱਤੀ।

'ਬੀਂਡਾ' ਇੱਕ ਬਹੁਤ ਹੀ ਵਧੀਆ ਵਿਅੰਗ ਲੇਖ ਸੀ। ਸੱਤਿਆਵ੍ਰਤ ਨੇ ਕਮਾਲ ਕਰ ਦਿੱਤੀ ਅਤੇ ਉਹ ਵਧਾਈ ਦਾ ਪਾਤਰ ਬਣਦਾ ਹੈ।

ਇਸ ਤਰ੍ਹਾਂ ਲਲਕਾਰ ਨੇ ਨਵੇਂ ਸਿਰੇ ਤੋਂ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਦੁਨੀਆਂ ਦੇਖਣ ਦਾ ਨਵਾਂ ਨਜ਼ਰੀਆ ਪ੍ਰਦਾਨ ਕੀਤਾ ਹੈ ਅਤੇ ਅੰਤ ਵਿੱਚ ਜੋ 'ਮਾਂ' ਨਾਵਲ ਦੀ ਜਾਣ ਪਹਿਚਾਣ ਕਰਾਈ ਗਈ ਹੈ ਉਹ ਬਹੁਤ ਹੀ ਸ਼ਲਾਘਯੋਗ ਕੰਮ ਹੈ। ਚੰਗੀਆਂ ਕਿਤਾਬਾਂ ਦੀ ਜਾਣ-ਪਹਿਚਾਣ ਕਰਾਉਣ ਨਾਲ਼ ਨੌਜਵਾਨਾਂ ਵਿੱਚ ਸਾਹਿਤ ਪੜ੍ਹਨ ਦੀ ਆਦਤ ਪਏਗੀ ਅਤੇ ਉਹਨਾਂ ਨੂੰ ਨਵੇਂ ਅਤੇ ਉਸਾਰੂ ਸਾਹਿਤ ਪੜ੍ਹਨ ਦੀ ਪ੍ਰੇਰਣਾ ਵੀ ਮਿਲੇਗੀ। ਇਸ ਲੇਖ ਨੂੰ ਪੜ੍ਹਕੇ ਮੇਰੇ ਵੀ ਇੱਕ ਦੋਸਤ ਨੇ ਮੇਰੇ ਕੋਲ਼ੋਂ 'ਮਾਂ' ਨਾਵਲ ਦੀ ਮੰਗ ਕੀਤੀ।

ਲਲਕਾਰ ਦੇ ਦੂਜੇ ਅੰਕ (ਅਕਤੂਬਰ-ਦਸੰਬਰ 2007) 'ਚ ਸੰਪਾਦਕੀ ਲੇਖ 'ਕਿਰਤੀ ਲੋਕਾਂ ਨਾਲ਼ ਏਕਤਾ ਬਣਾਉਣ ਲਈ ਇਨਕਲਾਬੀ ਨੌਜਵਾਨਾਂ-ਵਿਦਿਆਰਥੀਆਂ ਨੂੰ ਕੁਝ ਠੋਸ ਕਦਮ ਚੁੱਕਣੇ ਹੋਣਗੇ' ਬਹੁਤ ਵਧੀਆ ਸੀ। ਲੇਖਕ ਨੇ ਬਹੁਤ ਹੀ ਖੋਲ੍ਹ ਕੇ ਲੇਖ ਲਿਖਿਆ ਹੈ। ਲੇਖਕ ਨੇ ਇਤਿਹਾਸ ਦੀ ਜਾਣਕਾਰੀ ਦਿੰਦੇ ਹੋਏ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਦੇ ਕਰਨਯੋਗ ਕੰਮ ਨੂੰ ਚੰਗੀ ਤਰ੍ਹਾਂ ਦਸਿਆ ਹੈ। ਜਿਵੇਂ ਸ਼ਹੀਦੇ ਆਜ਼ਮ ਭਗਤ ਸਿੰਘ ਨੇ ਕਿਹਾ ਸੀ ਕਿ ਨੌਜਵਾਨਾਂ ਨੂੰ ਇਨਕਲਾਬ ਦਾ ਸੁਨੇਹਾ ਦੂਰ-ਦੂਰ ਤੱਕ, ਮਜ਼ਦੂਰਾਂ 'ਤੇ ਕਿਸਾਨਾਂ ਤੱਕ ਲੈ ਕੇ ਜਾਣਾ ਪਏਗਾ। ਲੇਖਕ ਨੇ ਗੱਲ ਵਿਸਥਾਰ ਨਾਲ਼ ਦੱਸਿਆ ਹੈ ਕਿ ਨੌਜਵਾਨਾਂ ਲਈ ਜਿਹੜੇ ਕੰਮ ਬਾਕੀ ਪਏ ਹਨ ਅਤੇ ਕਿਸ ਤਰ੍ਹਾਂ ਪੂਰੇ ਕਰਨੇ ਹੋਣਗੇ ਤਾਂ ਜੋ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾ ਸਕੇ।

ਸੁਖਦੇਵ ਦੇ ਲੇਖ 'ਵੱਧਦੀ ਨਾ ਬਰਾਬਰੀ' ਵਿੱਚ ਅਮੀਰ ਤੇ ਗਰੀਬ ਵਿੱਚ ਵੱਧ ਰਹੇ ਆਰਥਿਕ ਤੇ ਸਮਾਜਿਕ ਪਾੜੇ ਬਹੁਤ ਵਧੀਆ ਢੰਗ ਨਾਲ਼ ਪੇਸ਼ ਕੀਤੇ ਗਏ ਹਨ। ਲੇਖਕ ਨੇ ਦੱਸਿਆ ਕਿ ਇਹ ਕੋਈ ਅੱਜ ਦੀ ਗੱਲ ਨਹੀਂ ਬਲਕਿ ਇਹ ਤਾਂ ਜਦੋਂ ਤੋਂ ਜਮਾਤਾਂ (ਜਗੀਰਦਾਰੀ, ਗੁਲਾਮਦਾਰੀ ਯੁੱਗ ਤੋਂ ਹੀ) ਹੋਂਦ ਵਿੱਚ ਆਈਆ ਹਨ ਉਦੋਂ ਤੋਂ ਹੀ ਪੈਦਾਵਾਰ ਦੇ ਸਾਧਨਾਂ 'ਤੇ ਕਾਬਜ਼ ਲੋਕ ਆਮ ਜਨਤਾ ਦੀ ਲੁੱਟ 'ਤੇ ਪਲਦੇ ਰਹੇ ਹਨ। ਇਸ ਤਰ੍ਹਾਂ ਹਾਕਮ ਮਜ਼ਦੂਰਾਂ ਦੀ ਵਾਫਰ ਕਦਰ 'ਤੇ ਆਪਣਾ ਹੱਕ ਜਤਾਉਂਦੇ ਰਹੇ ਹਨ। ਇਸ ਤਰ੍ਹਾਂ ਸਮਾਜ ਵਿੱਚ ਨਾ ਬਰਾਬਰੀ ਦਾ ਫੈਲਣਾ ਜਾਰੀ ਰਿਹਾ ਹੈ।

ਅਜੇਪਾਲ ਜੀ ਦਾ ਲੇਖ (ਹੁਣ ਜੇ ਔਕਾਤ ਹੈ ਤਾਂ ਪੜ੍ਹ ਲਿਖ ਜਾਓ!) ਸਰਕਾਰਾਂ ਦੇ ਮਨਸੂਬਿਆਂ ਉੱਤੇ ਚੰਗੀ ਝਾਤ ਪਾਉਂਦਾ ਹੈ। ਲੇਖ ਦੱਸਦਾ ਹੈ ਕਿ ਕਿਵੇਂ ਸਰਕਾਰਾਂ ਪੂੰਜੀਪਤੀਆਂ ਦੀਆਂ ਪਿਛਲੱਗ ਬਣ ਕੇ ਸਿੱਖਿਆ ਨੂੰ ਵੀ ਆਮ ਆਦਮੀ ਤੋਂ ਦੂਰ ਕਰੀ ਜਾ ਰਹੀਆਂ ਹਨ।

ਗਦਰੀ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ 'ਤੇ ਚਾਨਣਾ ਪਾਉਣ ਵਾਲ਼ਾ ਲੇਖ ਕਾਫੀ ਪ੍ਰਭਾਵਿਤ ਕਰਨ ਵਾਲ਼ਾ ਹੈ ਕਿ ਕਿਵੇਂ ਉਹ ਮਸਾਂ 19 ਸਾਲ ਦੀ ਉਮਰ ਵਿੱਚ ਹੀ ਅੰਗਰੇਜ ਸਾਮਰਾਜ ਨਾਲ਼ ਲੋਹਾ ਲੈਂਦੇ ਹੋਏ ਫਾਂਸੀ ਚੜ੍ਹਕੇ ਸ਼ਹੀਦ ਕਰ ਦਿੱਤੇ ਗਏ। ਬਾਬਾ ਜੀ ਨੇ ਸਾਡੇ ਮਹਾਨ ਸ਼ਹੀਦ ਦੇ ਇਖਲਾਕ ਉੱਤੇ ਵਧੀਆ ਚਾਨਣਾ ਪਾਇਆ ਹੈ ਕਿ ਉਹ ਕਿੰਨੇ ਉੱਚੇ ਆਦਰਸ਼ਾਂ ਦੇ ਮਾਲਕ ਸਨ।

ਪੁਸਤਕ ਜਾਣ-ਪਛਾਣ ਵਿੱਚ ਸੁਖਪਾਲ ਨਸਰਾਲੀ ਨੇ "ਪਹਿਲਾਂ ਅਧਿਆਪਕ" ਨਾਵਲੈੱਟ ਬਾਰੇ ਚੰਗੀ ਜਾਣਕਾਰੀ ਦਿੱਤੀ ਹੈ।

ਅਤੇ ਅੰਤ ਵਿੱਚ ਲਖਵਿੰਦਰ ਦੀਆਂ ਕਵਿਤਾਵਾਂ ਬਹੁਤ ਹੀ ਵਧੀਆਂ ਹਨ। ਇਹਨਾਂ ਕਵਿਤਾਵਾਂ ਲਈ ਕਵੀ ਵਧਾਈ ਦਾ ਪਾਤਰ ਬਣਦਾ ਹੈ।

—ਪ੍ਰਦੀਪ ਐਮ. ਕੇ.
ਮਲੇਰਕੋਟਲਾ

ਕਵਿਤਾਵਾਂ

ਇਮਤਿਹਾਨ

ਇਮਤਿਹਾਨ
ਇਸ ਸ਼ਬਦ ਦੇ ਸਾਡੇ ਲਈ
ਹੁਣ ਕੋਈ ਮਾਅਨੇ ਨਹੀਂ ਰਹੇ।
ਕੀ ਪਲ-ਪਲ ਘੁੱਟੀ ਜਾਣਾ
ਇਸੇ ਭੈਅ ਵਿੱਚ
ਕਿ ਕਿਤੇ ਔਖੇ ਸਵਾਲ ਨਾ ਪੁੱਛ ਲਵੇ
ਪੇਪਰ ਸੈਟਰ
ਇਮਤਿਹਾਨ ਹੁੰਦੈ?
ਕੀ ਲੋਹੇ ਦੀਆਂ ਬੇੜੀਆਂ ਲਾਹ ਕੇ
ਸੋਨੇ ਦੀਆਂ ਪਾ ਲੈਣਾ
ਇਮਤਿਹਾਨ ਹੁੰਦੈ?
ਕੀ ਰੂਹ ਦੀ ਹਾਕ ਨੂੰ ਪੋਥੀਆਂ ਦੇ ਬੋਝ ਹੇਠਾਂ ਦਬਾ ਦੇਣਾ
ਇਮਤਿਹਾਨ ਹੁੰਦੈ?
ਨਹੀਂ
ਇਮਤਿਹਾਨ ਦੇ ਅਰਥ ਦਾਇਰ ਨੇ
ਉਨ੍ਹਾਂ ਕਾਰਖਾਨਿਆਂ ਵਿੱਚ
ਜਿੱਥੇ ਨਿੱਤ ਮਜ਼ਦੂਰ ਵਢੀਂਦੇ ਨੇ
ਪਰ ਪੁੱਛਦਾ ਨਹੀਂ ਕੋਈ ਪਾਣੀ ਉਹਨਾਂ ਨੂੰ।
ਉਨ੍ਹਾਂ ਝੁੱਗੀਆਂ ਵਿੱਚ
ਜਿੱਥੇ ਚਿੱਕੜ ਵਿੱਚ ਹੀ ਲੰਘ ਜਾਂਦੈ
ਅਣਭੋਲ ਬਚਪਨ।
ਉਨ੍ਹਾਂ ਖੇਤਾਂ ਵਿੱਚ
ਜਿੱਥੇ ਸਾਰੀ ਉਮਰ ਹਲ ਵਾਹੁੰਦੇ
ਜੱਟ ਦੇ ਹੀ ਸਿਰ 'ਤੇ ਨਿਕਲ ਆਉਂਦੇ ਨੇ
ਸਿੰਗ।
ਤੇ ਅਸੀਂ ਹਾਂ
ਕਿ "ਪੇਪਰ" ਦਿੰਦੇ ਹਾਂ।

—ਨਵਜੋਤ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਕਵਿਤਾ

ਕਵਿਤਾ ਕੋਈ ਮਨਪਰਚਾਵੇ
ਜਾਂ ਸ਼ੁਗਲ ਦੀ ਚੀਜ਼ ਨਹੀਂ ਹੁੰਦੀ
ਤੇ ਨਾ ਹੀ ਕਿਸੇ ਕਵੀ ਦਰਬਾਰ 'ਚ
ਐਵੇਂ ਠੋਕੀ ਵਾਹ-ਵਾਹ ਖੱਟਣ ਲਈ ਹੁੰਦੀ ਹੈ
ਇਹ ਟੱਕਰਣ-ਟਕਰਾਉਣ ਅਤੇ ਮਰਨ-ਮਾਰਨ ਲਈ ਵੀ ਹੁੰਦੀ ਹੈ

ਬਹੁਤ ਖਤਰਨਾਕ ਹੁੰਦਾ ਹੈ
ਕਵਿਤਾ ਦਾ
ਨਿਪੁੰਸਕ ਬਣ ਜਾਣਾ
ਤੇ ਕਿਸੇ ਕਵੀ ਦਾ
ਸਾਰੀ ਉਮਰ
ਬੱਸ ਕਵੀ ਰਹਿ ਜਾਣਾ
ਕਵਿਤਾ ਦੀ ਸਭ ਤੋਂ ਵੱਧ ਤੌਹੀਨ
ਉਦੋਂ ਹੁੰਦੀ ਹੈ
ਜਦੋਂ ਇਹ ਵਿਚਾਰੀ ਸਿਰਫ
ਕਿਤਾਬਾਂ ਛਾਪਣ ਤੇ
ਜੁਆਕ ਪਾਲਣ ਜੋਗੀ ਰਹਿ ਜਾਂਦੀ ਹੈ
ਇਹ ਫੁੱਲਾਂ ਲਈ ਹੀ ਨਹੀਂ
ਯੁੱਧ ਲਈ ਵੀ ਹੁੰਦੀ ਹੈ
ਇਹ ਤਖ਼ਤ ਲਈ ਨਹੀਂ
ਤਖ਼ਤੇ ਲਈ ਵੀ ਹੁੰਦੀ ਹੈ
ਇਹ ਸ਼ੋਹਰਤ ਦੀ ਥਾਂ
ਬਰਬਾਦ ਵੀ ਕਰ ਧਰਦੀ ਹੈ
ਕਵਿਤਾ 'ਸ਼ਿਵ' ਹੀ ਨਹੀਂ
'ਪਾਸ਼' ਵੀ ਹੁੰਦੀ ਹੈ
ਇਹ ਸ਼ਬਦਾਂ ਦੀ ਨਹੀਂ
ਅੱਗ ਦੀ ਖੇਡ ਹੈ।

—ਅਵਤਾਰ ਬਠਿੰਡਾ

ਸਭ ਤੋਂ ਜ਼ਰੂਰੀ

ਅਸੀਂ ਨਖਿੱਧ ਜਿਹੇ ਲੋਕਾਂ ਤੋਂ ਸ਼ੁਰੂ ਕੀਤਾ,
ਜ਼ਮੀਨ 'ਤੇ ਰੀਂਗਦੇ ਹੋਇਆਂ ਤੋਂ,
ਪਰ ਰੀਂਗਣ ਦੇ ਖਿਲਾਫ਼ ਉਠਦਿਆਂ ਤੋਂ।
ਸਵੇਰੇ ਉਠਦੇ, ਕੰਮਾਂ 'ਤੇ ਜਾਂਦੇ,
ਕੰਮਾਂ ਤੋਂ ਪਰਤਦੇ, ਸੌਂ ਜਾਂਦੇ।
ਪਰ ਇਸ ਸਭ 'ਚੋਂ ਥੋੜ੍ਹਾ-ਥੋੜ੍ਹਾ ਸਮਾਂ ਕੱਢਦੇ,
ਆਪਣੀ ਰੋਟੀਨੀ ਕਵਾਇਦ ਦੇ ਵਿਰੁੱਧ!

ਇੱਕ ਮੰਜ਼ਿਲ ਲਈ,
ਮੁਰਝਾਏ ਚਿਹਰਿਆਂ 'ਤੇ ਆਸ਼ਾ ਲਈ,
ਆਪੇ ਨੂੰ ਸਿੱਧ ਕਰਨ ਲਈ,
ਮੁੱਕੀਆਂ ਨਾਲ਼ ਲੈਕਚਰ ਸਟੈਂਡ ਠੋਕਦੇ ਵਿਰੋਧੀਆਂ
ਅੱਗੇ ਚੁੱਪ ਪੈਂਦੇ।

ਅਤੇ ਖੜੋਤ ਦੇ ਸਮੇਂ ਵਿੱਚ
ਸ਼ੁਰੂਆਤ ਇਥੋਂ ਹੀ ਹੋਣੀ ਸੀ।
'ਨਖਿੱਧ ਜਿਹੇ ਲੋਕ' ਗੈਰ-ਜ਼ਰੂਰੀ ਹੋ ਸਕਦੇ ਸਨ
ਪਰ! ਸ਼ੁਰੂਆਤ ਅਤਿ-ਜ਼ਰੂਰੀ ਸੀ।

—ਅਜੇ ਪਾਲ

ਇੱਕ ਅਪੀਲ

ਪਿਆਰੇ ਸਾਥੀ, ਜਿਵੇਂ ਕਿ ਤੁਸੀਂ ਜਾਣਦੇ ਹੋ, ਅਸੀਂ ਫਿਰਕੂ ਫਾਸਿਸਟਾਂ ਵਿਰੁੱਧ ਲਗਾਤਾਰ ਪ੍ਰਚਾਰ ਮੁਹਿੰਮ ਚਲਾ ਰਹੇ ਹਾਂ। ਇਨ੍ਹਾਂ ਦੀਆਂ ਬਰਬਰ ਹਰਕਤਾਂ ਅਤੇ ਨਫ਼ਰਤ ਫੈਲਾਉਣ ਵਾਲ਼ੇ ਵਿਚਾਰਾਂ ਦਾ ਪਰਦਾਫਾਸ਼ ਕਰਨ ਲਈ ਪਰਚਿਆਂ, ਨੁੱਕੜ ਸਭਾਵਾਂ, ਰੈਲੀਆਂ, ਘਰ-ਘਰ ਸੰਪਰਕ, ਨੁੱਕੜ ਨਾਟਕਾਂ ਵਰਗੇ ਮਾਧਿਅਮਾਂ ਤੋਂ ਇਲਾਵਾ ਭਗਤ ਸਿੰਘ, ਰਾਹੁਲ ਸੰਕਰਤਾਇਨ, ਰਾਧਾ ਮੋਹਨ ਗੋਕੁਲਜੀ, ਪ੍ਰੇਮਚੰਦ, ਗਣੇਸ਼ ਸ਼ੰਕਰ ਵਿਦਿਆਰਥੀ, ਬ੍ਰੈਖਤ ਆਦਿ ਸਹਿਤ ਵੱਖ-ਵੱਖ ਪ੍ਰਗਤੀਸ਼ੀਲ ਲੋਕਪੱਖੀ ਲੇਖਕਾਂ-ਕਵੀਆਂ ਦੀਆਂ ਰਚਨਾਵਾਂ ਦੀ ਵੱਡੇ ਪੈਮਾਨੇ 'ਤੇ ਵੰਡ ਵੀ ਇਸ ਮੁਹਿੰਮ ਦਾ ਹਿੱਸਾ ਹੈ। ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਮਹਾਂਨਗਰਾਂ 'ਚ ਕੀਤੇ ਗਏ ਪ੍ਰਤੀਕਾਤਮਕ ਵਿਰੋਧ ਨਾਲ਼ ਇਨ੍ਹਾਂ ਫਿਰਕੂ ਤਾਕਤਾਂ ਨੂੰ ਜ਼ਿਆਦਾ ਪਰੇਸ਼ਾਨੀ ਨਹੀਂ ਹੁੰਦੀ, ਪਰੰਤੂ ਆਮ ਲੋਕਾਂ ਵਿੱਚ ਲਗਾਤਾਰ ਜਾਰੀ ਪਰਦਾਫਾਸ਼ ਅਤੇ ਵਿਚਾਰਕ ਪ੍ਰਚਾਰ ਨਾਲ਼ ਉਹ ਬੌਖ਼ਲਾ ਉੱਠਦੇ ਹਨ।

ਪਿਛਲੇ ਕੁਝ ਦਿਨਾਂ ਤੋਂ ਸਾਨੂੰ ਇਨ੍ਹਾਂ ਤੱਤਾਂ ਨਾਲ਼ ਵਾਰ-ਵਾਰ ਜੂਝਣਾ ਪਿਆ ਹੈ ਅਤੇ ਦਿੱਲੀ ਦੇ ਕਰਾਵਲ ਨਗਰ ਖੇਤਰ ਵਿੱਚ ਸਾਡੇ ਸਾਥੀਆਂ 'ਤੇ ਕਿਸੇ ਵੀ ਸਮੇਂ ਇਹਨਾਂ ਦੇ ਘਾਤਕ ਹਮਲੇ ਦੀ ਅਸ਼ੰਕਾ ਬਣੀ ਹੋਈ ਹੈ।

ਅਸੀਂ ਤੁਹਾਨੂੰ ਪਹਿਲਾਂ ਤੋਂ ਸਾਵਧਾਨ ਕਰਨ ਅਤੇ ਇਸ ਮੁਹਿੰਮ ਵਿੱਚ ਤੁਹਾਡੇ ਸਹਿਯੋਗ ਅਤੇ ਸਮਰਥਨ ਲਈ ਇਹ ਪੱਤਰ ਲਿੱਖ ਰਹੇ ਹਾਂ।

ਪਿਛਲੇ 4 ਨਵੰਬਰ 2007 ਦੀ ਸਵੇਰ ਬਜਰੰਗ ਦਲ ਦੇ ਕਰੀਬ 35-40 ਵਿਅਕਤੀਆਂ ਨੇ ਨੌਜਵਾਨਾਂ ਦੀ ਮੈਗਜ਼ੀਨ 'ਆਹਵਾਨ' ਅਤੇ ਨੌਜਵਾਨ ਭਾਰਤ ਸਭਾ ਦੇ ਕਰਾਵਲ ਨਗਰ ਦਿੱਲੀ ਸਥਿਤ ਦਫਤਰ 'ਤੇ ਆ ਕੇ ਧਮਕੀ ਦਿੱਤੀ ਕਿ ਜੇਕਰ ਅਸੀਂ ਆਪਣਾ ਪ੍ਰਚਾਰ ਬੰਦ ਨਹੀਂ ਕੀਤਾ ਤਾਂ ਸਾਨੂੰ ਇਸਦੇ ਗੰਭੀਰ ਨਤੀਜੇ ਭੁਗਤਣੇ ਹੋਣਗੇ।

ਉਸ ਦੌਰਾਨ ਨੌਜਵਾਨ ਭਾਰਤ ਸਭਾ ਅਤੇ ਦਿਸ਼ਾ ਵਿਦਿਆਰਥੀ ਸੰਗਠਨ ਗੁਜਰਾਤ ਵਿੱਚ ਹਿੰਦੂ ਫਾਸਿਸਟਾਂ ਦੀਆਂ ਘ੍ਰਿਣਤ ਕਰਤੂਤਾਂ ਦੇ ਨਵੇਂ ਖੁਲਾਸੇ ਤੋਂ ਬਾਅਦ ਇਸ ਮੁੱਦੇ 'ਤੇ ਕੱਢੇ ਗਏ ਪਰਚੇ ਨਾਲ਼ ਵੱਖ-ਵੱਖ ਇਲਾਕਿਆਂ 'ਚ ਸਭਾਵਾਂ ਅਤੇ ਲੋਕ ਸੰਪਰਕ ਦੀ ਮੁਹਿੰਮ ਚਲਾ ਰਹੇ ਸਨ। ਇੱਕ ਹਫ਼ਤੇ ਵਿੱਚ ਕਰਾਵਲ ਨਗਰ, ਮੁਕੰਦ ਵਿਹਾਰ, ਅੰਕੁਰ ਇਨਕਲੇਵ, ਕਮਲ ਵਿਹਾਰ, ਭਜਨਪੁਰਾ, ਚਾਂਦਪੁਰਾ, ਮੁਸਤਫ਼ਾਬਾਦ ਆਦਿ ਇਲਾਕਿਆਂ 'ਚ ਨੌ. ਭਾ. ਸ. ਅਤੇ ਦਿਸ਼ਾ ਵਿਦਿਆਰਥੀ ਸੰਗਠਨ ਦੇ ਕਾਰਕੁੰਨਾਂ ਨੇ 50 ਤੋਂ ਜ਼ਿਆਦਾ ਸਭਾਵਾਂ ਕੀਤੀਆਂ ਅਤੇ ਹਜ਼ਾਰਾਂ ਪਰਚੇ ਵੰਡੇ। ਇਲਾਕੇ ਵਿੱਚ ਬਜਰੰਗ ਦਲ ਅਤੇ ਸੰਘ ਪਰਿਵਾਰ ਦੇ ਲੋਕ ਇਸ ਤੋਂ ਬੁਰੀ ਤਰ੍ਹਾਂ ਬੌਂਖਲਾਏ ਹੋਏ ਹਨ। ਦਿਸ਼ਾ ਅਤੇ ਨੌ. ਭਾ. ਸ. ਨੇ ਦਿੱਲੀ ਯੂਨੀਵਰਸਿਟੀ, ਨੋਇਡਾ, ਗਾਜ਼ੀਆਬਾਦ, ਲਖਨਊ, ਇਲਾਹਾਬਾਦ ਅਤੇ ਪੂਰਬੀ ਉੱਤਰ ਪ੍ਰਦੇਸ਼ ਵਿੱਚ ਵੀ ਇਹ ਮੁਹਿੰਮ ਜ਼ੋਰ-ਸ਼ੋਰ ਨਾਲ਼ ਚਲਾਈ।

ਪਿਛਲੇ 3-4 ਸਾਲਾਂ ਦੌਰਾਨ ਪੂਰੇ ਕਰਾਵਲ ਨਗਰ ਖੇਤਰ ਵਿੱਚ ਨੌ. ਭਾ. ਸ. ਅਤੇ ਦਿਸ਼ਾ ਦੇ ਕੰਮ ਤੋਂ ਇਨ੍ਹਾਂ ਤੱਤਾਂ ਨੇ ਪਹਿਲਾਂ ਹੀ ਖੁੰਦਕ ਖਾਧੀ ਹੋਈ ਹੈ ਅਤੇ ਪਹਿਲਾਂ ਵੀ ਕਈ ਵਾਰ ਇਹਨਾਂ ਵੱਲੋਂ ਸਾਨੂੰ ਧਮਕੀਆਂ ਮਿਲਦੀਆਂ ਰਹੀਆਂ ਹਨ। ਇਨਕਲਾਬੀ ਵਿਚਾਰਾਂ ਅਤੇ ਸਾਹਿਤ ਦੇ ਪ੍ਰਚਾਰ ਨਾਲ਼ ਅਤੇ ਅੰਧਵਿਸ਼ਵਾਸ, ਪਾਖੰਡੀ ਬਾਬਿਆਂ ਆਦਿ ਵਿਰੁੱਧ ਸਾਡੇ ਪਰਚਿਆਂ, ਨਾਟਕਾਂ ਆਦਿ ਤੋਂ ਵੀ ਇਹ ਚਿੜ੍ਹੇ ਹੋਏ ਹਨ।

ਦਫ਼ਤਰ 'ਤੇ ਧਾਵਾ ਬੋਲਣ ਵਾਲ਼ੀ ਬਜਰੰਗ ਦਲੀਆਂ ਦੀ ਭੀੜ ਨੇ ਸਾਡੇ ਕਾਰਕੁਨਾਂ ਨੂੰ ਸਿੱਧੀਆਂ ਧਮਕੀਆਂ ਦਿੱਤੀਆਂ ਕਿ ਉਹ "...ਇੱਥੇ ਵੀ ਗੁਜਰਾਤ ਬਣਾ ਦੇਵਾਂਗੇ ਅਤੇ ਤੁਹਾਡਾ ਅਹਿਸਾਨ ਜਾਫ਼ਰੀ ਤੋਂ ਵੀ ਬੁਰਾ ਹਸ਼ਰ ਕਰਾਂਗੇ।" ਉਹਨਾਂ ਨੇ ਦਫ਼ਤਰ ਨੂੰ ਜਲਾ ਦੇਣ ਅਤੇ ਬੰਬ ਨਾਲ਼ ਉਡਾ ਦੇਣ ਦੀ ਵੀ ਧਮਕੀ ਦਿੱਤੀ। ਉਹ ਖੁੱਲ੍ਹੇਆਮ ਦਾਅਵਾ ਕਰ ਰਹੇ ਸਨ ਕਿ ਸਥਾਨਕ ਭਾਜਪਾ ਵਿਧਾਇਕ ਅਤੇ ਕੌਂਸਲਰ ਪੂਰੀ ਤਰ੍ਹਾਂ ਉਹਨਾਂ ਨਾਲ਼ ਹਨ। ਇਹ ਦੋਵੇਂ ਅਖੌਤੀ ਲੋਕ-ਪ੍ਰਤੀਨਿਧੀ ਸੰਘ ਦੀ ਵਿਚਾਰਧਾਰਾ ਦੇ ਕੱਟੜ ਸਮਰਥਕ ਹਨ। ਇਸਦੇ ਇਲਾਵਾ, ਸਥਾਨਕ ਸਮੱਸਿਆਵਾਂ ਨੂੰ ਲੈ ਕੇ ਨੌ. ਭਾ. ਸ. ਵੱਲੋਂ ਚਲਾਏ ਗਏ ਕੁੱਝ ਅੰਦੋਲਨਾਂ ਦੀ ਸਫ਼ਲਤਾ ਅਤੇ ਉਨ੍ਹਾਂ ਨੂੰ ਮਿਲੇ ਲੋਕਾਂ ਦੇ ਸਮਰਥਨ ਤੋਂ ਵੀ ਉਹਨਾਂ ਦੀ ਬੌਖ਼ਲਾਹਟ ਵੱਧ ਗਈ ਹੈ।

ਸਾਨੂੰ ਪਤਾ ਲੱਗਿਆ ਹੈ ਕਿ ਇਹ ਤੱਤ 'ਆਹਵਾਨ' ਅਤੇ ਨੌ. ਭਾ. ਸ. ਦਫ਼ਤਰ 'ਤੇ ਹਮਲਾ ਕਰਨ ਦੀ ਸਾਜਿਸ਼ ਘੜ੍ਹ ਰਹੇ ਹਨ। ਸਾਰਿਆਂ ਫਾਸਿਸਟਾਂ ਦੀ ਤਰ੍ਹਾਂ, ਸੱਤਾ ਦੇ ਸਮਰਥਨ ਤੋਂ ਬਿਨਾਂ ਇਹਨਾਂ 'ਚ ਸਿੱਧੇ-ਸਿੱਧੇ ਹਮਲਾ ਕਰਨ ਦੀ ਹਿੰਮਤ ਨਹੀਂ ਹੈ, ਇਸ ਲਈ ਸਾਨੂੰ ਸ਼ੱਕ ਹੈ ਕਿ ਇਹ ਕਿਸੇ ਖਤਰਨਾਕ ਸਾਜਿਸ਼ ਵਿੱਚ ਲੱਗੇ ਹਨ। ਇਨ੍ਹਾਂ ਸਭ ਧਮਕੀਆਂ ਦੇ ਬਾਵਜੂਦ ਨੌ. ਭਾ. ਸ. ਅਤੇ ਦਿਸ਼ਾ ਇਸ ਮੁਹਿੰਮ ਨੂੰ ਜਾਰੀ ਰੱਖਣ ਲਈ ਦ੍ਰਿੜਸੰਕਲਪ ਹਨ।

ਇਸ ਤੋਂ ਪਹਿਲਾਂ 'ਜਨਚੇਤਨਾ' ਦੀਆਂ ਸਚਲ ਪੁਸਤਕ ਪ੍ਰਦਰਸ਼ਨੀਆਂ 'ਤੇ ਵੀ ਜਗ੍ਹਾ-ਜਗ੍ਹਾ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਸੰਘ ਨਾਲ਼ ਜੁੜੇ ਲੋਕ ਧਮਕੀਆਂ ਦਿੰਦੇ ਰਹੇ ਹਨ ਜਾਂ ਹੰਗਾਮਾ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਪਿਛਲੇ 11 ਅਕਤੂਬਰ ਨੂੰ ਮੇਰਠ ਵਿੱਚ ਬਜਰੰਗ ਦਲੀਆਂ ਨੇ ਪਹਿਲਾਂ ਤਾਂ ਰਾਹੁਲ ਫਾਉਂਡੇਸ਼ਨ ਦੁਆਰਾ ਪ੍ਰਕਾਸ਼ਿਤ ਰਾਧਾਮੋਹਨ ਗੋਕੁਲਜੀ ਦੀਆਂ ਕਿਤਾਬਾਂ

(ਧਰਮ ਦਾ ਢਕੋਸਲਾ, ਈਸ਼ਵਰ ਦਾ ਬਹਿਸ਼ਕਾਰ, ਲੌਕਿਕ ਮਾਰਗ, ਇਸਤਰੀਆਂ ਦੀ ਅਜ਼ਾਦੀ), ਰਾਹੁਲ ਸੰਕਰਤਾਇਨ ਦੀ 'ਤੇਰੀ ਖੈ' ਆਦਿ ਨੂੰ ਲੈ ਕੇ ਗਾਲ਼ੀ-ਗਲੌਂਜ਼ 'ਤੇ ਧਮਕੀਆਂ ਦਿੱਤੀਆਂ ਫਿਰ ਭਗਤ ਸਿੰਘ ਦੀਆਂ ਕਿਤਾਬਾਂ 'ਮੈਂ ਨਾਸਤਿਕ ਕਿਉਂ ਹਾਂ ?' ਅਤੇ 'ਜਾਤ-ਧਰਮ ਦੇ ਝਗੜੇ ਛੱਡੋ.....' ਨੂੰ ਲੈ ਕੇ ਪੁੱਠਾ-ਸਿੱਧਾ ਬੋਲਣ ਲੱਗੇ। ਸਾਡੇ ਸਾਥੀਆਂ ਨਾਲ਼ ਹੀ ਮੇਰਠ ਯੂਨੀਵਰਸਿਟੀ ਦੇ ਕੁੱਝ ਵਿਦਿਆਰਥੀਆਂ ਦੁਆਰਾ ਵੀ ਉਹਨਾਂ ਦਾ ਵਿਰੋਧ ਕਰਨ 'ਤੇ ਉਹ ਚਲੇ ਗਏ, ਪਰ ਉਹਨਾਂ ਨਾਲ਼ ਜੁੜੇ ਇੱਕ ਸਥਾਨਕ ਵਕੀਲ ਦੀ ਝੂਠੀ ਸ਼ਿਕਾਇਤ 'ਤੇ ਰਾਤ ਦੇ ਦਸ ਵਜੇ ਡੀ. ਐੱਸ. ਪੀ. ਦੀ ਅਗਵਾਈ 'ਚ ਪੁਲਿਸ ਪ੍ਰਦਰਸ਼ਨੀ ਬੰਦ ਕਰਾਉਣ ਪਹੁੰਚ ਗਈ। ਸ਼ਿਕਾਇਤ ਵਿੱਚ ਕਿਹਾ ਗਿਆ ਸੀ ਕਿ ਅਸੀਂ ਭਗਤ ਸਿੰਘ ਨੂੰ 'ਦਹਿਸ਼ਤਗਰਦ' ਐਲਾਨਣ ਵਾਲੀਆਂ ਕਿਤਾਬਾਂ ਵੇਚ ਰਹੇ ਹਾਂ। ਸ਼ਿਕਾਇਤ ਨੂੰ ਬੇਬੁਨਿਆਦ ਪਾ ਕੇ ਪੁਲਿਸ ਤਾਂ ਚਲੀ ਗਈ ਪਰ ਸਥਾਨਕ ਥਾਣਾ ਪ੍ਰਮੁੱਖ ਨੇ ਸਾਡੇ ਸਾਥੀਆਂ ਨੂੰ ਕਿਹਾ ਕਿ ਇਹ ਲੋਕ ਰਾਤ ਨੂੰ ਕੁੱਝ ਵੀ ਗੜਬੜ ਕਰ ਸਕਦੇ ਹਨ ਇਸ ਲਈ ਤੁਸੀਂ ਆਪਣਾ ਪ੍ਰਦਰਸ਼ਨੀ ਵਾਹਨ ਕਿਤੇ ਹੋਰ ਲੈ ਜਾਓ। ਇਹਨਾਂ ਹੀ ਤੱਤਾਂ ਦੀ ਗੰਢ-ਤੁੱਪ ਨਾਲ਼ ਅਗਲੇ ਦਿਨ ਦੈਨਿਕ 'ਹਿੰਦੁਸਤਾਨ' ਦੇ ਮੇਰਠ ਐਡੀਸ਼ਨ ਵਿੱਚ ਇੱਕ ਪੂਰੀ ਤਰ੍ਹਾਂ ਝੂਠੀ ਖਬਰ ਪ੍ਰਕਾਸ਼ਿਤ ਹੋਈ ਜਿਸਦੇ ਅਨੁਸਾਰ ਭਗਤ ਸਿੰਘ ਨੂੰ ਦਹਿਸ਼ਤਗਰਦ ਕਹਿਣ 'ਤੇ ਨੌਜਵਾਨਾਂ ਨੇ 'ਜਨਚੇਤਨਾ' ਦੀ ਪ੍ਰਦਰਸ਼ਨੀ 'ਤੇ ਖ਼ੂਬ ਹੰਗਾਮਾ ਕੀਤਾ।

ਇਸਦੇ ਬਾਅਦ ਵੀ ਪਿਛਲੇ ਦਿਨੀਂ ਮੁਜ਼ਫਰਨਗਰ, ਹਾਪੁੜ, ਮੁਰਾਦਾਬਾਦ ਆਦਿ ਸ਼ਹਿਰਾਂ ਵਿੱਚ 'ਜਨਚੇਤਨਾ' ਦੀ ਪ੍ਰਦਰਸ਼ਨੀ ਦੌਰਾਨ ਸੰਘ ਪਰਿਵਾਰ ਨਾਲ਼ ਜੁੜੇ ਲੋਕ ਆ ਕੇ ਵਾਰ-ਵਾਰ ਉਲਝਦੇ ਅਤੇ ਧਮਕੀਆਂ ਦਿੰਦੇ ਰਹਿੰਦੇ ਹਨ। ਇਹਨਾਂ 'ਚੋਂ ਜ਼ਿਆਦਾਤਰ ਦਾ ਕਹਿਣਾ ਸੀ ਕਿ ਅਸੀਂ ਭਗਤ ਸਿੰਘ ਦੇ ਨਾਂ ਤੇ ਝੂਠੀਆਂ ਗੱਲਾਂ ਛਾਪ ਕੇ ਲੋਕਾਂ ਨੂੰ ਭੜਕਾ ਰਹੇ ਹਾਂ। ਉਨ੍ਹਾਂ ਦੀ ਭਾਸ਼ਾ ਠੀਕ ਉਹੀ ਹੁੰਦੀ ਸੀ ਜੋ **'ਪੰਚਜਨਯ'** ਵਿੱਚ ਛਪੇ ਦਵਿੰਦਰ ਸਵਰੂਪ ਦੇ ਲੇਖ ਦੀ ਸੀ, ਜਿਸ ਵਿੱਚ ਉਹਨਾਂ ਦੇ ਰਾਹੁਲ ਫਾਉਂਡੇਸ਼ਨ, ਪ੍ਰੋ. ਜਗਮੋਹਨ ਸਿੰਘ ਅਤੇ ਡਾ. ਚਮਨਲਾਲ ਦਾ ਨਾਂ ਲੈ ਕੇ ਦੋਸ਼ ਲਗਾਇਆ ਸੀ ਕਿ ਕੁੱਝ ਲੋਕ ਭਗਤ ਸਿੰਘ ਨੂੰ ਜ਼ਬਰੀ ਕਮਿਊਨਿਸਟ ਬਣਾਉਣ 'ਤੇ ਤੁਲੇ ਹੋਏ ਹਨ ਅਤੇ ਭਗਤ ਸਿੰਘ ਦੇ ਨਾਂ ਤੇ ਫਰਜ਼ੀ ਦਸਤਾਵੇਜ਼ ਛਾਪ ਰਹੇ ਹਨ। ਹੁਣੇ 16-18 ਨਵੰਬਰ ਤੱਕ ਦਿੱਲੀ ਦੇ ਰੋਹਿਣੀ ਖੇਤਰ ਵਿੱਚ ਆਯੋਜਿਤ ਪੁਸਤਕ ਪ੍ਰਦਰਸ਼ਨੀ ਵਿੱਚ ਤਾਂ ਇਹਨਾਂ ਦੇ ਕੁੱਝ ਲੋਕਾਂ ਨੇ ਸਿੱਧੇ-ਸਿੱਧੇ "ਬਜਰੰਗ ਦਲ ਵਾਲਿਆਂ" ਨੂੰ ਭੇਜਣ ਦੀ ਧਮਕੀ ਦਿੱਤੀ। ਉਹਨਾਂ ਦਾ ਕਹਿਣਾ ਸੀ ਕਿ "ਤੁਸੀਂ ਲੋਕ ਤਾਂ ਸਾਡੀ ਜੜ੍ਹ ਹੀ ਵੱਢਣ ਲੱਗੇ ਹੋ..."

ਦੋਸਤੋ, ਪਿਛਲੇ ਕੁਝ ਸਾਲਾਂ ਦੇ ਅਨੁਭਵ ਨੇ ਵਾਰ-ਵਾਰ ਇਹ ਸਾਬਤ ਕੀਤਾ ਹੈ ਕਿ ਫਿਰਕੂ ਤਾਕਤਾਂ ਦੇ ਹਮਲਿਆਂ ਦੇ ਮਹਿਜ਼ ਪ੍ਰਤੀਕਾਤਮਕ ਵਿਰੋਧ ਨਾਲ਼ ਜਾਂ ਚੁੱਪ ਨਾਲ਼ ਉਹਨਾਂ ਦੇ ਹੌਸਲੇ ਹੋਰ ਵੱਧਦੇ ਹਨ। ਇਹਨਾਂ ਦਾ ਸਾਹਸ ਨਾਲ਼ ਇੱਕਜੁੱਟ ਵਿੱਰੋਧ ਕਰਨਾ ਜ਼ਰੂਰੀ ਹੈ। ਅਸੀਂ ਫਿਰਕੂ ਫਾਸਿਸਟਾਂ ਦੀਆਂ ਧਮਕੀਆਂ ਨੂੰ ਇੱਕ ਚੁਣੌਤੀ ਦੇ ਰੂਪ ਵਿੱਚ ਲੈਂਦੇ ਹਾਂ, ਉਹਨਾਂ ਦਾ ਸਾਹਮਣਾ ਕਰਨ ਲਈ ਦ੍ਰਿੜ ਹਾਂ। ਅਸੀਂ ਦੇਸ਼ ਦੇ ਸਾਰੇ ਪ੍ਰਗਤੀਸ਼ੀਲ, ਧਰਮਨਿਰਪੱਖ ਬੁੱਧੀਜੀਵੀਆਂ ਨੂੰ ਧਾਰਮਕ ਕੱਟੜਪੰਥੀਆਂ ਦੇ ਵਿੱਰੁਧ ਜੁਝਾਰੂ ਇੱਕਜੁਟਤਾ ਦੀ ਅਪੀਲ ਕਰਦੇ ਹਾਂ।

ਸਾਡੀ ਬੇਨਤੀ ਹੈ ਕਿ,

— ਤੁਸੀਂ ਸਾਡੀ ਮੁਹਿੰਮ ਦੇ ਸਮਰਥਨ ਅਤੇ ਫਿਰਕੂ ਫਾਸਿਸਟਾਂ ਦੀਆਂ ਕਾਰਗੁਜ਼ਾਰੀਆਂ ਦੇ ਵਿਰੋਧ ਵਿੱਚ ਬਿਆਨ ਜਾਰੀ ਕਰੋ ਅਤੇ ਹਸਤਾਖ਼ਰ ਮੁਹਿੰਮ ਚਲਾਓ।

— ਇਸ ਮੁੱਦੇ 'ਤੇ ਸਥਾਨਕ ਪੱਧਰ ਤੇ ਸਭਾਵਾਂ-ਗੋਸ਼ਟੀਆਂ ਕਰਕੇ ਫਿਰਕਾਪ੍ਰਸਤੀ-ਵਿਰੋਧੀ ਇੱਕਜੁਟਤਾ ਨੂੰ ਮਜ਼ਬੂਤ ਬਣਾਓ।

— ਤੁਸੀਂ ਆਪਣੇ ਬਿਆਨ ਅਤੇ ਸਾਡੀ ਮੁਹਿੰਮ ਦੇ ਸਮਰਥਨ ਵਿੱਚ ਸਾਨੂੰ ਪੱਤਰ ਭੇਜੋ।

— ਲਘੂ-ਮੈਗਜ਼ੀਨ ਸੰਪਾਦਕ ਇਸ ਅਪੀਲ ਨੂੰ ਆਪਣੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਤ ਕਰਨ।

ਜਾਰੀ ਕਰਤਾ-


ਕਾਤਿਆਨੀ (ਰਾਹੁਲ ਫਾਉਂਡੇਸ਼ਨ (0522-2786782)
ਸੱਤਿਅਮ (ਸੰਪਾਦਕ-ਦਾਇਤਵਬੋਧ 099104-62009)
ਅਰਵਿੰਦ ਸਿੰਘ (ਸੰਪਾਦਕ-ਦਾਇਤਵਬੋਧ 094154-62164)
ਅਭਿਨਵ (ਦਿਸ਼ਾ ਵਿਦਿਆਰਥੀ ਸੰਗਠਨ, ਸੰਪਾਦਕ-ਆਹਵਾਨ 09999379381)
ਆਸ਼ੀਸ਼, ਤਪਿਸ਼ (ਨੌਜਵਾਨ ਭਾਰਤ ਸਭਾ, 09211662298, 09891993332)
ਡਾ. ਦੂਧਨਾਥ (ਸੰਪਾਦਕ - ਬਿਗੁਲ)

ਸੰਪਰਕ —

— ਸੀ-74, ਗਰਾਊਂਡ ਫਲੋਰ, ਐੱਸ. ਐੱਫ. ਐਮ. ਫਲੈਟਸ, ਸੈਕਟਰ 19, ਰੋਹਿਣੀ, ਦਿੱਲੀ—110089,
ਫੋਨ — 011-27296550, E-mail : satyamvarma@gmail.com
— 247, ਬੈਕਡੋਰ ਇੰਟਰੀ, ਪਰਮਾਨੰਦ ਕਲੋਨੀ, ਦਿੱਲੀ - 110054, E-mail : disha.du@gmail.com

ਇਨਕਲਾਬੀ ਨਵਜਾਗਰਣ ਦੇ ਤਿੰਨ ਸਾਲ

(23 ਮਾਰਚ 2005 — 28 ਸਤੰਬਰ 2008)



ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ
ਦੀ ਸ਼ਹਾਦਤ ਦੀ 75ਵੀਂ ਵਰ੍ਹੇ ਗੰਢ
ਅਤੇ ਜਨਮ ਸ਼ਤਾਬਦੀ ਦੇ ਤਿੰਨ ਇਤਿਹਾਸਕ
ਸਾਲਾਂ ਦੇ ਦੌਰਾਨ
ਨਵੇਂ ਲੋਕ-ਮੁਕਤੀ ਸੰਘਰਸ਼ ਦੀ
ਤਿਆਰੀ ਦੇ ਸੰਕਲਪ ਅਤੇ ਸੰਦੇਸ਼ ਦੇ ਨਾਲ
ਇਨਕਲਾਬੀ ਵਿਦਿਆਰਥੀਆਂ-ਨੌਜਵਾਨਾਂ ਦੀ ਦੇਸ਼-ਵਿਆਪੀ

ਇਨਕਲਾਬੀ ਸੰਕਲਪ ਯਾਤਰਾ

ਅਸੀਂ ਸਾਰੇ ਸੱਚੇ ਨੌਜਵਾਨਾਂ ਨੂੰ ਸੱਦਾ ਦਿੰਦੇ ਹਾਂ !
ਅਸੀਂ ਸਾਰੇ ਜ਼ਿੰਦਾ ਲੋਕਾਂ ਨੂੰ ਸੱਦਾ ਦਿੰਦੇ ਹਾਂ !!
ਅਸੀਂ ਤੂਫ਼ਾਨ ਦੇ ਹਿਰਾਵਲਾਂ ਨੂੰ ਸੱਦਾ ਦਿੰਦੇ ਹਾਂ !!!

ਭਗਤ ਸਿੰਘ ਦੀ ਬਹਾਦਰੀ ਅਤੇ ਕੁਰਬਾਨੀ ਤੋਂ ਸਾਰਾ ਦੇਸ਼ ਜਾਣੂ ਹੈ ਪਰ ਇਸ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨ ਵੀ ਇਹ ਨਹੀਂ ਜਾਣਦੇ ਕਿ 23 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਜਾਂਬਾਜ਼ ਨੌਜਵਾਨ ਕਿੰਨਾ ਪ੍ਰਤਿਭਾਸ਼ਾਲੀ ਅਤੇ ਦੂਰਦਰਸ਼ੀ ਵਿਚਾਰਕ ਸੀ। ਇਹ ਸਾਡੀ ਜਨਤਾ ਦੀ ਬਦਕਿਸਮਤੀ ਹੈ ਅਤੇ ਹਾਕਮਾਂ ਦੀ ਸਾਜਿਸ਼ ਦਾ ਨਤੀਜਾ ਹੈ। ਹੁਣ ਇਹ ਸਾਡਾ ਕੰਮ ਹੈ ਕਿ ਅਸੀਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਜਨਤਾ ਤੱਕ ਲੈ ਜਾਈਏ, ਉਨ੍ਹਾਂ ਦੀ ਯਾਦ ਤੋਂ ਪ੍ਰੇਰਣਾ ਲਈਏ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਵਿੱਚ ਆਪਣੇ ਮੁਲਕ ਦੇ ਮੌਜੂਦਾ ਹਾਲਾਤਾਂ ਨੂੰ ਸਮਝ ਕੇ ਨਵੇਂ ਇਨਕਲਾਬ ਦੀ ਦਿਸ਼ਾ ਤੈਅ ਕਰੀਏ ਅਤੇ ਫਿਰ ਉਸ ਰਾਹ 'ਤੇ ਦ੍ਰਿੜ ਇਰਾਦੇ ਨਾਲ਼ ਅੱਗੇ ਵਧੀਏ।

ਭਗਤ ਸਿੰਘ ਦੇ ਵਿਚਾਰ ਸੂਰਜ ਦੇ ਡੁੱਬਣ ਸਮੇਂ ਜਲਦੀ ਹੋਈ ਮਸ਼ਾਲ ਦੇ ਵਾਂਗ ਸਾਨੂੰ ਦਿਸ਼ਾ ਵਿਖਾ ਰਹੇ ਹਨ। ਹੁਣ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਅਤੇ ਸਾਰੇ ਕਾਲਜਾਂ-ਯੂਨੀਵਰਸਿਟੀਆਂ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਸਿਰੇ ਤੋਂ ਆਪਣੀਆਂ ਇਨਕਲਾਬੀ ਜੱਥੇਬੰਦੀਆਂ ਬਣਾਉਣੀਆਂ ਪੈਣਗੀਆਂ। ਉਨ੍ਹਾਂ ਨੂੰ ਵੋਟ-ਬਟੋਰੂ ਮਦਾਰੀਆਂ ਦਾ ਪਿਛਲੱਗੂ ਬਨਣ ਤੋਂ ਬਚਣਾ ਪਵੇਗਾ। ਇਸਤੋਂ ਬਾਅਦ, ਜਿਵੇਂ ਕਿ ਜੇਲ੍ਹ ਦੀ ਕਾਲ-ਕੋਠਰੀ ਤੋਂ ਨੌਜਵਾਨਾਂ ਨੂੰ ਭੇਜੇ ਗਏ ਆਪਣੇ ਸੰਦੇਸ਼ ਵਿੱਚ ਭਗਤ ਸਿੰਘ ਨੇ ਕਿਹਾ ਸੀ ਕਿ ਵਿਦਿਆਰਥੀਆਂ-ਨੌਜਵਾਨਾਂ ਨੂੰ ਕਾਰਖਾਨਿਆਂ ਦੇ ਮਜ਼ਦੂਰਾਂ ਅਤੇ ਪਿੰਡਾਂ ਦੀਆਂ ਝੁੱਗੀਆਂ ਤੱਕ ਜਾਣਾ ਹੋਵੇਗਾ ਅਤੇ ਸਾਰੇ ਕਿਰਤੀਆਂ ਨੂੰ ਜੱਥੇਬੰਦ ਕਰਨਾ ਹੋਵੇਗਾ।

ਸਾਥੀਓ ! ਬੈਠੇ-ਬੈਠੇ ਸੋਚਦੇ ਰਹਿਣ ਨਾਲ਼ ਤਾਂ ਹਰ ਰਸਤਾ ਮੁਸ਼ਕਲ ਲਗਦਾ ਹੈ। ਰਾਹ ਦੀਆਂ ਮੁਸ਼ਕਲਾਂ ਨੂੰ ਯਾਤਰਾ ਸ਼ੁਰੂ ਕਰਨ ਦੇ ਬਾਅਦ ਹੀ ਦੂਰ ਕੀਤਾ ਜਾ ਸਕਦਾ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੁਪਨਾ ਇੱਕ ਜਲਦਾ ਹੋਇਆ ਸਵਾਲ ਬਣਕੇ ਸਾਡੀਆਂ ਅੱਖਾਂ ਵਿੱਚ ਝਾਕ ਰਿਹਾ ਹੈ। ਉਨ੍ਹਾਂ ਦਾ ਵਿਰਸਾ ਸਾਨੂੰ ਲਲਕਾਰ ਰਿਹਾ ਹੈ ਅਤੇ ਭਵਿੱਖ ਸਾਨੂੰ ਆਵਾਜ਼ ਦੇ ਰਿਹਾ ਹੈ। ਇੱਕ ਜਿਉਂਦੀ ਕੌਮ ਦੇ ਨੌਜਵਾਨ ਇਸਨੂੰ ਅਣਸੁਣਿਆ ਨਹੀਂ ਕਰ ਸਕਦੇ। ਅਸੀਂ ਇੱਕ ਨਵੇਂ ਇਨਕਲਾਬ ਦੀ ਤਿਆਰੀ ਲਈ, ਇਕ ਨਵੇਂ ਇਨਕਲਾਬੀ ਨਵਜਾਗਰਣ ਦਾ ਸੁਨੇਹਾ ਪੂਰੇ ਦੇਸ਼ ਵਿੱਚ ਫੈਲਾਉਣ ਲਈ ਤੁਹਾਨੂੰ ਸੱਦਾ ਦਿੰਦੇ ਹਾਂ।

ਨੌਜਵਾਨ ਭਾਰਤ ਸਭਾ

e-mail : naubhas@rediffmail.com 98886-55663